
ਭਾਰਤੀ ਸਾਹਿਤ ਅਕਾਦਮੀ ਯੁਵਾ ਪੁਰਸਕਾਰ 2018 ਜੇਤੂ ਨਾਵਲ

# ਔਕਾਤ

## ਗੁਰਪ੍ਰੀਤ ਸਹਿਜੀ




‘ਰੱਬਾ
ਤੇਰੀ ਐਨੀ **ਔਕਾਤ** ਕਿੱਥੇ...
ਮੇਰੀ **ਇੱਛਾ**
ਪੂਰੀ ਕਰ ਸਕੇਂ..!’

www.PunjabiLibrary.com

ਭਾਰਤੀ ਸਾਹਿਤ ਅਕਾਦਮੀ ਯੁਵਾ ਪੁਰਸਕਾਰ 2018 ਜੇਤੂ ਨਾਵਲ

# ਬਲੌਰ

## ਗੁਰਪ੍ਰੀਤ ਸਹਿਜੀ



'ਰੱਬਾ
ਤੇਰੀ ਐਨੀ **ਔਕਾਤ** ਕਿੱਥੇ...
ਮੇਰੀ **ਇੱਛਾ**
ਪੂਰੀ ਕਰ ਸਕੇਂ..!'

www.PunjabiLibrary.com

ਭਾਰਤੀ ਸਾਹਿਤ ਅਕੈਡਮੀ ਯੁਵਾ ਪੁਰਸਕਾਰ
2018 ਨਾਲ਼ ਸਨਮਾਨਿਤ ਨਾਵਲ

# ਬਲੌਰਾ

## ਜਿਉਣ ਦੀ ਇਕ ਅਦਾ

www.PunjabiLibrary.com

## ਸਹਿਜੀ ਦੀਆਂ ਹੋਰ ਪੁਸਤਕਾਂ :

### ਨਾਵਲ਼

1. ਹਵਾ ਸਿੰਘ ਚੇਪੀਵਾਲ਼ਾ
2. ਮਖ਼ਿਆਲ਼
3. ਹਰਾਮਜਾਦੇ
4. ਜਿਗੋਲੋ-ਰੱਬ ਦਾ ਸਕਾਲਰ-(2014, 2015, 2018)
5. ਬਲ਼ੌਂਗਾ ਜਿਉਣ ਦੀ ਇੱਕ ਅਦਾ (2017)
6. ਪੰਤਦਰ (2018)

### ਸਵੈਜੀਵਨੀ

6. ਕੁੱਤੇ-ਝਾਕ-ਮਰਦ 'ਚ ਕੈਦ ਇੱਕ ਔਰਤ (2010)
7. ਹਰਾਮਖੋਰ

www.PunjabiLibrary.com

# ਸਮਰਪਣ

ਜੋ ਲੋਕ ਜਿਉਣ ਲਈ
ਰੱਬ ਦੀ ਹਿੱਕ 'ਤੇ
ਵਾਰ ਕਰਨ ਦੀ ਜੁਅਰਤ
ਰੱਖਦੇ ਨੇ ....!

www.PunjabiLibrary.com

ਮੈਂ ਰਿਣੀ ਹਾਂ ਉਸ ਗਾਲ਼ ਦਾ ਜਿਹੜੀ ਮੇਰਾ ਬਾਪੂ ਗੁਰਨਾਮ ਸਿੰਘ ਸੰਧੂ
ਚਾਹ ਕੇ ਵੀ ਮੈਨੂੰ ਸਾਰੀ ਉਮਰ ਜਾਣੀ ਹੁਣ ਤਾਈਂ ਕੱਢ ਨਹੀਂ ਸਕਿਆ...!

ਅਤੇ

ਸ੍ਰੀ ਲੰਕਾਈ ਬੱਲੇਬਾਜ਼ ਸਨਥ ਜੈ ਸੂਰੀਆ ਤੇ
ਅਮਨਜੋਤ ਮਾਨ ਦਾ, ਜੀਹਨੇ ਮੇਰੇ ਮਨ ਵਿੱਚ ਕੁਛ ਦਿਖ਼ਣ ਦੀ ਬਜਾਏ, ਕੁਛ ਹੋਣ
ਦੀ ਤਾਂਘ ਪੈਦਾ ਕੀਤੀ.....!

ਗੁਰਪ੍ਰੀਤ ਸਹਿਜੀ

# ਕਵੱਸਤੀ

ਬਲੌਰਾ ਤਾਂ ਕੁੱਕੜ ਦੀ ਬਾਂਗ ਨਾਲ਼ ਸਦੇਹਾਂ ਈ ਉੱਠ ਖੜੋਂਦਾ ਸੀ, ਪਰ ਬਚਨੇ ਨੇ ਕੱਲ੍ਹ ਸ਼ਾਮ ਕੁੱਕੜ ਰਿੰਨ੍ਹ ਕੇ, ਘਰ ਆਏ ਜਵਾਈ ਨੂੰ ਖੁਵਾ ਦਿੱਤਾ। ਤੇ ਉਹ ਅੱਜ ਓਨਾ ਚਿਰ ਨਹੀਂ ਜਾਗਿਆ, ਜਿੰਨਾਂ ਚੀਕ ਜੰਗਾਲ ਖਾਧੇ ਜੰਗਲੇ ਥਾਣੀ ਦੀ, ਤਿੱਖੀ ਧੁੱਪ ਉਹਦੇ ਮੂੰਹ ਤੇ ਨਹੀਂ ਸੀ ਚੁਬਣ ਲੱਗੀ। ਪੱਟੇ ਹੋਏ ਖੰਭਾਂ ਦੇ ਨਿੱਕੇ-ਨਿੱਕੇ ਫੰਬੇ ਜਿਹੇ ਹਵਾ ਨਾਲ਼ ਘਰ ਦੇ ਵਿਹੜੇ ਵਿੱਚ, ਰੇਤੇ ਨਾਲ਼ ਖਹਿੰਦੇ ਫਿਰ ਰਹੇ ਸੀ।

ਉਹਨੇ ਉਵੇਂ ਈ ਪਏ ਹੋਇਆਂ ਛੱਤ ਦੇ ਬਾਲਿਆਂ ਵੱਲ ਵੇਖਿਆ, ਜਿੰਨ੍ਹਾਂ ਵਿੱਚ ਤਰੇੜ ਆਈ ਪਈ ਸੀ, ਤੇ ਇੱਕ ਲੋੜ ਤੋਂ ਜ਼ਿਆਦਾ ਲਿਫੇ ਬਾਲੇ ਦੀ ਖੋੜ ਵਿੱਚ ਘਰਕੀਣ ਦਾ ਵਾਸਾ ਵੇਖਿਆ। ਫੇਰ ਕਿਸੇ ਚੂਹੇ ਦੇ ਖੁਰਚਣ ਦੀ ਅਵਾਜ਼ ਵੀ ਕੰਨਾਂ ਵਿੱਚ ਪਈ ਤਾਂ, ਉਹ ਝੋਲ ਪੈਂਦੇ, ਵਾਣ ਦੇ ਚੌਖੜੇ ਮੰਜੇ ਤੋਂ ਹੁਜ਼ਕਾ ਮਾਰ ਕੇ ਉਠਿਆ ਤਾਂ ਚਾਰੇ ਚੂਲਾਂ ਵੀ ਜਰਕ ਪਈਆਂ। ਤੇ ਨੀਂਹ ਵਿੱਚ ਪੱਟੀ ਚੂਹੇ ਦੀ ਖੁੱਢ ਅੱਗੇ ਜ਼ੋਰ ਨਾਲ਼ ਪੈਰ ਦੀ ਅੱਡੀ ਮਾਰੀ। ਧਮਕਾਰ ਨਾਲ਼ ਚੂਹਾ ਡਰ ਗਿਆ। ਪਾਣੀ ਪੀਣ ਲਈ ਕੋਈ ਭਾਡਾਂ ਹੱਥ ਹੇਠ ਨਹੀਂ ਲੱਭਿਆ ਤਾਂ ਉਹ ਤਖਤੇ ਕੋਲ਼ ਪਈ ਲੋਟ ਨੂੰ ਗ਼ਾਟੇ ਤੋਂ ਫੜ੍ਹ ਕੇ, ਬਾਹਰ ਕੰਧੋਲੀ ਦੀ ਬੁਰਜ਼ੀ ਤੇ ਲਿਆ ਧਰੀ। ਟੇਢੀ ਕਰਕੇ ਵਗਾਈ ਪਾਣੀ ਦੀ ਕੰਬਦੀ ਧਾਰ ਨਾਲ਼ ਸੱਜੇ ਹੱਥ ਦੀ ਚੂਲ਼ੀ, ਅਗੂੰਠੇ ਨਾਲ਼ ਮਲ ਕੇ ਧੋਤੀ, ਤੇ ਫੇਰ ਖੱਬੀ ਅੱਖ ਮੀਚ ਕੇ, ਓਕ ਨਾਲ਼ ਪਾਣੀ ਪੀਣ ਲੱਗ ਪਿਆ।

ਉਂਗਲਾਂ ਦੀਆਂ ਵਿਰਲਾਂ ਵਿੱਚੋਂ ਦੀ ਪਾਣੀ ਦੀ ਪਤਲੀ ਧਾਰ ਸਿੰਮ ਕੇ, ਵਲਾਂਵੇਂ ਖਾਂਦੀ ਵੀਹਣੀ ਤੋਂ ਵਹਿ ਤੁਰੀ। ਉਹਨੇ ਪੈਰ ਭਿੱਜਣ ਤੋਂ ਲੱਤਾਂ ਚੌੜੀਆਂ ਕਰ ਲਈਆਂ। ਧਾਰ ਨਾਲ਼ ਐਸੀ ਕੰਬਣੀ ਛਿੜੀ ਕੇ ਲੋਟ ਖੱਬੇ ਹੱਥ ਵਿੱਚੋਂ ਖੁੜਕ ਕੇ, ਗੇੜਾ ਖਾ ਕੇ ਥੱਲੇ ਡਿੱਗਦੇ ਸਾਰ ਈ ਠੀਕਰੇ-ਠੀਕਰੇ ਹੋ ਗਈ। ਇਨ੍ਹਾਂ ਠੀਕਰਿਆਂ ਵੱਲ ਕੋਡੀ-ਢੂਹੀ ਗਹੁ ਨਾਲ਼ ਝਾਕਣ ਲੱਗਿਆ ਤਾਂ ਧੁੱਪ ਨਾਲ਼ ਚਿੱਕੜ ਵਿੱਚੋਂ ਪੈਂਦੀ ਲਿਸ਼ਕੋਰ ਨਾਲ਼ ਅੱਖਾਂ ਮਿਚ ਗਈਆਂ। ਪੈਰ ਦਾ ਠੇਡਾ ਮਾਰ ਕੇ ਠੀਕਰੇ ਭੰਨ੍ਹ ਕੇ ਲਿਸ਼ਕੋਰ ਮੁਕਾ ਦਿੱਤੀ ਤੇ ਜੂੜ੍ਹੇ ਦੀ ਮੀਡੀ ਵਿੱਚ ਗੁੰਦੇ ਕਾਲ਼ੇ ਰਿਬਨ ਨੂੰ, ਜੋ ਫੂੰਜੇ ਵਾਂਗ ਲਮਕ ਰਿਹਾ ਸੀ, ਵਲ੍ਹੇਟ ਕੇ ਜੂੜ੍ਹਾ ਬੰਨ੍ਹ ਲਿਆ।

'ਮਖਿਆ ਸਿੱਧੀ ਮੱਤ ਨਾਲ਼ ਮੂਹਰੇ ਲਾਅ-ਕੇ ਤੁਰਪੇਂ ਹੁਣ, ਏਥੇ ਕਾਈ ਥੋਥੀਆਂ ਕੱਢਣ ਨ੍ਹੀ ਔਂਦਾਂ, ਆਹ ਬੂਥੀ ਜੇਹੀ ਚਿੱਬੀ ਕਰਕੇ ਗਰਜ਼ ਆਗੀ ਮੇਰੇ ਪੈਰੀਂ ਠੇਡੇ ਵਾਨੂੰ ਆ ਠੁੱਕਦੈਂ-ਹੂੰ' ਬਲੌਰੇ ਨੇ ਜੂੜੇ ਤੇ ਹੱਥ ਦੀ ਠਿੱਬੀ ਮਾਰ ਕੇ, ਪਿਛਾਂਹ ਭਉਂ ਕੇ ਅੰਗਰੇਜ਼ ਵੱਲ ਵੇਖਿਆ, ਜੋ ਠੋਢੀ ਕੋਲ਼ੋਂ ਆਈ ਬੱਗੀ ਦਾੜ੍ਹੀ ਨੂੰ ਚੂੰਢੀ ਨਾਲ਼ ਪਲੋਸਦਾ ਹੋਇਆ ਪਤਾ ਨਹੀਂ ਕਿਸ ਵੇਲ਼ੇ ਈ ਉਹਦੇ ਪਿੱਛੇ ਆ ਖੜੋਤਾ ਸੀ।

ਉਹਨੇ ਚੜ੍ਹਦੇ ਵਾਲ਼ੇ ਪਾਸੇ ਰੱਤੀ ਗਹਿਰ ਚੜ੍ਹੀ ਵੇਖੀ, ਜੋ ਅੰਬਰ ਨੂੰ ਦੋ ਹਿੱਸਿਆਂ ਵਿੱਚ ਵੰਡਦੀ ਪਈ ਤੇ ਫੇਰ ਸਵਾਤ ਅੰਦਰ ਜਾ ਕੇ, ਮੰਜੇ ਕੋਲ਼ ਮੂਧੇ ਪਏ ਕੂੰਜੇ ਤੇ ਪਿਆ, ਡੱਬੀਦਾਰ ਸਾਫ਼ਾ ਚੱਕ ਕੇ, ਇਨੂੰ ਬਣਾ ਕੇ ਬਾਂਹ ਦੀ ਖੱਬੀ ਕੱਛ ਵਿੱਚ ਤੂੰਨ ਲਿਆ। ਤਖ਼ਤੇ ਓਹਲੇ ਪਈ ਬੋਰੀ ਵਿੱਚੋਂ, ਘੁੰਢੀਆਂ ਵਾਲ਼ੀ ਕਣਕ ਦੀ ਲੱਪ ਭਰ

ਕੇ, ਤਾਜ਼ੇ ਸੁੰਭਰੇ ਵਿਹੜੇ ਵਿਚ ਖਿਲ੍ਹਾਰ ਦਿੱਤੀ।

'ਆਹ..ਆ' ਕਰੀਰ ਤੇ ਬੈਠੇ ਕਿੰਨੇ ਹੀ ਜਨੌਰ ਉੱਡ ਕੇ ਚੋਗਾ ਚੁਗਣ ਲੱਗ ਪਏ। ਕੌਲੇ ਕੋਲ਼ ਘੋਗਰਾ ਪੱਟ ਕੇ ਬੈਠਾ ਕੁੱਤਾ ਭੱਜ ਕੇ ਏਨ੍ਹਾਂ ਜਨੌਰਾਂ ਵੱਲ ਆਇਆ, ਬਈ ਪਤਾ ਨਹੀਂ ਬਲੌਰੇ ਨੇ ਕੀ ਖਾਣ-ਚੀਜ਼ ਪਾਈ ਹੈ। ਜਨੌਰ ਡਰ ਕੇ ਫੇਰ ਕਰੀਰ ਤੇ, ਕੁਛ ਕੰਧ ਤੇ ਜਾ ਬੈਠੇ। ਕੁੱਤੇ ਨੇ ਧਰਤੀ ਸੁੰਘੀ ਤੇ ਫੇਰ ਦਾਣਿਆਂ ਵੱਲ ਵੇਖ ਕੇ ਭੌਂਕਿਆ, ਜਦ ਜੀਭ ਨਾਲ਼ ਨਾ ਖਾਧੇ ਗਏ, ਤੇ ਮੁੜ ਪੂਛ ਹਿਲਾਉਂਦਾ ਹੋਇਆ, ਆਪਣੇ ਘੁਰਨੇ ਵਿੱਚ ਜਾ ਕੇ ਬਹਿ ਗਿਆ। ਬਲੌਰੇ ਨੇ ਹੱਸ ਕੇ ਆਖਿਆ, 'ਓਏ ਡੱਬੂ ਪੁੱਤ, ਕੁੱਤਾ ਬਣ ਕੇ ਈ ਰਹਿ, ਐਂਵੇ ਬੰਦੇ ਆਲ਼ੇ ਲੱਛਣ ਨਾ ਫੜ, ਔਕਾਤ ਚ ਰਹਿ' ਫੇਰ ਆਪ ਈ ਕੱਛ ਵਿਚਲਾ ਸਾਫਾ ਠੀਕ ਕਰਦਾ ਹੋਇਆ, 'ਪਰ ਔਕਾਤ ਵੀ ਓਨ੍ਹਾਂ ਬੰਦਿਆਂ ਦੀ ਹੁੰਦੀ ਐ, ਜਿਨ੍ਹਾਂ ਚ ਸਬਰ ਦਾ ਕੋਈ ਥਹੁ ਹੋਵੇ, ਨ੍ਹੀ ਤਾਂ ਮਿੱਟੀ ਦਾ ਮਣ ਭਾਰ ਈ ਹੁੰਦੇ ਐ, ਬਾਕੀ ਤਾਂ'

'ਢੀਠ ਤਾਂ ਸੈਂਗਾ ਈ, ਪਰ ਹੁਣ ਤਾਂ ਢੀਠ ਪੁਣੇ ਦੀਆਂ ਵੀ ਹੱਦਾਂ-ਬੰਨ੍ਹੀਆਂ ਲੰਘ ਗਿਐਂ, ਤੇਰਾ ਹਯਾ ਲਾਹ ਕੇ ਵੀ ਨਾ ਆਵਦਾ ਮੂੰਹ ਛੇਹਣ ਈ ਐਂ' ਅੰਗਰੇਜ਼ ਨੇ ਕੌਂਸ ਮੰਨ ਕੇ, ਕਾਹਲ਼ ਨਾਲ਼ ਤੁਰਨ ਲਈ ਖੱਬਾ ਹੱਥ ਮੁਰਚੇ ਤੋਂ ਦੋ ਵਾਰ ਘੁੰਮਾਇਆ, ਤੇ ਇਕ ਲਾਈਨ ਵਿੱਚ ਛੱਤੇ ਉਹਦੇ ਤਿੰਨ ਕੋਠਿਆਂ ਵੱਲ ਵੇਖਦਾ ਹੋਇਆ, ਉਹਦੀ ਭੈਣ ਦੀਸਾਂ ਦੇ ਲੱਕ ਤੋਂ ਉੱਚੀ ਹੋਈ ਕੁੜਤੀ ਵਿੱਚੋਂ ਝਾਕਦਾ ਹੋਇਆ ਬੋਲ ਪਿਆ, 'ਤੈਨੂੰ ਵੀ ਨਾ ਹੁਣ ਕੰਮ ਤੋਂ ਸੂਗ ਆਉਣ ਲਾਗੀ ਐ, ਜਿੰਨ੍ਹਾਂ ਚਿਰ ਬੰਦੇ ਦੀ ਢੂਹੀ ਕੁੱਬੀ ਐ, ਓਨਾ ਚਿਰ ਕੰਮ ਮੂਹਰੇ, ਢੂਹੀ ਸਿੱਧੀ ਹੋ-ਗੀ ਕੰਮ ਨੇ ਜਾਣੋ ਬੰਦਾ ਢਾਹ ਲਿਆ, ਨੀਵੀਂ ਨਾ ਅਤਾਂ ਚੱਕੀਗੇ..'

ਅੰਗਰੇਜ਼ ਨੇ ਚਿੱਥ ਕੇ 'ਨੀਵੀਂ ਨਾ ਅਤਾਂ ਚੱਕੀ-ਗੇ' ਆਖ ਕੀ ਦਿੱਤਾ, ਬਲੌਰੇ ਦੇ ਲਹੂ ਦੀ ਛਾਤੀ ਵਿੱਚ ਸੱਲ ਹੋ ਗਿਆ। ਦਾਣਿਆਂ ਵਿੱਚੋਂ ਘੁੰਢੀਆਂ ਕੱਢ ਕੇ ਚੋਗਾ ਪਾਉਂਦੇ ਹੋਇਆਂ ਤੋਂ ਥੋੜ੍ਹੀ ਜਿਹੀ ਲਿਫੀ ਧੌਣ ਤਣੀ ਗਈ। ਜਨੌਰ ਦੋ ਕੁ ਗਿੱਠਾਂ ਉੱਚੇ ਉੱਡ ਕੇ ਫੇਰ ਥਾਂ-ਸਿਰ ਬਹਿ ਗਏ। ਕਚਿਆਈ ਵਿੱਚ ਪਿੰਡੇ ਦੀ ਲੂੰਈ ਨੂੰ ਮੁੜਕਾ ਆ ਗਿਆ। ਚਾਰ ਤਲੈਂਬੜ੍ਹ ਗੱਢ ਕੇ ਕਾਨਿਆਂ ਦੇ ਛੱਤੇ ਛੱਪਰ ਹੇਠ ਮੰਜੇ ਤੇ ਲੱਤਾਂ ਕੱਠੀਆਂ ਕਰਕੇ, ਵੱਖੀ ਪਰਨੇ ਪਏ, ਆਪਣੇ ਬਾਪ ਅਜੈਵ ਵੱਲ ਗੁੱਸੇ ਦੀ ਏਨੀ ਜ਼ੋਰ ਨਾਲ਼ ਘੂਰੀ ਵੱਟ ਕੇ ਵੇਖਿਆ, ਕਿ ਪਾਵੇ ਨਾਲ਼ ਬੰਨ੍ਹੀ ਬੱਕਰੀ ਵੀ ਡਰ ਨਾਲ਼ ਮਿਆਂਕ ਗਈ। ਮੰਜੇ ਹੇਠਾਂ ਵੜ ਕੇ ਛਾਪਲ ਗਈ।

ਬਲੌਰੇ ਨੇ ਦੰਦ ਪੀਹ ਦਿੱਤੇ ਤਾਂ ਜਾੜ੍ਹਾਂ ਦੇ ਨਿਕਲ਼ੇ ਕੜਾਕਿਆਂ ਦੀ 'ਚਰੜ' ਦੀ ਅਵਾਜ਼ ਕੋਲ਼ ਦੀ ਲੰਘਦੀ ਉਹਦੀ ਮਾਂ ਨਸੀਬੋ ਨੂੰ ਪੂਰੀ ਸੁਣਾਈ ਦਿੱਤੀ, 'ਰੱਜੇ ਬੰਦੇ ਨੂੰ ਮਰਨ ਦੇ ਸੌ ਪੱਜ ਥਿਆ ਜਾਂਦੇ ਆ, ਪਰ ਭੁੱਖੇ ਨੂੰ ਕੁਲਜ-ਕੁਲਜ ਕੇ ਈ ਜਿਉਣ ਤੋਂ ਖਹਿੜਾ ਛੁਡੌਣਾ ਪੈਂਦਾ' ਹੌਲ਼ੀ ਕੁ ਦਿਨੇ ਆਪਣੇ ਕੋਲ਼ ਈ ਬੋਲੀ। ਏਨੀ ਹੌਲ਼ੀ ਬੋਲਦੀ ਹੁੰਦੀ ਸੀ, ਕਈ ਵਾਰ ਤਾਂ ਆਪ ਨੂੰ ਵੀ ਆਪਣੇ ਬੋਲ ਨਹੀਂ ਸੀ ਸੁਣਦੇ। ਨਾਲ਼ ਦੇ ਬੰਦੇ-ਬੁੜ੍ਹੀ ਨੂੰ ਪੁੱਛਦੀ, 'ਭਲਾਂ ਮੈਂ ਕੀ ਕਿਐ'।

'ਓ ਧੀਏ, ਦੀਸਾਂ, ਅਈਥੋਂ ਕਾਈ ਮਘਦੀ ਜੇਈ ਚੰਗਿਆੜੀ ਫੜ੍ਹਾ ਕੇ ਜਾਈਂ,

ਕਰੀਏ ਰੂਹ ਨੂੰ ਧੂਫ' ਗਲ ਖੰਗੂਰ ਕੇ ਅਜੈਵ ਨੇ ਪਰ੍ਹੇ ਥੁੱਕ ਦਿੱਤਾ ਤੇ ਸੋਟੀ ਦੀ ਟੋਅ ਨਾਲ਼ ਉੱਤੇ ਮਿੱਟੀ ਪਾ ਦਿੱਤੀ ਤੇ ਫੇਰ ਕੋਲ਼ ਫਿਰਦੀ ਨਸੀਬੋ ਨੂੰ ਕਿਹਾ, 'ਇਹ ਤਾਂ ਧੰਨ ਐ ਮੇਰਾ ਜੇਰਾ, ਜੇੜ੍ਹਾ ਹਲੇ ਵੀ ਕੈ ਵਰ੍ਹੇ ਹੋ-ਗੇ ਬੀੜ੍ਹੀਆਂ ਧੋਖ਼ ਕੇ ਵੇਲ਼ਾ ਧੱਕੀ ਜ਼ਾਨਾਂ, ਫੀਮ ਦਾ ਜੁਗੜਾ ਤੁਰ ਪਿਐ ਹੁਣ, ਬੀੜ੍ਹੀ ਪੀਣੀ ਤਾਂ ਪੈਰਾਂ ਤੇ ਡੋਲ ਕੇ ਚੱਟਣ ਐ....' ਉਹਨੇ ਆਪਣੇ ਕਰੇੜੇ ਨਾਲ਼ ਖੋਖਲੇ ਹੋ ਚੁੱਕੇ ਦੰਦ ਦੀ ਹੋੜ ਵਿੱਚ ਨਹੁੰ ਫੇਰਿਆ।

ਬਲੌਰਾ ਗਿੱਚੀ ਨੂੰ ਸੱਜੇ ਹੱਥ ਨਾਲ਼ ਜ਼ੋਰ ਦੀ ਮਲਣ ਲੱਗ ਪਿਆ ਤਾਂ ਉਂਗਲਾਂ ਦੀਆਂ ਲਕੀਰਾਂ ਵਿੱਚ ਮੈਲ਼ ਅੜ ਗਈ। ਜੀਅ ਕੀਤਾ ਧੌਣ ਦਾ ਮਣਕਾ ਭੰਨ੍ਹ ਸੁੱਟੇ। ਇੰਨੇ ਦੀਸਾਂ ਚੌਂਤਰੇ ਤੋਂ ਚੁੰਨੀ ਦੀ ਬੁੱਕਲ ਮਾਰ ਕੇ ਉੱਠੀ ਤੇ ਚੁਰ ਵਿੱਚ ਧੁੱਖਦੇ ਇੱਕ ਮੁੱਚਰ ਨੂੰ ਚੱਕ ਕੇ ਫੂਕ ਮਾਰ ਕੇ, ਅੰਗਿਆਰ ਭਖਾ ਕੇ ਵੇਖਿਆ, ਤੇ ਚੋਗਾ ਚੁੱਗੀ ਜਾਂਦੇ ਜਨੌਰਾਂ ਓਤਦੀ ਨੰਗੇ ਪੈਰੀਂ ਲੰਘੀ, ਕਿਤੇ ਚੱਪਲਾਂ ਦੀ 'ਖੜੈਂ-ਖੜੈਂ" ਸੁਣ ਕੇ ਉਹ ਉੱਡ ਨਾ ਜਾਣ, ਤੇ ਅਜੈਵ ਕੋਲ਼ ਆ ਗਈ।

ਪੈਰਾਂ ਦੀ ਧਮਕਾਰ ਸੁਣ ਦੇ ਜਨੌਰ ਉੱਡ ਕੇ ਸਵਾਤ ਦੇ ਬਨੇਰਿਆਂ ਤੇ ਬਹਿ ਗਏ, ਤੇ ਫੇਰ ਬਿੰਦ ਵਿੱਚ ਈ ਹੇਠਾਂ ਚੋਗ ਚੁਗਣ ਲੱਗੇ। ਅਜੈਵ ਨੇ ਕੰਨ ਵਿੱਚ ਅੜੁੰਗੀ ਅੱਧ-ਪੀਤੀ ਬੀੜੀ ਕੱਢ ਕੇ ਦੰਦਾਂ ਵਿੱਚ ਸੰਭਾਲ ਲਈ ਤੇ ਮੁੱਚਰ ਤੇ ਫੂਕ ਮਾਰ ਸਵਾਹ ਝਾੜੀ। ਦੋਏ ਅੱਖਾਂ ਸਿਕੋੜ ਕੇ ਉੱਤੇ ਬੀੜ੍ਹੀ ਘਸਾ ਕੇ ਸੂਟਾ ਮਾਰਿਆ। ਕੌੜੇ ਧੂੰਏਂ ਅਤੇ ਬੀੜ੍ਹੀ ਲਾਉਣ ਵੇਲ਼ੇ ਪੈਂਦੇ ਅੱਗ ਦੇ ਸੇਕ ਨਾਲ਼ ਅੱਖਾਂ ਦੀਆਂ ਸੇਲ੍ਹੀਆਂ ਤੇ ਮੁੱਛਾਂ ਵੀ ਭੂਰ ਹੋ ਗਈਆਂ ਸੀ। ਫੇਰ ਮੇਮਣੇ ਦੇ ਕੀਤੇ ਜਾ ਰਹੇ ਪਿਸ਼ਾਬ ਵਿੱਚ ਮੁੱਚਰ ਕਰਕੇ ਬੁਝਾ ਲਿਆ।

ਬਲੌਰੇ ਨੇ ਛਾਤੀ ਦੇ ਮਾਸ ਦੀ ਵੱਡੀ ਚੂੰਡੀ ਭਰ ਕੇ ਮਸਲ਼ੀ। ਮਾਸ ਰੱਤਾ- ਥੇਹ ਹੋ ਗਿਆ। ਖੱਬਲ਼ ਦੀਆਂ ਤਿੜਾਂ ਜਿਹੇ ਦੋ ਵਾਲ਼ ਪੱਟ ਕੇ ਹੱਥ ਵਿੱਚ ਆ ਗਏ। ਦੋਵੇਂ ਪਿਉ-ਪੁੱਤਾਂ ਦੀਆਂ ਅੱਖਾਂ ਆਪਸ ਵਿੱਚ ਲੜਾਕੂ ਕੁੱਕੜਾਂ ਦੀ ਤਰ੍ਹਾਂ ਭਿੜੀਆਂ ਤਾਂ ਅਜੈਵ ਨੇ ਕਾਅਲ਼ੀ ਨਾਲ਼ ਲੰਮੇ ਸੂਟੇ ਖਿੱਚੇ ਤੇ ਪਾਵੇ ਨਾਲ਼ ਬੀੜੀ ਘਸਾ ਕੇ ਬੁਝਾ ਦਿੱਤੀ। ਡਰਦੇ ਨੇ ਹਿੱਕ ਵਿੱਚੋਂ ਧੂੰਆਂ ਵੀ ਬਾਹਰ ਨਹੀਂ ਕੱਢਿਆ। ਖੰਘ ਛਿੜ ਪਈ ਤਾਂ ਪਰੇ ਮੂੰਹ ਭੰਵਾ ਲਿਆ।

'ਥੂ' ਬਲੌਰੇ ਨੇ ਥੁੱਕ ਦਿੱਤਾ ਤਾਂ ਅਜੈਵ ਨੂੰ ਥੋੜ੍ਹਾ ਜੇਰਾ ਹੋ ਗਿਆ। ਹੁਣ ਨਹੀਂ ਉਸ ਕੁਸ਼ ਕਰਦਾ। ਉਹਨੂੰ ਆਪਣੇ ਲਹੂ ਤੇ ਘੁਮੰਡ ਸੀ। ਥੁੱਕਣ ਦੀ ਆਦਤ ਜਵਾਂ ਈ ਉਹਦੇ ਆਪ ਤੇ ਗਈ ਸੀ। ਜਵਾਨੀ ਦੇ ਸ਼ਿਖ਼ਰ ਵਿੱਚ ਜਦੋਂ ਉਹ ਕਿਸੇ ਦੇ ਵਿਆਹ-ਮੰਗਣੇ ਦੇ ਮੌਕੇ ਤੇ ਦਾਰੂ ਨਾਲ਼ ਡੱਕ ਕੇ ਆਉਂਦਾ ਹੁੰਦਾ ਸੀ, ਤਾਂ ਕਦੇ ਡੋਲਾ ਖਾ ਕੇ ਕੰਧ ਦੇ ਖੱਬੇ ਬੰਨੇ ਨਾਲ਼ ਜਾ ਖਹਿੰਦਾ, ਕਦੇ ਸੱਜੇ ਬੰਨ੍ਹੇ ਨਾਲ਼। ਇੰਜ ਕੰਧਾਂ ਨਾਲ਼ ਖਹਿਣ ਕਰ ਕੇ ਉਹਦੇ ਮੋਢਿਆਂ ਤੇ ਇੱਟਾਂ ਦੀ ਕੇਰੀ ਲੱਗ ਜਾਂਦੀ। ਸਮੇ ਤੋਂ ਪਹਿਲਾਂ ਈ ਕੁੜਤੇ ਮੋਢਿਆਂ ਤੋਂ ਘਸ-ਘਸ ਕੇ ਪਾਟ ਜਾਂਦੇ। ਪਰ ਗਲ਼ੀ ਚੋਂ ਉਹਦੀ ਕਾਂ-ਰੌਲੀ ਸੁਣ ਕੇ ਨਸੀਬੋ ਦੇ ਅਸਾਉਣ ਹੀ ਮਾਰੇ ਜਾਂਦੇ। ਡਰ ਨਾਲ਼ ਪੁਰਾਣੀ ਸੱਟ ਦੀਆਂ ਸੱਟਾਂ ਵੀ ਚੱਸਕਣ ਲੱਗ ਪੈਂਦੀਆਂ।

ਘਰ ਆ ਕੇ ਮੋਢਿਆਂ 'ਤੇ ਫੂਕ ਮਾਰ ਕੇ ਲੱਗੀ ਕੇਰੀ ਝਾੜਦਾ ਤੇ ਨਸੀਬੋ ਨੂੰ ਪੱਜ ਨਾਲ਼ ਈ ਕੁੱਟਣ ਲੱਗ ਪੈਂਦਾ। ਓਨਾ ਚਿਰ ਕੁੱਟੀ ਜਾਂਦਾ, ਜਿੰਨਾ ਚਿਰ ਥੁੱਕ ਨਹੀਂ ਸੀ ਦਿੰਦਾ। ਥੁੱਕਣ ਤੋਂ ਬਾਦ ਭਾਂਵੇ ਨਸੀਬੋ ਦਿਲ ਖੋਲ੍ਹ ਕੇ ਗਾਲ੍ਹਾਂ ਕੱਢੀ ਜਾਂਦੀ, ਉਹ ਸੁਸਰੀ ਬਣ ਕੇ ਸੌਂ ਜਾਂਦਾ। ਸਾਰੀ ਰਾਤ, 'ਹਾਏ ਬੂ..ਵੇ..' ਪੀੜ ਨਾਲ਼ ਕੁਰਲਾਈ ਜਾਂਦੀ ਤਾਂ ਆਪ ਹੀ ਅਜੈਵ ਉਠ ਕੇ, ਜਦੋਂ ਉਹਦੀ ਪੀਤੀ ਲੱਥ ਜਾਂਦੀ, ਕੋਰੇ ਤੌੜੇ ਵਿੱਚੋਂ ਪਾਣੀ ਦੀ ਕੌਲੀ ਭਰ ਕੇ ਲੈ ਆਉਂਦਾ।

'ਉਠ, ਹੋ-ਖਾਂ ਭੋਰਾ-ਕੁ ਕਰੜੀ, ਪੀ ਪਾਣੀ ਦਾ ਘੁੱਟ' ਉਹ ਸਿਰਹਾਣੇ ਵਾਲ਼ੇ ਪਾਸੇ ਖੜ ਕੇ ਕਹਿੰਦਾਂ, ਕਦੇ ਪੈਰਾਂ ਵਾਲ਼ੇ ਬੰਨੇ ਨਹੀਂ ਸੀ ਖੜ੍ਹਿਆ। ਕੌਲ਼ੀ ਨੂੰ ਦੋਵੇਂ ਹੱਥਾਂ ਵਿੱਚ ਫੜ੍ਹ ਕੇ ਪਾਣੀ ਪੀਂਦੀ। ਪੀੜ ਨਾਲ਼ ਦੰਦ-ਕੜਿੱਕਾ ਵੱਜ ਰਿਹਾ ਹੁੰਦਾ। ਅੱਧਾ ਪਾਣੀ ਗਲਾਂਵੇ ਵਿਚ ਡੁੱਲ੍ਹ ਜਾਂਦਾ। ਥੋੜ੍ਹਾ ਘਣਾ ਪੀਤਾ ਜਾਂਦਾ ਤੇ ਬਾਕੀ ਉਂਵੇ ਦਾ ਉਵੇਂ ਈ ਵਿੱਚ ਰਹਿ ਜਾਂਦਾ।

'ਆਖੇਂ ਤਾਂ ਫੁਲੇਲ ਨੂੰ ਬੁਲਾ ਕੇ ਲਿਆਵਾਂ, ਕਸੂਤੀ ਤਾਂ ਨੀ ਠੁਕ-ਗੀ ਸੌਰੇ ਦੀਏ...!' ਉਹ ਪੂਰੇ ਸੰਨਸੇ ਵਿੱਚ ਪਿੰਜ ਜਾਂਦਾ। ਹੱਥ ਨਾਲ਼ ਅੰਗ-ਪੈਰ ਟੋਹ ਕੇ ਡੂੰਘੀ ਸੱਟ ਦੀ ਨਿਰਖ਼ ਕਰਨ ਦੀ ਕੋਸ਼ਿਸ਼ ਕਰਦਾ, ਤਾਂ..

'ਨਾ ਵੇ ਭੈੜਿਆ' ਨਸੀਬੋਂ ਅੱਖਾਂ ਵਿੱਚ ਸਿੰਮੇ ਪਾਣੀ ਨੂੰ ਕੋਇਆਂ ਵਿੱਚ ਸੋਕਦੀ ਹੋਈ ਮੰਜੇ ਤੇ ਵੱਖੀ ਨਾਲ਼ ਗੋਢੇ ਲਾ ਕੇ ਪੈ ਜਾਂਦੀ। ਕਚੀਚੀ ਲੈ ਕੇ ਚੀਸ ਠਾਰ ਦੀ ਬੋਲਦੀ, 'ਤੇਰੀ ਤਾਂ ਕੋੜਿਆ ਦਾਰੂ ਪੀਣੀ ਬਾਲ਼ੀ ਮਾੜੀ ਐ, ਹਏ, ਵੇਖ ਝਾਕ ਕੇ ਮਾਰ ਲਿਆ ਕਰ, ਹਏ.. ਹਏ.. ਮੈਂ ਕੇੜ੍ਹਾ ਤੇਰੀ ਬਾਂਹ ਫੜ੍ਹਦੀ ਆਂ, ਜੇ ਐਵੇਂ ਪੁੱਠੀ-ਸਿੱਧੀ ਵੱਜ-ਗੀ ਫੇਰ ਕਿੱਥੇ ਚੱਕੀ ਫਿਰੇਂ-ਗਾ...'।

'ਲਿਆਵਾਂ..' ਅਜੈਵ ਨੂੰ ਉਹਦੀ ਬੁਰੀ ਹਾਲਤ ਵੇਖ ਕੇ ਹੇਜ ਆਉਣ ਲੱਗ ਪੈਂਦਾ ਤੇ ਨਾਲ਼ ਹੀ ਦੋਏ ਬੁੱਲ੍ਹ ਘੁੱਟੇ ਜਾਂਦੇ, ਜਿਵੇਂ ਇਉ ਕਰਨ ਨਾਲ਼ ਉਹਦੀ ਪੀੜ ਘੱਟ ਹੁੰਦੀ ਹੋਵੇ।

'ਰੈਣ੍ਹ ਦੇ ਪੈਜਾ ਜਕ ਨਾਲ਼, ਇੱਕ ਪਹਿਰ ਰਹਿ ਗਿਐ ਕੱਢ ਲੂ-ਗੀ, ਕਾਹਨੂੰ ਕਿਸੇ ਸੁੱਤੇ ਜੀਅ ਨੂੰ ਅਠਾ ਕੇ ਪਾਪ ਲੈਣਾ, ਦੀਵਾ ਬਾਲ਼ ਦੇ ਕੋਲ਼' ਅਜੈਵ ਸਵਾਤ ਦੇ ਆਲ਼ੇ ਵਿੱਚ ਪਏ ਦੀਵੇ ਵਿੱਚ ਕਾਫੀ-ਸਾਰਾ, ਸਰੋਂ ਦਾ ਤੇਲ ਪਾਉਂਦਾ, ਤਾਂ ਜੋ ਦੀਵਾ ਰਾਤ ਤੀਕ ਬਲਦਾ ਰਹੇ, ਉਹਦੇ ਮੰਜੇ ਕੋਲ਼ ਇੱਟ ਤੇ ਧਰ ਕੇ ਚਲਾ ਜਾਂਦਾ।

ਨਸੀਬੋ ਵੱਖੀ ਨਾਲ਼ ਗੋਢੇ ਲਾ ਕੇ ਦੀਵੇ ਦੀ ਲੋਅ ਵੱਲ ਨੀਝ ਬੰਨ੍ਹ ਕੇ ਝਾਕੀ ਜਾਂਦੀ। ਹਵਾ ਨਾਲ਼ ਕੰਬ ਕੇ ਲਾਟ ਦੁਸਾਂਗੀ ਹੁੰਦੀ ਤਾਂ ਉਹ ਬਾਂਹ ਲੰਬੀ ਕਰਕੇ, ਹੱਥ ਦੀ ਓਟ ਕਰ ਲੈਂਦੀ। ਲਾਟ ਫੇਰ ਅਡੋਲ ਦੋ ਚਾਪਾਂ ਉੱਚੀ ਹੋ ਕੇ ਭਖ਼ਣ ਲੱਗ ਪੈਂਦੀ। ਦੀਵੇ ਨੂੰ ਵਗਦੀ ਹਵਾ ਤੋਂ ਬਚਾਉਣ ਦੀ ਰੀਝ ਨਾਲ਼ ਉਹ ਪੀੜ ਨਾਲ਼ ਭੁੱਲ ਜਾਂਦੀ ਤੇ ਫੇਰ ਆਪ ਈ ਅਰਾਮ ਨਾਲ਼ ਸੌਂ ਜਾਂਦੀ।

ਪਰ ਹੁਣ,

ਜਾਣੀ ਅੱਜ..!

'ਉਂ..ਹੂੰ..' ਅੰਗਰੇਜ਼ ਨੇ ਖੰਗੂਰਾ ਮਾਰ ਕੇ ਬਲੌਰੇ ਨੂੰ ਨਾਲ਼ ਜਾਣ ਲਈ ਕਿਹਾ। ਉਹ ਤੁਰ ਪਿਆ ਤਾਂ ਦੋ ਪੁਲਾਘਾਂ ਦੀ ਵਿੱਥੀ ਤੇ ਨਸੀਬੋ ਵਿਹੜੇ ਵਿੱਚ, ਹੂੰਜ ਕੇ ਇੱਕਠੇ ਕੀਤੇ ਕੂੜੇ ਦੇ ਢੇਰ ਨੂੰ ਫਰੋਲੀ ਜਾਂਦੀ ਸੀ। ਇੰਜ ਨਿੱਕ-ਸੁਕ ਛਾਂਟ ਲੈਂਦੀਂ, ਜਿਨ੍ਹਾਂ ਨੂੰ ਝੋਕੇ ਵਿੱਚ ਲਾ ਕੇ ਨਿੱਤ ਅੱਗ ਬਾਲ ਲੈਂਦੀ।

'ਖੁਸ਼ੀ ਮੱਥਾ ਮਾਰ ਬੇਬੇ, ਏਥੇ ਬੰਦੇ ਚੋਂ ਨੀ ਕੁਸ ਥਿਔਂਦਾ ਕੂੜੇ ਚੋਂ ਕੀ ਲੱਬ-ਲੇਂ-ਗੀ, ਜੋ ਕੋਲ਼ੇ ਐ ਓਵੀ ਗਮਾ-ਲੇਂ-ਗੀ' ਬਲੌਰਾ ਝੱਗੇ ਦੇ ਗਦਾਮ ਜੜ੍ਹਦਾ ਹੋਇਆ ਪੈਰ ਮਲ ਗਿਆ। ਜੁੱਤੀ ਦੀ ਸਿਉਣ ਅੱਜ ਫੇਰ ਪੱਥੀ ਕੋਲ਼ੋਂ ਉੱਧੜੀ ਵੇਖੀ, ਜੀਹਨੂੰ ਕਿੰਨੇ ਵਾਰ ਮੋਚੀ ਤੋਂ ਤੋਪਾ ਭਰਵਾ ਕੇ ਲੈ ਆਇਆ ਸੀ।

ਪੁੱਠੇ ਹੱਥ ਨਾਲ਼ ਨਸੀਬੋ ਨੇ ਸੇਲ੍ਹੀ ਨੂੰ ਆਈ ਸਲ਼ਾਬ ਪੂੰਝੀ ਤੇ ਪਥੱਲਾ ਮਾਰ ਕੇ ਬਹਿ ਗਈ। ਇਉਂ ਬਾਹਲਾ ਚਿਰ ਪੈਰਾਂ ਭਾਰ ਬਹਿਣ ਕਰਕੇ ਵੀ ਮੁਰਚੇ ਦੁੱਖਣ ਲੱਗ ਪੈਂਦੇ ਸੀ, ਤੇ ਬੋਲੀ, 'ਬੰਦੇ..! ਔਂਤ ਪੈਣੀ ਦੇ ਕੇੜ੍ਹੇ ਬੰਦੇ, ਮਰਿਆਂ ਨਾਲ਼ੋਂ ਭੈੜੇ ਐ, ਬੰਦੇ ਵੀਰ ਪਹਿਲਾਂ ਹੁੰਦੇ ਸੀਗੇ, ਹੁਣ ਤੇ ਨਿਰੀ ਪਖੰਡ ਦੀ ਜ਼ੇਰ ਐ, ਸੱਪ ਲੜ-ਜੇ ਤਾਂ ਹੂਈਂ ਮਰ-ਜੇ' ਕੂੜੇ ਦੇ ਢੇਰ ਚੋਂ ਮੀਂਗਣ ਚੁੱਕ ਕੇ ਉਹਨੂੰ ਵਿਖਾ ਕੇ ਬੋਲੀ, 'ਮੀਂਗਣਾ ਅਰਗੇ ਤਾਂ ਮਾਂਜਣੇ ਰਹਿ-ਗੇ ਬੰਦਿਆਂ ਦੇ, ਜਿਦੋਂ ਬਾਬਾ ਜਲੌਰ ਸੂੰ ਮੁੱਕਿਆ ਨਾ ਓਦੋਂ ਫੁੱਲਾਂ ਨਾਲ਼ ਮੱਘਾ ਡਟਿਆ ਗਿਆ, ਮੱਘਾ, ਜਿਉਂਦੇ ਬੰਦੇ ਦੇ ਹੱਡ ਤਾਂ ਪੁੱਤ ਝੋਰੇ ਖਾ ਜਾਂਦੇ ਐ ਫੁੱਲ ਕਿੱਥੇ ਭਾਲਣ, ਛੀ-ਵੀਹਾਂ ਉਮਰ ਭੋਗ ਕੇ ਪੂਰਾ ਹੋਇਆ..'

'ਬੇਬੇ ਹੁਣ ਤੇ ਲੋਕਾਂ ਨੂੰ ਗੰਗਾ ਚ ਫੁੱਲ ਪੌਣ-ਲੀ ਨੀ ਥਿਔਣੇ, ਬੰਦੇ ਪੂਰੇ ਨੀ ਹੁੰਦੇ, ਸੌਗੀ ਦੇ ਊਣੇ-ਊਣੇ ਜੇ ਈ ਤੁਰ ਜਾਂਦੇ ਐ' ਕੱਛ ਵਿੱਚੋਂ ਮੂਕਾ ਕੱਢ ਕੇ, ਹੱਥ ਨਾਲ਼ ਪੂਣੀ ਕਰਕੇ, ਸਿਰ ਤੇ ਉੱਗੜ-ਦੁੱਗੜ ਵਲਾਂਵੇ ਮਾਰਨ ਲੱਗ ਪਿਆ।

ਨਸੀਬੋ ਦੇ ਚਿੱਤ ਵਿੱਚ ਕਿਸੇ ਗੁੱਜੇ ਚਾਅ ਨੇ ਧੁੱਕੀ ਪਾ ਕੇ ਧੂੜਾਂ ਪੱਟ ਦਿੱਤੀਆਂ, ਤਾਂ ਬੋਲੀ 'ਜਲੌਰ ਸੂੰ ਤਾਂ ਵੀਰ ਗੱਲਾਂ ਕਰਦਾ ਮੁੱਕਿਆ ਸੀਗਾ, ਗੱਲਾਂ ਨੀ ਸੀਗੀਆਂ ਮੁੱਕੀਆਂ, ਹੁਣ ਤੇ ਜੈ-ਖਾਣੀਆਂ ਗੱਲਾਂ ਮੁੱਕ ਜਾਂਦੀਆਂ, ਪਿੱਛੋਂ ਜੇ ਆ ਕੇ ਬੰਦੇ ਊਈਂ ਚੁੱਪ ਜੇ ਰਹਿ ਜਾਂਦੇ ਐ, ਅਣ-ਮੁੱਕੇ ਈ ਤੁਰ ਪੈਂਦੇ ਨੇ..'

ਅੰਗਰੇਜ਼ ਦੇ ਮੂੰਹ ਵਿੱਚ ਟਾਹਲੀ ਦੀ ਦਾਤਣ ਸੀ, ਜੀਹਨੂੰ ਚੱਬਦਾ ਹੋਇਆ, ਉਹ ਕੂੜੇ ਦੇ ਢੇਰ ਤੇ ਥੁੱਕਦਾ ਤਾਂ ਥੁੱਕ ਦੇ ਭੂਰ-ਛਿੱਟੇ ਨਸੀਬੋ ਦੇ ਮੂੰਹ-ਮੱਥੇ ਤੇ ਪੈਂਦੇ, ਜਿਨ੍ਹਾਂ ਨੂੰ ਉਹ ਚੁੰਨੀ ਦੇ ਪੱਲੇ ਨਾਲ਼ ਪੂੰਜ ਲੈਂਦੀ। ਉਸ ਨੇ ਖਿਝ ਕੇ ਬਲੌਰੇ ਦੇ ਸੱਜੇ ਡੌਲੇ ਨੂੰ ਹਲੂਣ ਕੇ ਕਿਹਾ, 'ਲੱਤਾਂ ਨੂੰ ਕੀ ਜੂੜ ਨੜ ਲਿਆ, ਤੁਰ ਪੈ, ਧੁੱਪ ਤਾਂ ਮਿੱਟੀ ਦੇ ਖੁਰ ਵੱਢਣ ਲੱਗ-ਪੀ, ਸੂਰਜ ਘਰੇ ਚਾੜ ਕੇ ਗੁੱਡੇ ਆਨੂੰ ਘਰੇ ਤਾਂ ਨ੍ਹੀ ਭੂੰਜੇ ਲਾਹੁਣਾ..'।

'ਏਨਾਂ ਕਾਗਤਾਂ ਨਾਲ਼ ਕੀ ਰੋਟ ਪੱਕ-ਜੂ, ਉੱਠ ਕੇ ਤੁਰ ਪੈ' ਬਲੌਰੇ ਨੇ ਚਿੱਤ ਦੀ ਸਾਰੀ ਤਾਅ ਨਸੀਬੋ ਤੇ ਕੱਢ ਮਾਰੀ। ਚਿੱਤ ਕਰਦਾ ਸੀ ਕਿ ਅੰਗਰੇਜ਼ ਦੇ ਵੱਟ ਕੇ ਚੰਡ ਮਾਰੇ, ਪਰ ਏਸ ਘਰ ਨੂੰ ਆਦਤ ਪੈ ਚੁੱਕੀ ਸੀ, ਆਖੇ, 'ਭੂਤਨੀ ਦਿਆ ਪਰੇ ਨ੍ਹੀ ਥੁੱਕ ਮਰ ਹੁੰਦਾ..'।

ਗੋਢਿਆਂ ਤੇ ਹੱਥ ਧਰ ਕੇ ਨਸੀਬੋ ਉੱਠੀ, 'ਅਉਂਪਲੇ..' ਤੇ ਕੱਠੇ ਕਰੇ ਨਿੱਕ-ਸੁੱਕ ਨੂੰ ਚੌਂਤਰੇ ਵੱਲ ਲਿਜਾਂਦੀ ਹੋਈ ਨੇ, ਰੋਣ ਮਸਾਂ ਈ ਸਾਂਭਿਆ, ਤੇ ਚੁੱਲ੍ਹੇ ਕੋਲ਼ ਬੈਠੀ, ਡੱਕੇ ਨਾਲ਼ ਕੋਸੀ-ਕੋਸੀ ਸੁਆਹ ਫਰੋਲੀ ਜਾਂਦੀ ਦੀਸਾਂ ਨੂੰ ਕਿਹਾ, 'ਕੁੜੇ ਜੇ ਮੈਂ ਨਾ-ਹੋਆਂ ਹਯਾ ਲੁਹੌਣ ਨੂੰ, ਪਿਓ-ਪੁੱਤ ਕਦੋਂ ਦੇ ਲੜ ਕੇ ਮਰ-ਖੱਪ-ਗੇ ਹੁੰਦੇ..'।

ਉਹਦੇ ਮੁੜ ਕੇ ਪਿੱਛੇ ਵੇਖਣ ਤੋਂ ਪਹਿਲਾਂ ਈ ਬਲੌਰੇ ਦੇ ਚਾਦਰੇ ਦਾ ਲੜ ਤਖਤਿਆਂ ਨਾਲ਼ ਖਹਿ ਕੇ ਲੰਘ ਗਿਆ।

*** *** ***

ਬਲੌਰੇ ਨੇ ਨੀਰੇ ਦਾ ਕੁਤਰਾ ਕਰਨ ਵਾਲ਼ੇ ਟੋਕੇ ਦੇ ਪਾਛੜੇ ਵਿੱਚੋਂ ਪੱਲੀ ਚੱਕ ਕੇ, ਤੇ ਨਿੰਮ ਦੇ ਮੁੱਢ ਨਾਲ਼ ਟੇਢਾ ਕੀਤਾ ਟੋਕਰਾ ਨੂੰ ਚੱਕ ਕੇ, ਪੱਲੀ ਵਿੱਚ ਲੋਥਲੇ ਲੜਾਂ ਨਾਲ਼ ਬੰਨ੍ਹ ਲਿਆ। ਥਮਲੇ ਕੋਲ਼ ਪਈ ਕਹੀ ਨੂੰ ਪੀਨ ਤੋਂ ਫੜ ਕੇ, ਲਮਕਾਉਂਦਾ ਹੋਇਆ, ਬਿਨਾ ਨੀਵੀਂ ਪਾਏ ਬਾਰੀ ਲੰਘ ਕੇ, ਸਿੱਧਾ ਈ ਰੂੜੀ ਕੋਲ਼ ਆ ਗਿਆ। ਟਰੈਕਟਰ ਦੇ ਪਿੱਛੇ ਟਰਾਲੀ ਪਾ ਕੇ, ਗਲ਼ੀ ਵਿੱਚ ਪੱਕੇ ਥਾਂ ਤੇ ਦੋ-ਕੁ ਕਰਮਾਂ ਪਰੇ ਠੱਲੀ ਸੀ। ਇਕ ਟਾਇਰ ਕੱਚੇ ਥਾਂ ਵੀ ਸੀ। ਗਲ਼ੀ ਚੋਂ ਲੰਘਣ ਲਈ ਪੂਰਾ ਈ ਲਾਂਘਾ ਛੱਡਿਆ ਸੀ। ਬਲੌਰਾ ਟੋਕਰੇ ਵਿੱਚ ਪੈਰ ਧਰ ਕੇ, ਰੂੜੀ ਨੂੰ ਬਰੀਕ ਕਰਕੇ ਟੋਕਰਾ ਭਰ ਕੇ ਟੀਸੀ ਕੱਢ ਦਿੰਦਾ। ਜੂਪ ਤੇ ਬੰਸੀ, ਦੋਵੇਂ ਜਾਣੇ ਵਾਰੋ-ਵਾਰੀ ਟੋਕਰੇ ਚੱਕ ਕੇ ਟਰਾਲੀ ਵਿੱਚ ਸੁੱਟ ਆਉਂਦੇ।

'ਅੱਧੀ ਟਰੈਲੀ ਦੀ ਟੀਸੀ ਕੱਢ ਕੇ ਆਪਾਂ ਗਾਹਾਂ ਕਰਲਾਂਗੇ, ਹੂੰ, ਕਿਤੇ ਭੈਣ ਦੇਈ ਅਈਥੇ ਈ ਨਾ ਗੱਬ ਮੰਨ ਕੇ ਖੁੱਬ ਜੇ' ਬੰਸੀ ਨੇ ਸਿਰ ਤੇ ਬੋਰੀ ਦੀ ਪਛੱਤੀ ਬਣਾ ਕੇ ਲਈ ਸੀ, ਤਾਂ ਜੋ ਟੋਕਰਾ ਚੁੱਕਣ ਵੇਲ਼ੇ ਰੂੜੀ ਢਲ ਕੇ ਨਾ ਗਲਮੇਂ ਵਿੱਚ ਪਵੇ, ਤੇ ਨਾਲ਼ ਚਿੱਤ ਦੀ ਸ਼ੰਕਾ ਦੱਸੀ। ਖੁੱਭੀ ਟਰਾਲੀ ਨੂੰ ਮੁੜ ਖ਼ਾਲੀ ਕਰਕੇ ਭਰਨਾ, ਕਿਸੇ ਕਾਮੇ ਲਈ ਦੁਬਾਰਾ ਮੌਤ ਨੂੰ ਰਿਜਕ ਦੇਣ ਹੁੰਦਾ।

'ਹਜੇ ਤਾਂ ਟਰੈਲੀ ਦਾ ਥੱਲਾ ਨ੍ਹੀ ਲਵੇੜਿਆ, ਮੋਕ ਪੈਲ੍ਹਾਂ ਈ ਮਾਰੀ ਜਾਨਾਂ ਸੀਂਡਲਾ ਜਿਹਾ' ਜੂਪ ਨੇ ਸੁੱਕੇ ਫੋਸ ਦਾ ਡਲਾ ਬੰਸੀ ਦੀ ਛਾਤੀ ਵਿੱਚ ਦੇ ਮਾਰਿਆ। ਇਉਂ ਛੋਟੀਆਂ ਗੱਲਾਂ ਤੇ ਘਤਿਤਾਂ ਕਰਦੇ ਹੋਏ ਕੰਮ ਕਰੀ ਗਏ।

ਮੂਰਤੀ ਨੇ ਚਾਹ ਬਣਾ ਕੇ, ਪਤੀਲੇ ਵਿੱਚੋਂ ਪਿੱਤਲ ਦੇ ਧਾਮੇ ਵਿੱਚ ਪੁਣ ਲਈ। ਥੋੜ੍ਹੀ ਜਿਹੀ ਆਵਦੇ ਪੀਣ ਜੋਗੀ ਚਾਹ ਵਿੱਚ ਰੱਖ ਕੇ, ਮੁੜ ਪਤੀਲਾ ਚੁੱਲ੍ਹੇ ਤੇ ਧਰ ਲਿਆ। ਕੋਰੀ ਮਿੱਟੀ ਦੇ ਪਾਣੀ ਵਿੱਚ ਪਏ ਦੁੱਧ ਵਾਲ਼ੇ ਡੋਲੂ ਚੋਂ ਅੱਧਾ ਗਲਾਸ ਅੰਦਾਜ਼ੇ ਨਾਲ਼ ਮਿਥ ਕੇ ਪਾ ਲਿਆ।

ਟੋਕਰੀ ਵਿੱਚੋਂ ਗਲਾਸ ਚੱਕ ਕੇ, ਅੰਗਰੇਜ਼ ਉਹਨਾਂ ਦੀ ਚਾਹ ਲਿਜਾਣ ਲੱਗਾ ਤਾਂ ਮੂਰਤੀ ਨੇ ਰੋਕਿਆ, 'ਨਾ ਤੈਨੂੰ ਐਨੀ ਕਾਹਦੀ ਚੱਟੀ ਪਈ ਐ, ਬਾਲ੍ਹਾ ਸ਼ੋਲ੍ਹਾ, ਲਿਆ ਫੜ੍ਹਾਂ ਹੈਦਰ ਭੋਰਾ 'ਵਾ ਕੱਢਦਿਆਂ, ਪੂਰੀ ਠਾਰ ਕੇ ਲਜਾਂਈ' ਧਾਮਾ ਫੜ ਕੇ ਉਹ ਪਲੇ ਨਾਲ਼ ਚਾਹ ਠਾਰਨ ਲੱਗ ਪਈ, 'ਤੱਤੀ ਚਾਹ ਚਵਲ ਫੂਕਾਂ ਮਾਰ ਕੇ ਨੀਗੇ ਪੀਂਦੇ, ਸਗੋਂ ਸ਼ਰਾਣ੍ਹੇ ਬਹਿ ਰੈਣ੍ਹ-ਗੇ ਜਿੰਨ੍ਹਾਂ ਚੀਕ ਠਰਦੀ ਨੀ, ਜਵੇਂ ਰੋਪਨਾ ਤੇ ਸਦਾਏ ਹੁੰਦੇ ਆ, ਹੂ..' ਉਂਗਲ ਡਬੋ ਕੇ ਵੇਖੀ, 'ਹੂੰ, ਹੁਣ ਲੋਟ ਐ, ਲੈ-ਜਾ' ਨਿੱਘੀ ਚਾਹ

ਕਰਕੇ ਧਾਮਾ ਅੰਗਰੇਜ਼ ਨੂੰ ਫੜ੍ਹਾ ਦਿੱਤਾ। ਗਲਾਸ ਫੜ੍ਹ ਕੇ ਭਾਡਿਆਂ ਵਾਲ਼ੀ ਟੋਕਰੀ ਵਿੱਚ ਚਲਾਂਵੇ ਮਾਰੇ, ਤੇ ਕੌਲ਼ੇ ਚੱਕ ਕੇ ਫੜਾਏ, 'ਭਨੋਈਏ ਤਾਂ ਨੀ-ਗੇ ਬੀ ਗਲਾਸਾਂ ਚ ਪਾ ਕੇ ਫੜੌਣੀ ਸੁੱਖੀ ਐ'।

'ਕੰਮ ਤਾਂ ਕੋਹੜੀ-ਜਾਤ ਤੋਂ ਲੈਣਾ ਪੈਂਦਾ, ਊਈਂ ਨੀ ਕੁਛ ਕਰਦੇ, ਧੁੱਪੇ ਸਿਰ ਤੇ ਖ਼ਲਿਆਰੀ ਰੱਖਣ-ਗੇ, ਜਿੰਨਾ ਆਪ ਤਾਅ ਚ ਭੁੱਜਦੇ ਆ ਓਨਾ ਈ ਜੱਟ ਨੂੰ ਫੂਕਦੇ ਆ..' ਉਹ ਆਪ ਨਾਲ਼ ਈ ਬੋਲਦਾ ਹੋਇਆ ਗਲ਼ੀ ਵਿੱਚ ਆ ਗਿਆ ਤਾਂ ਚੁੱਪ ਵੱਟ ਗਿਆ।

ਉਹਦੇ ਚਾਹ ਲੈ ਕੇ ਆਉਂਦੇ ਤੀਕ, ਉਨ੍ਹਾਂ ਨੇ ਟਰਾਲੀ ਦੀ ਟੀਸੀ ਕੱਢ ਈ ਲਈ। ਡਾਲਾ ਜੜ੍ਹ ਕੇ ਹੁਣ ਪਿਛਲਾ ਪਾਸਾ ਭਰਨਾ ਈ ਰਹਿ ਗਿਆ ਸੀ। ਏਨੇ ਘੱਟ ਸਮੇਂ ਵਿੱਚ ਟਰਾਲੀ ਭਰੀ ਵੇਖ ਕੇ ਕੇਰਾਂ ਤਾਂ ਬੁੱਲਾਂ ਤੇ ਖੁਸ਼ੀ ਦੀ ਲਹਿਰ ਦੌੜ ਗਈ, ਪਰ ਫੇਰ ਮੱਥੇ ਵਿੱਚ ਕੱਬ ਪਾ ਕੇ, ਫ਼ੋਕੀ ਕਾਅਲ ਵਿਖਾਉਂਦੇ ਹੋਇਆਂ ਸੁਲਾ ਮਾਰੀ, 'ਆਜੋ ਬੀ ਪੀ-ਲੋ ਚਾਹ, ਦਵਾ ਦਵ ਫੇਰ ਹੰਬਲਾ ਮਾਰੀਏ' ਰੂੜੀ ਕੋਲ਼ ਉੱਗੇ ਵਣ ਦੇ ਮੁੱਢ ਕੋਲ਼ੇ ਬੋਚ ਕੇ ਧਾਮਾ ਤੇ ਕੌਲੇ ਧਰ ਦਿੱਤੇ।

ਚਾਹ ਦਾ ਬੋਲ ਸੁਣਦੇ ਸਾਰ ਉਹਨਾਂ ਥਾਂ ਏਂ ਕੰਮ ਛੱਡ ਦਿੱਤਾ। ਬੰਸੀ ਨੇ ਟਰਾਲੀ ਤੇ ਸੁਟਿਆ ਟੋਕਰਾ ਉਵੇਂ ਈ ਮੂਧਾ ਪਿਆ ਰਹਿਣ ਦਿੱਤਾ। ਹੱਥ ਲੱਗੇ ਦੇ ਮੂਹਰਲੇ ਪੱਲੇ ਨਾਲ਼ ਪੂੰਜਦਾ ਹੋਇਆ ਇਧਰ ਆ ਗਿਆ। ਬਲੌਰੇ ਨੇ ਪੈਰ ਨਾਲ਼ ਦੱਬੇ ਟੋਕਰੇ ਨੂੰ ਭਰ ਕੇ, ਜ਼ੋਰ ਨਾਲ਼ ਰੂੜੀ ਵਿੱਚ ਕਹੀ ਉਵੇਂ ਈ ਖੁੱਬੀ ਛੱਡ ਦਿੱਤੀ। ਸਿਰ ਤੋਂ ਮੂਕਾ ਲਾਹ ਕੇ ਮੂੰਹ ਤੇ ਆਏ ਮੁੜ੍ਹਕੇ ਨੂੰ ਪੂੰਝਦਾ ਹੋਇਆ, ਧਾਮੇ ਕੋਲ਼ ਆ ਕੇ ਧਰਤੀ ਚੋਂ ਨਿਕਲ਼ੇ ਵਣ ਦੇ ਤਣੇ ਤੇ ਪਥੱਲਾ ਮਾਰ ਕੇ ਬਹਿ ਗਿਆ।

ਅੰਗਰੇਜ਼ ਦੀ ਜੀਬ ਨੇ ਹਰਕ ਦੀ ਤਿਊੜੀ ਭੰਨੀ, 'ਵੇਖ ਤਾਂ ਸਈ ਚਵਲਾਂ ਦੇ ਥਾਂਏ ਚੱਕੇ ਜਾਮ ਹੋ-ਗੇ, ਹੱਥਾਂ ਨੂੰ ਜਵੇਂ ਸੂਲ ਚੱਲ ਗਿਆ ਹੁੰਦੈ, ਜੇ ਕੰਮ ਕਰਨ ਦੀ ਨਿਸ਼ਾ ਹੋਵੇ ਤਾਂ ਰੱਜ ਕੇ ਖਾਣ ਤੇ ਰੱਜ ਕੇ ਖਵੌਣ..' ਬੰਨ੍ਹ ਤੋਂ ਢਲਕਦੇ ਢਿੱਲੇ ਚਾਦਰੇ ਨੂੰ ਖੋਲ੍ਹ ਕੇ ਮੁੜ ਕਸ ਕੇ ਬੰਨ੍ਹ ਲਿਆ।

ਬੰਸੀ ਚੱਪਲ ਲਾਹ ਕੇ ਊੱਤੇ ਬਹਿ ਗਿਆ ਤੇ ਕੌਲਾ ਚੱਕ ਕੇ ਉਹਦੇ ਅੱਗੇ ਕਰ ਦਿੱਤਾ, 'ਡੱਟ ਦੇ ਅਨਟਾਰੇ ਤਾਂਈ' ਜਬਾੜੇ ਚੋਂ ਸੱਜੇ ਹੱਥ ਦੇ ਅੰਗੂਠੇ ਨਾਲ਼ ਦੀ ਉਂਗਲ ਫੇਰ ਕੇ ਸਾਰਾ ਬੀੜਾ ਕੱਢ ਕੇ ਵਗਾਹ ਮਾਰਿਆ।

ਜੂਪ ਨੇ ਕੌਲਿਆਂ ਵਿੱਚ ਪੈਂਦੀ ਚਾਹ ਦੀ ਧਾਰ ਨਾਲ਼ ਬਣਦੀ ਝੱਗ ਵੇਖ ਕੇ, ਚਾਹ ਦੀ ਤਤਿਆਈ ਭਾਂਪ ਲਈ। ਪੈਰਾਂ ਭਾਰ ਈ ਰੁੜ ਕੇ ਆਪਣੇ ਕੌਲੇ ਕੋਲ਼ ਆ ਗਿਆ ਤੇ ਉਂਗਲ ਨੂੰ ਝੱਗੇ ਦੇ ਲੜ ਨਾਲ਼ ਪੂੰਝ ਕੇ, ਵਿੱਚ ਡੋਬ ਕੇ ਵੇਖਿਆ, ਤਾਂ ਅੰਗਰੇਜ਼ ਦੇ ਮੂੰਹ ਵੱਲ ਝਾਕ ਕੇ ਰੋਸਾ ਕਰਿਆ, 'ਐਦੂੰ ਤਾਂ ਹੌਦ ਦਾ ਪਾਣੀ ਤੱਤਾ ਹੋਊ, ਔਹ ਪੀ-ਲੀ-ਏ ਚਾਹ ਨਾਲੋਂ ਬਾਲ੍ਹਾ ਰਸੂਖ ਕਰੂ, ਏਹ ਤਾਂ ਚਾਹ ਦੇ ਜਮਾਂ ਈ ਮਾਪੇ ਮਾਰੀ ਬੈਠਾਂ'।

ਅੰਗਰੇਜ਼ ਦੀ ਜੀਭ ਥਥਲਾ ਗਈ, ਜਿਵੇਂ ਉਹ ਪਾੜ੍ਹ ਚੋਂ ਰੰਗੇ-ਹੱਥੀਂ ਵੜ੍ਹਿਕ ਲਿਆ ਹੋਵੇ, 'ਪੀ..! ਪੀ ਕੇ ਵੇਖ ਤਾਂ ਸਈ, ਅਸਰ ਕਾਹਤੋਂ ਨਾ ਕਰੂੰ, ਦਾਰੂ ਤੋਂ ਬਾਦ



www.PunjabiLibrary.com

ਤੇਰਆਂ ਰਤਨ ਐਂ" ਮੁੱਛ ਨੂੰ ਤਾਅ ਚਾੜ੍ਹਦੇ ਹੋਇਆਂ, ਚਾਹ ਪੀਣ ਲਈ ਆਖਿਆ ਤੇ ਆਪਣੀ ਹੈਂਕੜ ਵੀ ਪੂਰੀ ਰੱਖੀ।

'ਵੇਖਣ ਨੂੰ ਰੋਜ ਸਿਆਂ ਲਹੂ ਦਾ ਰੰਗ ਸਵਦਾ ਈ ਲਾਲ ਹੁੰਦੈ, ਪਰ ਬੰਦਾ ਅਣਖ਼ ਨਾਲ਼ ਈ ਕਹੌਂਦਾ, ਐਨਾ ਜ਼ੂਰ ਐ ਬੀ ਕੇਰਾਂ ਮੂਤ-ਲਾਂਗੇ ਵੱਧ, ਚਾਹ ਠਰੀ ਤੇ ਗੈਰਤ ਮਰੀ ਇੱਕੋ ਗੁੱਲੀ ਦੇ ਦਣ ਐਂ" ਬੰਸੀ ਨੇ ਵੀ ਰਗ ਰਲਾ ਕੇ ਬਲੌਰੇ ਵੱਲ ਝਾਕਿਆ, ਜੋ ਮਿੱਟੀ ਦੀ ਰੋੜੀ ਨੂੰ ਭੋਰ ਰਿਹਾ ਸੀ। ਉਹਦੀ ਅੱਖ ਵਣ ਤੇ ਚੜ੍ਹੇ ਮਿੱਟੀ-ਰੰਗੇ ਕੋੜ੍ਹ ਕਿਰਲੇ ਤੇ ਟਿਕੀ ਹੋਈ ਸੀ, ਜੀਹਨੇ ਵੇਖਦੇ ਹੀ ਵੇਖਦੇ ਰੰਗ ਬਦਲ ਲਿਆ ਸੀ।

'ਭਾਫ਼ ਤੇ ਉੱਡੀ ਜਾਂਦੀ ਐ ਵੇਖ ਤਾਂ ਸਈ, ਜਵਾਂ ਭੁੱਬਲ ਤੇ ਨ੍ਹੀ ਡੱਫਣੀ ਹੁੰਦੀ-ਗੀ, ਮੇਰੀ ਉਂਗਲ ਡਬੋ ਕੇ ਵੇਖੋ ਨਾ' ਅੰਗਰੇਜ਼ ਨੇ ਆਪਣੇ ਸੀਰੀ ਬੰਸੀ ਦੇ ਕੌਲੇ ਵਿੱਚ ਉਂਗਲ ਡੋਬ ਕੇ ਬਾਹਰ ਕੱਢੀ, 'ਤੱਤੀ ਐ' ਉਹਨਾਂ ਨੂੰ ਝੂਠੇ ਸਾਬਤ ਕਰਨ ਲਈ ਸਿਰ ਮਾਰ ਦਿੱਤਾ, 'ਚੱਕੋ-ਖਿੱਚੋ'।

ਜੂਪ ਨੇ ਝੱਗੇ ਦੀ ਇਕ ਪਾਸੇ ਤੋਂ ਉਧੜ ਕੇ ਲਮਕ ਰਹੀ, ਜੇਬ ਵਿੱਚ ਕਿੱਕਰ ਦੀ ਸੂਲ ਪਰੋ ਕੇ ਸਹੀ ਕਰਦਿਆਂ ਕਿਹਾ, 'ਆਵਦੀ ਹਾਅ ਉਂਗਲ ਜੀ ਵੱਢ ਕੇ ਸਾਨੂੰ ਫੜ੍ਹਾ ਕੇ ਜਾਈਂ" ਨਾਲ਼ ਥੋੜ੍ਹਾ ਜਿਹਾ ਹੱਸਣ ਲੱਗ ਪਿਆ, 'ਜਿਦੋਂ ਵੀ ਕਾਈ ਚੀਜ਼ ਖਾਣੀ-ਪੀਣੀ ਹੋਈ ਡਬੋ ਕੇ ਵੇਖਿਆ ਕਰੂੰ, ਠਰੀ ਐ ਕੇ ਨਿੱਘੀ ਐ' ਉਹਦੀ ਗੱਲ ਸੁਣ ਕੇ ਉਹ ਹੱਸ ਪਏ। ਹਾਸੇ ਦੀ ਕਿਲਕਾਰੀ ਸੁਣ ਕੇ ਬਲੌਰੇ ਦੀ ਸੂਰਤ ਖੁੰਗੀ ਗਈ ਤੇ ਉਹ ਵੀ ਐਵੇਂ ਈ ਨਾਲ਼ ਹੱਸਣ ਲੱਗ ਪਿਆ। 'ਹੁਰ ਕੀ ਐ ਐਂਵੇ ਈ ਧੁੱਸ ਦੇਈ ਜਾਂਦੈ' ਫੇਰ ਕੌਲਾ ਚੱਕ ਕੇ ਮੂੰਹ ਨੂੰ ਲਾ ਲਿਆ ਤੇ ਇੱਕੋ ਚੁੱਘੀ ਨਾਲ਼ ਸਾਰੀ ਚਾਹ ਡੀਕ ਗਿਆ।

'ਦੋ ਆਲ਼ੀ ਚ ਕਿਤੋਂ ਕੁਲਫ਼ੀ ਲੈ ਕੇ ਖੋਰ-ਲੀਂ, ਮਿਨਤ ਨਾਲ਼ ਈ, ਪੀਣ ਵੇਲ਼ੇ ਮਾੜੀ-ਮੋਟ ਖੇਚਲ ਤੇ ਹੋਵੇ, ਚਾਹ ਤੇ ਸਾਲੀ ਹੋ ਹੁੰਦੀ ਐ, ਜੇੜ੍ਹੀ ਤੇਰੀ ਬਹੂ ਮੂਰਤੀ ਵਾਨੂੰ ਨਾੜਾਂ ਫੂਕਦੀ ਜਾਏ' ਬੰਸੀ ਨੇ ਟਿੱਚਰ ਕੀਤੀ।

ਬਲੌਰੇ ਨੇ ਪੈਰਾਂ ਵਿੱਚ ਪਈ ਚਾਹ ਵਾਲ਼ੀ ਚਿੱਬੀ ਬਾਟੀ ਵੱਲ ਵੇਖ ਕੇ ਪੁੱਛਿਆ, 'ਆਹ ਕੀਹਦੀ ਐ'।

'ਤੇਰੀਓ ਆ ਹੁਰ ਕੀਹਦੀ ਐ, ਮੈਂ ਤਾਂ ਜੀਵ ਸੜਾ ਕੇ ਹੁਣੀਂ ਹਟਿਆਂ' ਘੂਰੀ ਵੱਟ ਕੇ ਜੂਪ ਨੇ ਅੰਗਰੇਜ਼ ਵੱਲ ਕਣੱਖੀ ਜੇਹੀ ਝਾਤ ਮਾਰੀ, ਜੋ ਓਨ੍ਹਾਂ ਦੇ ਜੂਠੇ ਭਾਂਡੇ ਲਿਜਾਣ ਲਈ ਉੱਥੇ ਈ ਖੜ੍ਹਾ ਸੀ।

ਬਲੌਰੇ ਨੂੰ ਬਾਟੀ ਵੇਖ ਕੇ ਭੋਰਾ ਵੀ ਯਕੀਨ ਨਹੀਂ ਹੋਇਆ। ਹੁਣ ਤੀਕ ਕਦੇ ਵੀ ਇਉਂ ਨਹੀਂ ਸੀ ਹੋਇਆ। ਅੰਗਰੇਜ਼ ਵੀ ਮਾਣ ਨਾਲ਼, ਸਭ ਤੋਂ ਪਹਿਲਾਂ ਗਲਾਸ ਭਰ ਕੇ, ਉਹਨੂੰ ਆਪ ਹੱਥੀਂ ਫੜਾਉਂਦਾ ਹੁੰਦਾ ਸੀ, ਜਦੋਂ ਵੀ ਕਿਤੇ ਉਹਦੇ ਖੇਤਾਂ ਵਿੱਚ ਕੰਮ ਕਰਦਾ ਹੁੰਦਾ ਤਾਂ ਪਾਸਾ ਮਾਰ ਕੇ ਉਹਦੇ ਲਈ ਮੰਜੇ ਤੇ ਸਿਰਹਾਣੇ ਵਾਲ਼ੇ ਬੰਨੇ ਪੂਰੇ ਆਦਰ ਨਾਲ਼ ਬੈਠਾ ਲੈਂਦਾ। ਕਿਸੇ ਗਰੀਬ ਬੰਦੇ ਨੂੰ ਤਾਂ ਦੌਣ ਤੇ ਵੀ ਨਹੀਂ ਸੀ ਬਹਿਣ ਦਿੰਦਾ। ਬਲੌਰਾ ਵੀ ਹੱਠ ਦਾ ਪੱਕਾ ਹੋਣ ਕਰਕੇ ਦੌਣ ਵਾਲ਼ੇ ਪਾਸੇ ਬਹਿਣ

ਨਾਲ਼ੋਂ ਖੜਾ ਰਹਿਣਾ ਈ ਠੀਕ ਮੰਨਦਾ ਸੀ।

ਪਰ ਬਾਟੀ ਵਿੱਚ ਕਦੇ ਵੀ ਚਾਹ ਨਹੀਂ ਸੀ ਪੀਤੀ। ਇਹ ਗਲਾਸ ਈ ਸੀ, ਜੋ ਬਲੌਰੇ ਦੀ ਪਛਾਣ ਕਾਮਿਆਂ ਨਾਲ਼ੋਂ ਵੱਖਰੀ ਕਰਦਾ ਸੀ। ਹੋਂਦ ਦੀ ਲਕੀਰ ਹੁੰਦੀ। ਅੱਜ ਉਹਦੇ ਸੀਨੇ ਵਿੱਚ ਸੂਲਾਂ ਦਾ ਝਾਫ਼ਾ ਧੂਹਿਆ ਗਿਆ। ਉਹ ਵੀੜ੍ਹੀ ਨਹੀਂ ਸਗੋਂ ਦਿਹਾੜੀ ਤੇ ਆਇਆ। ਪਿੰਡੇ ਵਿੱਚੋਂ ਭੇਡਾਂ ਦੇ ਵਾੜੇ ਚ ਬੈਠੇ ਛੱਤਰੇ ਜਿਹੀ ਬੋਅ ਆਉਣ ਲੱਗ ਪਈ। ਨੀਵੀਂ ਪਾ ਕੇ ਸੱਜੀ ਕੱਛ ਸੁੰਘੀ। ਫੇਰ ਚੇਹ ਮੰਨ ਕੇ ਬਾਟੀ ਨੂੰ ਖੱਬੇ ਹੱਥ ਦੇ ਪੰਜੇ ਚ ਫੜ੍ਹ ਕੇ, ਜ਼ੋਰ ਨਾਲ਼ ਘੁੱਟਣਾ ਸ਼ੁਰੂ ਕਰ ਦਿੱਤਾ। ਦੰਦ ਜੁੜ ਗਏ। ਬਾਟੀ ਚੋਂ ਚਾਹ ਬਾਹਰ ਆਉਣ ਲਈ ਕਿਨਾਰਿਆਂ ਤੀਕ ਆ ਗਈ। ਜ਼ੋਰ ਲੱਗਣ ਕਰਕੇ ਬਾਂਹ ਕੰਬਣ ਲੱਗ ਪਈ।

ਖੇਤ ਨੂੰ ਜਾਂਦੇ ਬਚਨੇ ਨੇ ਲੱਸੀ ਵਾਲ਼ਾ ਡੋਲੂ ਹੱਥ 'ਚ ਫੜ੍ਹ ਲਿਆ ਤੇ ਗੱਡੀ ਤੋਂ ਉਤਰ ਕੇ ਵਹਿੜਕੇ ਦੀ ਨੱਥ ਫੜ੍ਹ ਕੇ, ਟਰਾਲੀ ਤੋਂ ਟਾਲ ਲੈਂਦੇ ਨੇ ਗੱਲ ਛੇੜੀ, 'ਓ ਗੇਜ ਕਿਤੇ ਬੰਦੇ ਤਾਂ ਨੀ ਬੀਜੀ ਬੈਠਾ ਓਏ, ਐਨੇ ਕਸ ਚ ਵੀ ਤੈਨੂੰ ਨਾ ਬੰਦਿਆਂ ਦੀ ਤੋਟ ਆਈ, ਸਾਨੂੰ ਵੀ ਦੇ-ਦੇ ਇਕ ਅੱਧ ਖੁੰਗ ਕੇ, ਨਾ ਤੂੰ ਕੀ ਸਾਵ ਦਿੰਨਾ..ਏਨ੍ਹਾਂ ਨੂੰ'।

'ਕਾਦ੍ਹੇ ਸਾਵ' ਖ਼ਾਲੀ ਧਾਮੇ ਨੂੰ ਪੁੱਠਾ ਕਰਕੇ, ਉੱਤੇ ਠੋਲਾ ਮਾਰ ਕੇ ਅੰਗਰੇਜ਼ ਮੁਸਕਰੀਂ ਹੱਸ ਪਿਆ, 'ਸਾਵ ਤਾਂ ਬੰਦਾ ਇੱਕੋ ਆਰੀ ਦਿੰਦਾ, ਜਿਉਂਦੇ ਬੰਦੇ ਦੇ ਕਾਈ ਸਾਵ-ਸੂਵ ਨੀ ਹੁੰਦੇ, ਨਿੱਤ ਨਮਾਂ ਗਧੀ-ਗੇੜ ਗਿੜਦੈ'।

'ਮੂੰਅ-ਮੂੰਅ' ਬਚਨੇ ਨੇ ਬੁਲ੍ਹ ਜੋੜ ਕੇ ਵਹਿੜਕੇ ਨੂੰ ਠੱਲਣ ਲਈ ਬੁਸ਼ਕਰ ਮਾਰੀ, ਪਰ ਵਹਿੜਕਾ ਰੁਕਿਆ ਨਹੀਂ, ਪਰ ਅੱਗੇ ਨਾਲ਼ੋਂ ਮੱਠੀ ਚਾਲ ਤੁਰ ਪਿਆ, 'ਜਿਮੇਂ ਤੇਰੀ ਰਜ਼ਾ ਰਾਜ਼ੀ ਐ, ਨਾ ਦੱਸ' ਝੱਟ ਵਿੱਚ ਈ ਗੱਡੀ ਘਰਾਂ ਦੇ ਓਹਲੇ ਹੋ ਗਈ।

ਇੰਨੇ ਵਿੱਚ ਬਲੌਰਾ ਪੈਰਾਂ ਵਿੱਚ ਪਈ ਬਾਟੀ ਨੂੰ ਚੁੱਕ ਕੇ, ਟਰੈਕਟਰ ਦੀ ਸੀਟ ਤੇ ਜਾ ਕੇ ਬਹਿ ਗਿਆ। ਟੂਲ ਖੋਲ੍ਹ ਕੇ ਵਿੱਚੋਂ ਚਿੱਬਾ ਗਲਾਸ ਕੱਢ ਲਿਆ। ਕੁੜਤੇ ਦੇ ਅਗਲੇ ਬੰਨ੍ਹੇ ਨੂੰ, ਕੂਚੀ ਵਾਂਗ ਵਿੱਚ ਫੇਰ ਕੇ ਸਾਫ਼ ਕਰ ਲਿਆ ਤੇ ਬਾਟੀ ਵਾਲ਼ੀ ਚਾਹ ਵਿੱਚ ਪਲਟ ਕੇ, ਸੁੜਾਕੇ ਮਾਰ ਕੇ ਟੌਹਰ ਨਾਲ਼ ਪੀਣ ਲੱਗ ਪਿਆ।

ਬੰਸੀ ਤੇ ਜੂਪ ਨੇ ਚਾਹ ਪੀਣ ਤੋਂ ਬਾਦ ਆਪਣੇ ਜੂਠੇ ਭਾਂਡੇ ਰੇਤੇ ਨਾਲ਼ ਸੁੱਕ-ਮਾਂਜ ਕਰ ਦਿੱਤੇ। ਪਾਣੀ ਤੋਂ ਬਿਨਾ ਲਿਸ਼ਕਾ ਦਿੱਤੇ। ਕੰਧ ਦੀ ਵਿਰਲ ਵਿੱਚ ਅੜਾ ਕੇ ਰੱਖੀ ਜਰਦੇ ਦੀ ਪੁੜੀ ਖੋਲ੍ਹ ਕੇ ਮਸਾਲਾ ਮਲਣ ਲੱਗ ਪਏ।

'ਚੱਲੋ ਬੀ ਨੱਪੀਏ ਦੱਬ ਕੇ ਕੰਮ ਦੀ ਸੰਘੀ' ਉਹਨਾਂ ਦੇ ਮਾਂਜੇ ਭਾਂਡੇ ਚੱਕ ਕੇ ਝੋਰੇ ਨਾਲ਼ ਆਖਿਆ ਤੇ ਬੁੱਲ੍ਹ ਦੰਦਾਂ ਹੇਠ ਭਟੀਚ ਕੇ ਜ਼ੋਰ ਨਾਲ਼ ਸਾਹ ਦੀ ਫੂੰਗਰ ਮਾਰੀ।

'ਸੰਘੀ ਤੇ ਅਹੀਂ ਤੇਰੀ ਵੀ ਨੱਪਦੀਗੇ, ਭੋਰਾ ਕੁ ਆਖੇ ਤੇ ਸਈ' ਜੂਪ ਤਲੀ ਤੇ ਪਟਾਕਾ ਜਿਹਾ ਮਾਰ ਕੇ ਹੱਸਿਆ ਤੇ ਸੇਲ੍ਹੀਆਂ ਮਾਰ ਕੇ ਅੰਗਰੇਜ਼ ਤੋਂ ਉਹਦੀ ਮਰਜ਼ੀ ਪੁੱਛੀ, 'ਹੂੰ' ਚੂੰਡੀ ਭਰ ਕੇ ਬਾਕੀ ਦਾ ਜਰਦਾ ਬੰਸੀ ਦੀ ਤਲੀ ਤੇ ਢੇਰੀ ਕਰ ਦਿੱਤਾ।

ਅੰਗਰੇਜ਼ ਕੇਰਾਂ ਤਾਂ ਭਮੰਤਰ ਗਿਆ ਤੇ ਫੇਰ ਕਰਿਆਈ ਮੰਨ ਕੇ ਫੋਕੜ ਹਾਸਾ ਹੱਸਦਾ ਹੋਇਆ ਟਰੈਕਟਰ ਤੇ ਬੈਠੇ ਬਲੌਰੇ ਕੋਲ਼ ਜਾ ਕੇ ਖੜ ਗਿਆ, 'ਹਾਅ ਫੜਾ-ਈਂ

ਕੇਰਾਂ ਆਵਦੀ ਬਾਟੀ ਜੀ'।

ਬਲੌਰੇ ਨੇ ਪੈਰ ਦਾਨ ਵਿੱਚ ਪਿਆ ਚਿੱਬਾ ਗਲਾਸ ਚੱਕ ਕੇ ਉਹਦੇ ਵੱਲ ਕਰ ਦਿੱਤਾ, ਜੀਹਦੇ ਚ ਘੁੱਟ-ਕੁ ਚਾਹ ਬਾਕੀ ਬਚੀ ਪਈ ਸੀ। ਚਾਹ ਦੀ ਘੁੱਟ ਡੋਲ੍ਹ ਕੇ ਅੰਗਰੇਜ਼ ਉਹਦੇ ਵੱਲ ਕੌੜ ਕੇ ਝਾਕਿਆ, 'ਆਹ ਮਾਂਜ ਤਾਂ ਦਿੰਦਾ, ਹੱਥ ਭਿਟ ਚੱਲੇ ਸੀਗੇ, ਏਨ੍ਹਾਂ ਨੇ ਵੀ ਮਾਂਜੇ ਈ ਐ'।

ਬਲੌਰਾ ਉਹਦੇ ਵੱਲ ਅੱਗੋਂ ਕੌੜ ਕੇ ਝਾਕਿਆ ਤਾਂ ਉਹ ਸਾਰਾ ਹਰਖ਼ ਜਬਾੜੇ ਵਿੱਚ ਘੁੱਟ ਗਿਆ। ਥੁੱਕ ਦੀ ਘੁੱਟ ਡਕਾਰ ਕੇ, ਦੁੱਧ ਦੇ ਛਿੱਟੇ ਮਾਰੇ, 'ਚੱਲ ਕਾਈ ਨੀ, ਤੈਂ ਕੇੜ੍ਹਾ ਓਪਰੈਂ ਤੇਰੀ ਭਾਬੀ ਆਪੇ ਮਾਂਜ-ਦੂ' ਪਰ੍ਹਾਂ ਨੂੰ ਜਾਂਦਾ ਹੋਇਆ ਫੇਰ ਫੋਕੜ ਹਾਸਾ ਹੱਸ ਕੇ ਚਿੱਤ ਵਿੱਚ ਚੇੜ ਮੰਨ ਗਿਆ, 'ਐਨੂੰ ਸਾਲੇ ਨੂੰ ਪਤਾ ਨੀ ਕਾਹਦੀ ਹੈਂਕੜ ਚੜ੍ਹੀ ਐ'।

*** *** ***

ਅੰਗਰੇਜ਼ ਨੂੰ ਧੌਣ ਦੇ ਮਣਕੇ ਤੇ ਅਗੂੰਠੇ ਦੀ ਦਾਬ ਮਹਿਸੂਸ ਹੋਣ ਲੱਗ ਪਈ, ਕਿਉਂਕਿ, ਮੂਰਤੀ ਨੇ ਹਮੇਸ਼ਾ ਈ ਉਹਦੇ ਨਾਲ਼ ਦਬਕਾ ਮਾਰ ਕੇ ਗਿਲਾ ਕੀਤਾ, 'ਕਿਹਾ ਕਰ-ਖਾਂ ਓਨੂੰ ਨਗੌਰੀ ਨੂੰ ਆਂਵਦੇ ਭਾਂਡੇ ਮਾਂਜਿਆ ਕਰੇ, ਮਈਥੋਂ ਨੀ ਨੰਗ ਜੱਟ ਦੀ ਲੱਕ ਮਾਂਜੀ ਦੀ' ਜੂਠੇ ਭਾਂਡਿਆਂ ਦੇ ਢੇਰ ਨੂੰ ਠੁੱਡਾ ਮਾਰ ਦਿੰਦੀ।

'ਕਾਂਤੋਂ ਭਾਂਡਿਆਂ ਚ ਚਿੱਬ ਧੱਸੀ ਜਾਨੀ ਐ, ਕੁਛ ਨੀ ਹੁੰਦਾ, ਜੂਠੇ ਭਾਂਡਿਆਂ ਦਾ ਪੁੰਨ ਈ ਹੁੰਦੈ' ਅੰਗਰੇਜ਼ ਨੇ ਬਾਂਹ ਮੋੜ ਕੇ ਗੁੱਟ ਨੂੰ ਛਾਤੀ ਨਾਲ਼ ਘੁੱਟਿਆ ਤੇ ਉਹਦੇ ਚਿਹਰੇ ਵੱਲ ਪਿਠ ਕਰਕੇ ਮੰਜੇ ਤੇ ਲੇਟ ਗਿਆ। ਸੱਜੇ ਪੈਰ ਦੇ ਨਹੁੰਆਂ ਨਾਲ਼ ਖੱਬੀ ਲੱਤ ਦੀ ਪਿੰਜਣੀ ਖੁਰਕ ਕਰਨ ਲੱਗ ਪਿਆ।

'ਆਵਦੀ ਸੂੰਹ ਆਵਦੇ ਕੋਲ਼ ਈ ਰੱਖ' ਮੂਰਤੀ ਨੇ ਭਾਂਡੇ ਮਾਂਜਣੇ ਥਾਂਏ ਹੀ ਛੱਡ ਦਿੱਤੇ ਤੇ ਦੋਵੇਂ ਹੱਥ ਜੋੜ ਕੇ ਚਿੜਾਇਆ : 'ਬਾਲ੍ਹਾ ਸਿਆਣਾ, ਆ ਜਾ ਮਾਂਜ ਕੇ ਖੱਟਲਾ ਪੁੰਨ, ਮਾਰਦੈ ਮੋਠਾਂ ਦੇ ਭਾਅ ਦੀਆਂ, ਤਕਲੇ ਅਰਗੀ ਸਿੱਧੀ ਗੱਲ ਤੇ ਨੀ ਔਂਦਾ' ਬੁੱਲ ਘੁੱਟ ਕੇ ਨੱਕ ਨੂੰ ਵਟਾ ਚਾੜ੍ਹਿਆ, ਤੇ ਫੇਰ ਫੱਟੀ ਤੇ ਬਹਿ ਗਈ।

'ਟਿਕ ਜਾ' ਉਹਦੀ ਹੋਕਰ ਸੁਣ ਕੇ ਮੂਰਤੀ ਕੰਬ ਗਈ। ਫੱਟੀ ਤੇ ਪੈਰਾਂ ਭਾਰ ਬਹਿ ਗਈ, 'ਗਿੱਚੀ ਚ ਮੁੱਕੀ ਮਾਰ ਕੇ ਬਲੀ ਚਾੜਦੂੰ' ਦਾਬਾ ਪਾਉਣ ਲਈ ਪਤਾ ਨਹੀਂ ਫੇਰ ਕੀ ਕੁਛ ਮੂੰਹ ਚ ਬੋਲੀ ਗਿਆ।

ਅੰਗਰੇਜ਼ ਨੇ ਫੇਰ ਮੰਜੇ ਦੀ ਬਾਹੀ ਤੋਂ ਸਿਰ ਉੱਚਾ ਕਰ ਕੇ, ਕਣੱਖੀ ਜਿਹੀ ਨਿਗ੍ਹਾ ਨਾਲ਼ ਉਹਦੇ ਵੱਲ ਨਿਰਖ਼ ਕਰਨ ਦੇ ਢੰਗ ਨਾਲ਼ ਵੇਖਿਆ, ਮਾਰੇ ਹੋਏ ਦਾਬੇ ਦਾ ਕਿੰਨਾ ਕੁ ਅਸਰ ਹੋਇਆ। ਮੂਰਤੀ ਦੀ ਆਦਤ ਸੀ, ਡਰਦੀ ਹੋਈ ਵੀ ਦਿਲ ਦੀ ਭੜਾਸ ਬੰਦੇ ਦੇ ਮੂੰਹ ਤੇ ਕੱਢ ਦਿੰਦੀ। ਪਿਠ ਪਿੱਛੇ 'ਕਿੱਚ-ਕਿੱਚ' ਕਰਨ ਦੀ ਕਜਾ ਨਹੀਂ ਸੀ। ਜਦੋਂ ਉਹ ਫੇਰ ਬਾਂਹ ਮੋੜ ਕੇ ਗੁੱਟ ਦਾ ਸਿਰਹਾਣਾ ਲਾ ਕੇ, ਮੰਜੇ ਤੇ ਪਾਸਾ ਲੈ ਕੇ ਲੇਟ ਗਿਆ ਤਾਂ ਮੂਰਤੀ ਦੇ ਬੋਲ ਨੇ ਸਾਹ ਭਰਿਆ, 'ਚਾਰੇ ਚਾਕੇ ਮੇਰੇ ਤੇ ਧੌਂਸ ਜੰਮਾਈ ਜਾਇਆ ਕਰ, ਓਹਦੇ ਮੂਹਰੇ ਨੀ ਕੁਸਕਦਾ, ਧੌਰੇ ਕਾਸ ਚੀਜ਼ ਦੀ ਕਾਣ ਮੰਨਦੈਂ, ਓਹਦੇ ਪੱਲੇ ਚਾਰ ਓੜੇ ਨੀ ਝੁਗੇ ਚ'।

'ਮਖਿਆ ਜਕ ਕਰ ਲੈ ਜਕ ਐਂਵੇ ਬੂਥਾ ਨਾ ਭੰਨਾ-ਲੀਂ'।

'ਜਕ ਕਰ-ਲੈ, ਹੂੰ, ਖੱਸੀ ਬੰਦੇ ਤੀਵੀਂ ਨੂੰ ਕੁੱਟਣ ਜੋਗੇ ਈ ਹੁੰਦੇ ਐ' ਅੰਗਰੇਜ਼ ਨੇ ਇਹ ਸੁਣ ਕੇ ਸਾਰੀ ਗੱਲ ਆਪ ਮੂੰਹ ਵਿੱਚ ਚਿਤਾਰੀ ਤੇ ਫੇਰ ਪੈਰਾਂ ਕੋਲ਼ ਪਈ ਜੁੱਤੀ ਚੱਕ ਕੇ ਉਹਦੇ ਚਲਾਂਵੀ ਠੋਕੀ। ਮੁੱਛ ਨੂੰ ਵਟਾ ਚਾੜ੍ਹਣ ਲੱਗ ਪਿਆ।

ਮੂਰਤੀ ਨੇ ਓਸ ਦਿਨ ਤੋ ਬਾਦ ਕਦੇ ਵੀ ਬਲੌਰੇ ਦੀ ਜੂਠੀ ਬਾਟੀ ਨਹੀਂ ਸੀ ਮਾਂਜੀ। ਏਹ ਬਾਟੀ ਉਵੇਂ ਈ ਕੰਧੋਲੀ ਦੇ ਰਖਣੇ ਵਿੱਚ ਟੇਢੀ ਕਰਕੇ ਪਈ ਹੁੰਦੀ। ਜਦੋਂ ਵੀ ਏਸ ਬਾਟੀ ਵੱਲ ਉਹ ਵਿੰਹਦਾ ਤਾਂ ਆਵਦੀ ਗਿੱਚੀ ਨੱਪੀ ਹੋਈ ਲੱਗਦੀ।

ਤੇ ਅੱਜ,

ਅੰਗਰੇਜ਼ ਨੇ ਮੂਰਤੀ ਅੱਗੇ ਆਣ ਰੱਖਣ ਲਈ, ਸਾਰਿਆਂ ਤੋਂ ਅੱਖ ਬਚਾ ਕੇ ਪਰਨਾਲੇ ਦੀ ਧਾਰ ਨਾਲ਼ ਗਲ਼ੀ ਚ ਪਏ ਲੱਲ੍ਹੇ ਵਿੱਚੋਂ, ਮਿੱਟੀ ਦੀ ਕੱਚੀ ਲੱਪ ਨਾਲ਼ ਬਲੌਰੇ ਦੀ ਜੂਠੀ ਬਾਟੀ ਮਾਂਜ ਦਿੱਤੀ। ਜਿੰਦ ਕਸੂਤੀ ਈ ਕੜਿੱਕੇ ਚ ਵੜਿੱਕੀ ਹੋਈ ਸੀ। ਜੇ ਇਉਂ ਮੂਰਤੀ ਕੋਲ਼ ਜੂਠੀ ਬਾਟੀ ਲੈ ਆਉਂਦਾ ਤਾਂ ਘਰ ਵਿੱਚ ਫੇਰ ਕਲੇਸ਼ ਹੋ ਜਾਂਦਾ। ਮੂਰਤੀ ਨੇ ਕਹਿ ਦੇਣਾ ਸੀ, 'ਆਹ ਤਕਮਾ ਆਵਦੇ ਕੋਲ਼ ਈ ਰੱਖ, ਸੁੱਬੀ ਚ ਪਰੋ ਕੇ ਹਿੱਕ ਤੇ ਲਮਕਾ ਲੈ ਬਾਟੀ',

ਪਰ ਹੁਣ,

ਅੰਗਰੇਜ਼ ਨੇ ਮਾਂਜੇ ਹੋਏ ਭਾਂਡੇ ਮੂਰਤੀ ਅੱਗੇ ਸੁੱਟ ਦਿੱਤੇ ਤੇ ਫੂੰਗਰ ਕੇ ਬੋਲਿਆ, 'ਆ ਚੱਕ!' ਤੇ ਨਾਲ਼ ਈ ਮੁੱਛ ਨੂੰ ਵਟਾ ਚਾੜ੍ਹਿਆ। ਸਾਰੇ ਭਾਂਡੇ ਕੱਚ ਵਾਂਗ ਲਿਸ਼ਕਦੇ ਵੇਖ ਕੇ ਮੂਰਤੀ ਦਾ ਸੀਨਾ ਖੁਸ਼ੀ ਨਾਲ਼ ਸਵਾ ਗਿੱਠ ਚੌੜਾ ਹੋ ਗਿਆ। ਰਸੋਈ ਚ ਨੇਹੀ ਤੇ ਪਏ ਰਿੜਕਣੇ ਚੋਂ, ਠੰਢੀ ਲੱਸੀ ਦਾ ਗਲਾਸ ਭਰ ਕੇ, ਵਿੱਚ ਮੱਖਣੀ ਦੀ ਚਾਪ ਪਾ ਕੇ ਫੜ੍ਹਾ ਦਿੱਤੀ। ਪਰ ਅੰਗਰੇਜ਼ ਨੂੰ ਲੱਸੀ ਕੌੜੀ ਜਿਹੀ ਲੱਗ ਰਹੀ ਸੀ।

*** *** ***

ਜਦੋਂ ਟਰਾਲੀ ਰੂੜੀ ਨਾਲ਼ ਪੂਰੀ ਡੱਟੀ ਗਈ ਤਾਂ ਉਹਨਾਂ ਨੇ ਪੀਨਾਂ ਤੱਕ ਕਹੀਆਂ ਨੂੰ ਰੂੜੀ ਦੀ ਕੱਢੀ ਟੀਸੀ ਵਿੱਚ ਗੱਡ ਦਿੱਤਾ, 'ਦਮ ਮਾਰਲੀ-ਗੇ ਮਾੜਾ ਜਾ'.. ਉਹ ਉੱਥੇ ਹੀ ਵਣ ਦੇ ਤਣੇ ਨਾਲ਼ ਢੋਅ ਲਾ ਕੇ ਲੇਟ ਗਏ। ਪਿੰਡੇ ਨੂੰ ਅਕੜਾ ਕੇ ਅੰਗ-ਪੈਰਾਂ ਦੀ ਕੜਿੱਲ ਭੰਨੀ। ਅਜੇ ਦੋ ਸਾਹ ਵੀ ਨਹੀਂ ਸੀ ਲਏ ਕਿ ਅੰਗਰੇਜ਼ ਨੇ ਕੰਧ ਵਿੱਚ ਬਣੇ ਮੋਘਰੇ ਵਿੱਚੋਂ ਦੀ ਉਹਨਾਂ ਨੂੰ ਰੋਟੀ ਖਾਣ ਲਈ ਬੋਲ ਮਾਰ ਲਿਆ।

ਟਰੈਕਟਰ ਦੀ ਛੱਤਰੀ ਵਾਲ਼ੀ ਪਾਇਪ ਨਾਲ਼ ਬੰਨ੍ਹੇ ਸਾਫੇ ਨੂੰ ਖੋਲ੍ਹਦਾ, ਜੂਪ ਐਂਵੇ ਈ ਬੋਲ ਪਿਆ, 'ਭਲਾਂ ਹਾਅ ਟਰੈਟ ਕੈ ਬੰਦਿਆਂ ਬਰੋਬਰ ਹੋਊਗਾ ਬਈ'।

ਬਲੌਰੇ ਨੇ ਹੱਥ ਵਿੱਚ ਪਏ ਅੱਟਣਾਂ ਨੂੰ ਨਹੁੰਆਂ ਨਾਲ਼ ਚੇੜ੍ਹਦੇ ਹੋਇਆਂ, ਗੱਲ ਦਾ ਜੱਬ ਮੁਕਾਉਣ ਦੀ ਨੀਅਤ ਨਾਲ਼ ਮੋੜ ਦਿੱਤਾ, 'ਵੇਖੋ ਵੇਖ ਐ ਆਲਸੀ ਬੰਦੇ ਤਾਂ ਭਵੇਂ ਦੀ ਸੌ ਰੱਖ-ਲਾ, ਪਰ ਜੇਰੇ ਆਲ਼ੇ ਵੀਹ ਬੰਦਿਆਂ ਦੀ ਝਾਲ ਨੀ ਝੱਲਦਾ ਏਹ'।

'ਹਾ-ਹੋ ਬੀ ਜੇੜ੍ਹੀ ਚੀਜ਼ ਦੀ ਬੰਦੇ ਨੇ ਆਪ ਹੱਥੀਂ ਗੁੱਲੀ ਘੜੀ ਹੋਏ, ਓ ਬੰਦੇ ਤੋਂ ਵੱਡੀ ਨੀ ਹੋ ਸਕਦੀ' ਹੌਦ ਤੇ ਆ ਕੇ ਟੂਟੀ ਛੱਡ ਕੇ ਉਹ ਕੁਚੈਲ਼ੇ ਹੱਥ ਧੋਣ ਲੱਗ ਪਏ ਤਾਂ ਜੂਪ ਨੇ ਵੀ ਟੋਕਾ ਵਾਹ ਦਿੱਤਾ, 'ਵੇਖ ਲੈ ਬਲੌਰ ਸਿਆਂ ਰੰਗ ਲੀਲੀ ਛੱਤਰੀ ਆਲ਼ੇ

ਦੇ, ਹੈਵਜਾ ਟਰੈਟ ਸੁੱਖ ਨਾਲ਼ ਅੱਜ ਨੂੰ ਤੇਰੇ ਥੱਲੇ ਵੀ ਹੋਣਾ ਸੀਗਾ, ਜੇ ਥੋਡੇ ਬੁੜ੍ਹੇ ਅਜੈਵ ਨੇ ਪੈਲੀ ਨਾ..'

ਬਲੌਰਾ ਇਹ ਸੁਣ ਕੇ ਆਠਰ ਗਿਆ।

'ਜੇ ਵੇਚੀ ਵੀ ਹੁੰਦੀ ਫੇਰ ਵੀ ਕੁਸ਼ ਹੱਥ-ਪੱਲੇ ਪੈਂਦਾ, ਐਮੇਂ ਭੰਗ-ਭਾਣੇ ਈ ਸੋਰਤੀ' ਬੰਸੀ ਨੇ ਮੂੰਹ ਵਿੱਚ ਉਂਗਲ ਫੇਰ ਕੇ, ਕੋਲ਼ ਬੈਠੀ ਚਿੜੀ ਤੇ ਪਾਣੀ ਦੀ ਕੁਰਲੀ ਕਰ ਦਿੱਤੀ ਤੇ ਸਾਫ਼ੇ ਨਾਲ਼ ਹੱਥ ਪੂੰਝਣ ਲੱਗਿਆ, 'ਗੇਜ ਆਨੂੰ ਏਨੇ ਵੀ ਕੋਠੀ ਛੱਤ ਕੇ ਨਜ਼ਰ ਵੱਟੂ ਟੰਗ ਦੇਣਾ ਸੀਗਾ' ਤੇ ਫੇਰ ਹੱਥ ਵਿੱਚ ਰੋਟੀ ਫੜ੍ਹੀ ਖੜੇ ਅੰਗਰੇਜ਼ ਦੇ ਮੁੰਡੇ ਕਿੰਦਰ ਨੂੰ ਨਗੋਚ ਕੀਤੀ, 'ਓਏ ਆਵਦੀ ਬੀਬੀ ਨੂੰ ਵੀ ਕਹਿ ਦਿਆ ਕਰ ਬੀ ਰੋਟੀ ਫੜ੍ਹਾ ਦਿਆ ਕਰੇ ਚਾਚੇ ਨੂੰ, ਛੜੇ ਬੰਦੇ ਦੀ ਤਾਂ ਏਨੇ ਨਾਲ਼ ਈ ਦਾਲ ਕਰਾਗੀ ਹੋ ਜਾਂਦੀ ਐ' ਮੁੰਡੇ ਨੇ ਸੰਗ ਮੰਨੀ ਤਾਂ ਉਹਨੇ ਫੇਰ ਟੋਹਿਆ, 'ਕਉ ਓਏ ਬੋਲਦਾ ਨ੍ਹੀ'।

'ਆ ਬੀਬੀਏ..'

'ਚੁੱਪ ਓਏ ਪਤੰਦਰਾ ਐਂਵੇ ਖੌਂਸਲੇ ਪਵਾਏਂਗਾ' ਤੇ ਰੋਟੀ ਫੜ੍ਹ ਕੇ, ਕੋਲ਼ ਪਈ ਇੱਟ ਨੂੰ ਪੈਰ ਨਾਲ਼ ਸਿਧਾ ਕਰ ਕੇ ਉੱਤੇ ਬਹਿ ਗਿਆ।

ਬਲੌਰੇ ਨੇ ਟੂਟੀ ਦੀ ਧਾਰ ਹੇਠਾਂ ਹੱਥਾਂ ਦੀਆਂ ਰੇਖਾਵਾਂ ਨੂੰ ਵੇਖਿਆ ਤੇ ਫੇਰ ਝਾਵੇਂ ਦੀ ਫਾਕੜ ਨਾਲ਼ ਖੁਰਚ-ਖੁਰਚ ਕੇ ਸਾਫ਼ ਕਰ ਲੱਗ ਪਿਆ। ਤਲੀਆਂ ਤੇ ਝਰੀਟਾਂ ਪੈ ਗਈਆਂ। ਤੇ ਇਉਂ ਹੱਥ ਧੋਂਦੇ ਦਾ ਸਾਹ ਚੜ੍ਹ ਗਿਆ। ਏਨ੍ਹਾਂ ਲਕੀਰਾਂ ਵਿੱਚ ਕੋਈ ਚਿਹਰਾ ਵਿਖਾਈ ਦਿੱਤਾ, ਜੀਹਦੇ ਤੇ ਥੁੱਕ ਕੇ ਹੌਲਾ ਫੁੱਲ ਹੋ ਗਿਆ।

ਰੋਟੀ ਖਾਣ ਲਈ ਉਹ ਬਲਦ ਗੱਡੀ ਦੇ ਜੋਤੇ ਤੇ ਬਹਿ ਗਿਆ। ਜੇਬ ਵਿੱਚੋਂ ਗਲਾਸ ਕੱਢ ਕੇ, ਜ਼ੋਰ ਨਾਲ਼ ਉਹਤੇ ਠੋਲੇ ਮਾਰ-ਮਾਰ ਕੇ ਪੈਂਦੀ ਟੁਣਕਾਰ ਸੁਣੀ ਗਿਆ।

*** *** ***

# ਖੰਗਰ [ਪਿੱਛਲ-ਝਾਤ]

ਬਲੌਰੇ ਦੇ ਹੱਡਾਂ ਵਿੱਚ ਅੱਗ ਸੁੱਤੀ ਪਈ ਹੁੰਦੀ। ਕੰਮ ਨੂੰ ਜਦੋਂ ਹੰਬਲਾ ਮਾਰ ਕੇ ਜੁਟ ਪੈਂਦਾ ਤਾਂ ਕਿੰਨੇ ਈ ਬੰਦਿਆਂ ਦਾ ਜ਼ੋਰ ਆ ਜਾਂਦਾ। ਉਹ ਤਿੰਨ ਕਿੱਲੇ ਲੰਬੀ ਆੜ ਦਾ ਪਰਾ ਲੱਕ ਵਿੱਚ ਕੁੱਬ ਪਾਈ, ਇੱਕੋ ਝੱਟੀ ਨਾਲ਼ ਸੰਵਾਰ ਦਿੰਦਾ। ਇਉਂ ਨਿੱਠ ਕੇ ਕੰਮ ਕਰਨ ਦੀ ਧੁੰਮ ਖੇਤਾਂ ਵਿੱਚ ਪੈ ਗਈ। ਕਿੰਨੇ ਵਰ੍ਹੇ ਹੋ ਗਏ ਸੀ, ਉਹਨੇ ਕਦੇ ਕਾਮਾ ਨਹੀਂ ਸੀ ਪਾਇਆ। ਵੀੜ੍ਹੀ ਕਰ-ਕਰ ਕੇ ਕੰਮ ਸਿਰੇ ਚਾੜ ਲੈਂਦਾ।

ਪਰ ਜਦ ਏਸ ਵਾਰ ਆੜ੍ਹਤ ਤੇ ਜਾ ਕੇ ਕਣਕ ਸੁੱਟ ਕੇ, ਹਾੜ੍ਹੀ ਦਾ ਹਿਸਾਬ ਕਰਿਆ ਤਾਂ ਸਾਰੀ ਵੱਟਤ ਲੈਣ ਦੀ ਬਜਾਏ, ਦੇਣ ਵਿੱਚ ਈ ਕੱਟੀ ਗਈ। ਉਹਨੂੰ ਜਾਪਿਆ, 'ਵਹੀ ਆਲ਼ੇ ਭਾੜੇ ਤੇਰੇ ਵੱਸੋਂ ਬਾਹਰ ਹੋਏ ਖੜ੍ਹੇ ਐ, ਦੇਣ ਵੇਰੀਂ ਦੋ ਦੂਣੀ ਪੰਜ ਹੋ ਜਾਂਦੇ ਨੇ, ਤੇ ਲੈਣ ਵਾਰੀ ਦੋ ਦੂਣੀ ਇੱਕ, ਇਉਂ ਨੀ ਕੰਮ ਨੇਪਰੇ ਚੜ੍ਹਨਾ...' ਭਾਂਵੇ ਦੀ ਕਣਕ ਚਾਰ ਕਿੱਲਿਆਂ ਦੀ ਸੀ ਪਰ ਫੇਰੀ ਵੀ ਟੀਸੀ ਉਹਨੇ ਮੰਡੀ ਵਿੱਚ ਬਚਨ ਨਾਲ਼ੋਂ ਉੱਚੀ ਕੱਢ ਲਈ। ਤੇ ਉੱਤੇ ਮੰਜਾ ਡਾਹ ਕੇ, ਠਾਠ ਬੰਨ੍ਹ ਕੇ ਕੰਨ ਪਰਨੇ ਪਿਆ ਰਹਿੰਦਾ।

ਜਿੱਥੇ ਵੀ ਵਾਹਣ ਵਿੱਚ ਗਿੱਠ ਦੀ ਵੀ ਕੋਈ ਦੌਗੀ ਲੱਭ ਜਾਂਦੀ, ਉੱਥੇ ਈ ਜੇਬ ਵਿੱਚੋਂ ਦਾਣੇ ਕੱਢ ਕੇ, ਉਂਗਲ ਨਾਲ਼ ਮਿੱਟੀ ਚ ਦਾਣਾ ਦੱਬ ਦਿੰਦਾ, 'ਜੀਹਦੇ ਚ ਬੰਦਾ ਮਿੱਟੀ ਹੋ ਗਿਆ ਉੱਥੋਂ ਈ ਕਾਈ ਸ਼ੈਅ ਉਗਦੀ ਐਂ..'

ਉਹਨੇ ਕਦੇ ਵੀ ਆਪਣੀ ਢੇਰੀ ਤੋਂ ਦਾਣੇ ਚੁੱਗਦੇ ਜਨੌਰਾਂ ਨੂੰ ਹੋਕਰ ਮਾਰ ਕੇ ਨਹੀਂ ਸੀ ਉਡਾਇਆ। ਸਗੋਂ ਮੰਜੇ ਤੇ ਗੋਢਿਆਂ ਭਾਰ ਬਹਿ ਕੇ, 'ਆਹ..ਆਹ' ਕਰਕੇ ਉਹਨਾਂ ਨੂੰ ਦਾਣੇ ਚੁਗਣ ਦਾ ਨਿਉਂਦਾ ਦੇਈ ਜਾਂਦਾ। ਸਾਰੀ ਰੜਕ ਅੰਤ ਵਹੀ ਦੇ ਪੀਲੇ ਵਰਕਿਆਂ ਚ ਖੇਹ ਹੋ ਗਈ। ਸਾਫ਼ੇ ਨੂੰ ਦੋਏਂ ਹੱਥਾਂ ਨਾਲ਼ ਵਟੇ ਚਾੜ੍ਹਦਾ ਹੋਇਆ, ਜੇਬ ਵਿੱਚ ਪਾਏ ਕਣਕ ਦੇ ਦਾਣਿਆਂ ਨੂੰ, ਸਾਰੇ ਰਾਹ ਛੋਲਿਆਂ ਵਾਂਗ ਚੱਬ ਕੇ ਖਾਂਦਾ ਹੋਇਆ, ਘਰ ਨੂੰ ਤੁਰ ਪਿਆ।

ਬੂਹੇ ਦੇ ਦੋਏਂ ਤਖ਼ਤਿਆਂ ਵਿੱਚ ਖੜ੍ਹ ਕੇ ਉਹਨੇ ਵੱਡਾ ਸਾਰਾ ਡਕਾਰ ਲਿਆ ਤਾਂ ਥਕੇਂਵੇ ਨਾਲ਼ ਨਿੱਸਲ ਹੋਏ ਸਰੀਰ ਵਿੱਚ, ਸਿਰੋਂ ਲੈ ਕੇ ਪੈਰਾਂ ਤੱਕ ਨਿੱਘ ਪੈਦਾ ਹੋਣ ਲੱਗਿਆ। ਦੋਵੇਂ ਹੱਥ ਪਿੱਛੇ ਕਰਕੇ ਉਹ ਛੱਤੜੇ ਦੇ ਤਲੈਂਬੜ ਨਾਲ਼ ਬੰਨ੍ਹੀ ਬੱਕਰੀ ਕੋਲ਼ ਜਾ ਖੜਿਆ। ਬੱਕਰੀ ਦੀ ਟੋਟਣ ਵਿੱਚ ਪਏ ਚਿੱਟੇ ਬੱਲ੍ਹ ਤੇ ਖੁਰਲੀ ਨਾਲ਼ ਢੁੱਡਾ ਮਾਰ-ਮਾਰ ਕੇ ਲੱਗੀ ਮਿੱਟੀ ਤੇ ਹੱਥ ਫੇਰਿਆ। ਬੱਕਰੀ ਨੇ ਉਹਦੇ ਹੱਥ ਤੇ ਜੀਭ ਫੇਰ ਕੇ ਕੁਤਕੁਤਾਰੀ ਜਿਹੀ ਕੀਤੀ ਤਾਂ ਉਹਨੂੰ ਹਾਸਾ ਛਿੜ ਪਿਆ।

ਫੇਰ ਸੁਆਤ ਵਿੱਚ ਵੜਦੇ ਸਾਰ ਖੱਬੀ ਗੁੱਠ ਵਿੱਚ ਪਏ ਕੁੱਜੇ ਵੱਲ ਵੇਖ ਕੇ, ਜੀਹਤੇ ਆਪਣੇ ਵਾਹਣ ਦੀ ਪਾਡੋਂ ਮਿੱਟੀ ਨਾਲ਼ ਅੱਖਾਂ, ਨੱਕ, ਬੁੱਲ੍ਹ ਵਾਹ ਕੇ ਕੋਈ ਮੜ੍ਹੰਗਾ ਬਣਾਇਆ ਸੀ, ਬਲੌਰੇ ਦਾ ਜਿਹੜਾ ਰਉਂ ਹੁਣੇ ਬਦਲਿਆ ਸੀ, ਉਹ ਫੇਰ ਉਸੇ ਤਾੜੇ ਵਿੱਚ ਆ ਗਿਆ। ਮੰਜੇ ਤੇ ਬਹਿੰਦੇ ਨੇ ਨੱਕ ਪੂੰਜਣ ਦੇ ਪੱਜ ਨਾਲ਼, ਅੱਖ

ਫਰਕਣ ਦੇ ਜਿੰਨੇ ਚਿਰ ਲਈ ਧੌਣ ਉੱਤੇ ਕਰਕੇ ਕੁੱਜੇ ਵੱਲ ਵੇਖਿਆ, ਤੇ ਫੇਰ ਧੌਣ ਫੇਰ ਕੇ ਨੀਵੀਂ ਪਾ ਕੇ ਬੋਲਿਆ, 'ਬਈ ਕੁੱਜਿਆ ਰੱਬ ਆਵਦੇ ਜਾਣੀ ਤਾਂ ਪਿੰਡੇ ਤੇ ਕਰਮਾਂ ਵਿੱਚੋਂ ਜਾਨ ਜੁੱਫੀ ਬੈਠਾ, ਪਰ ਏਨੀ ਕੁ ਸਤਿਆ ਤਾਂ ਹੈ-ਗੀ ਐ, ਬੀ ਐਦੇ ਪੱਟੇ ਲੱਲ੍ਹੇ ਚ ਮੂਤਦੀਗੇ' ਖੱਬੇ ਡਾਉਲੇ ਨੂੰ ਸੱਜੇ ਹੱਥ ਨਾਲ਼ ਥਾਪੀ ਦੇ ਕੇ, ਚਾਦਰੇ ਦੇ ਲੜ ਕੱਠੇ ਕਰਕੇ ਗੋਢਿਆਂ ਤੀਕ ਚਾੜ੍ਹ ਲਏ, 'ਜੇ ਅੱਜ ਰੱਬ ਪੁੱਛੇ, ਬਈ ਬਲੌਰ ਸਿਆਂ ਦੱਸ ਤੇਰੀ ਕੀ ਇੱਛਿਆ ਓਏ'।

ਫੇਰ ਕੋਲ਼ ਪਈ ਤੂਤ ਦੀ ਛਮਕ ਚੱਕ ਲਈ ਤੇ ਲੰਬੀ ਬਾਂਹ ਕਰਕੇ ਕੁੱਜੇ ਨੂੰ ਇੱਕ ਤਾਲ਼ ਨਾਲ਼ ਖੜਕਾਅ ਦਿੱਤਾ। ਸੇਲ੍ਹੀ ਮਾਰ ਕੇ ਕੀਤੇ ਖੜਾਕ ਨੂੰ ਸੁਣ ਕੇ ਬੋਲਿਆ, 'ਆਹੋ, ਮੈਂ ਏਹੀ ਆਖੂੰ, 'ਬਈ ਬਾਕੀ ਦੀ ਗੱਲ ਤਾਂ ਬਾਦ ਚ ਰਹੀ, ਪਹਿਲਾ ਤਮੀਜ਼ ਨਾਲ਼ ਬੋਲ ਆਹ ਓਏ ਕੀ ਹੁੰਦਾ, ਤੇ ਰਹੀ ਗੱਲ ਦੂਜੀ, ਮੇਰੀ ਇੱਛਾ ਪੂਰੀ ਕਰਨ ਦੀ ਉਹ ਤੇਰੇ ਤਾਂ ਕੀ, ਤੇਰੇ ਪਿਉ ਦੇ ਵੱਸ ਵੀ ਨਈਂ"।

ਕੁੱਜੇ ਦੇ ਸਿਰ ਵਿੱਚ ਪਏ ਦਾਣਿਆਂ ਨੂੰ ਚੁਗਣ ਲਈ, ਜੰਗਲੇ ਵਿੱਚੋਂ ਦੀ ਲੰਘ ਕੇ ਇੱਕ ਚਿੱੜੀ ਆ ਗਈ। ਜਦੋਂ ਚਿੱੜੀ ਚੁੰਝਾਂ ਮਾਰ ਕੇ ਚੋਗ ਚੁਗਦੀ ਹੋਈ ਖੜਾਕ ਕਰਕੇ ਉੱਡ ਗਈ ਤਾਂ ਉਹਨੇ ਫੇਰ ਕਿਹਾ, 'ਹਾ-ਹੋ ਉਹ ਤੇ ਫੇਰ ਸੋਚੀਂ ਪੈਜੂ ਤੇ ਤਿੰਗ ਕੇ ਬੋਲੂ..' ਰੱਬ ਦੀ ਸੁਆਂਗ ਲਾਹੁਣ ਲਈ ਰਗਾਂ ਘੁੱਟ ਕੇ, ਅਵੱਲੀ ਜੇਹੀ ਅਵਾਜ਼ ਕੱਢੀ, 'ਮੇਰੇ ਬਣਾਏ ਦੋ ਲੱਤਾਂ ਆਲ਼ੇ ਜਨੌਰ ਦੀ ਐਸੀ ਕੇੜ੍ਹੀ ਇੱਛਾ, ਜੋ ਮੈਥੋਂ ਨਈਂ ਪੂਰੀ ਹੋ ਸਕਣੀ' ਜਿਦੋਂ ਬਾਹਲਾ ਹੀ ਸਿਰੇ ਚੜ੍ਹਣ ਲੱਗਿਆ, ਮੈਂ ਇਉਂ ਢਾਕਾਂ ਤੇ ਹੱਥ ਧਰ ਕੇ ਕਹਿ ਦੇਣਾ, ਕਿਸੇ ਦਾ ਡਰ ਥੋੜ੍ਹਾ ਮਾਰਿਆ' ਮੰਜੇ ਦੀ ਬਾਹੀ ਤੇ ਆਢਾਂ ਬਹਿ ਕੇ ਲੱਕ ਤੇ ਦੋਏ ਹੱਥ ਰੱਖ ਕੇ ਤੌਰ ਬਦਲ ਕੇ ਬੋਲਿਆ, 'ਮੈਂ ਤੇਰੇ ਮੂੰਹ ਤੇ ਥੁੱਕਣਾ, ਹੈ ਹਿੰਮਤ ਤਾਂ ਕਰ ਮੂੰਹ ਅੱਗੇ, ਮੇਰੀ ਇੱਛਾ ਪੂਰੀ ਕਰ ਸਕੇਂ, ਰੱਬਾ ਤੇਰੀ ਏਨੀ ਔਕਾਤ ਕਿੱਥੇ' ਫੇਰ ਵੇਖੀਂ ਮੂੰਹ ਕਿਵੇਂ ਵਿੰਗਾ ਜਿਹਾ ਕਰਦਾ' ਨਾਲ਼ ਹੀ ਮੂੰਹ ਨੂੰ ਵਿੰਗਾ ਕਰ ਲਿਆ 'ਪਰ ਮੈਨੂੰ ਲੱਗਦਾ ਨੀ ਬੀ ਰੱਬ ਆਪਣੀ ਆਖਰੀ ਇੱਛਿਆ ਪੁੱਛਣ ਦੀ ਸੂਲਾ ਮਾਰੂ' ਉਹ ਥੋੜ੍ਹਾ ਜਿਹਾ ਕਸੂਤਾ ਹੱਸ ਪਿਆ ਤੇ ਸਿਰ ਦੀ ਮੂੰਗੀਆ ਪੱਗ ਲਾਹ ਕੇ, ਚੰਗੀ ਤਰ੍ਹਾਂ ਧੂੜ ਝਾੜੀ ਜੋ ਤੁਰਦੇ ਹੋਇਆਂ ਪੈਰਾਂ ਨਾਲ਼ ਉੱਡ ਕੇ ਪਈ ਸੀ, ਕੁੱਜੇ ਦੇ ਸਿਰ ਤੇ ਧਰ ਦਿੱਤੀ।

ਇੰਨੇ ਹੀ ਨਸੀਬੋ ਸੋਟੀ ਦੇ ਸਹਾਰੇ ਨਾਲ਼ ਧਰਤੀ ਨੂੰ ਠੋਕਰ ਕੇ ਕਾਅਲੀ ਨਾਲ਼ ਤੁਰਦੀ ਹੋਈ, ਗੁੜ ਦੀ ਚਾਹ ਨਾਲ਼ ਗੜਵੀ ਭਰ ਕੇ, ਉਹਦੇ ਕੋਲ਼ ਅੰਦਰ ਲੈ ਆਈ।

'ਲੈ ਮਾਂ ਸੱਦ ਕੇ ਵੀਰ, ਮੇਰਾ ਪੁੱਤ ਥੱਕਿਆ ਵਿਐ' ਮੰਜੇ ਕੋਲ਼ ਦੌਣ ਵਾਲ਼ੇ ਪਾਸੇ ਪੀੜ੍ਹੀ ਡਾਹ ਕੇ ਬਹਿ ਗਈ ਤੇ ਉਹਦੀ ਖੱਬੀ ਲੱਤ ਦੀ ਪਿੰਜਣੀ ਮੱਡਣ ਲੱਗ ਪਈ, 'ਬਾਲ੍ਹਾ ਨ੍ਹੇਰ ਐ ਦਾਤਿਆ, ਧਲੂਤਰ ਜਾ ਓਮਾ ਹੱਟੀ ਦੇ ਥੜੇ ਨਾ ਚੜ੍ਹਣ ਦੇਵੇ, ਇਨ੍ਹੇ ਹੱਥੀਂ ਪਾਲਿਆ, ਮੈਂ ਕਿਆ, 'ਭਾਈ ਆਥਣੇ ਤੇਰਾ ਰਾਈ-ਰਾਈ ਦਾ ਸਾਵ ਨੱਕੀ ਕਰ ਦੇਣਾ, ਕਾਣੀ ਕੌਢੀ ਨੀ ਕਿਹੇ ਖੂੰਜ ਚ ਰਹਿਣ ਦਿੰਦੇ' ਫੇਰ ਕਿਤੇ ਜਾ ਕੇ ਗੋਗਲੂੰ ਨੇ ਖੰਡ ਦਾ ਫੱਕਾ ਹੁਦਾਰ ਦਿੱਤਾ..'

ਬਲੌਰੇ ਨੇ ਹੁੱਜਕੇ ਨਾਲ਼ ਲੱਤ ਇੱਕਠੀ ਕਰਕੇ, ਪਰ੍ਹੇ ਕਰ ਲਈ। ਮੁੱਠੀ ਏਨੇ ਜ਼ੋਰ ਨਾਲ਼ ਘੁੱਟ ਕੇ ਮੀਚੀ ਕਿ ਅੰਗੂਠੇ ਦਾ ਕੜਾਕਾ ਨਿਕਲ਼ ਗਿਆ। ਮੱਥੇ ਤੋਂ ਮੁੜ੍ਹਕੇ ਦੀ ਬੂੰਦ ਸੇਲ੍ਹੀ ਕੋਲ਼ੋਂ ਚਿਉਂ ਕੇ ਮੰਜੇ ਦੀ ਬਾਹੀ ਵਿੱਚ ਪਈ ਤਰੇੜ ਵਿੱਚ ਡਿੱਗ ਕੇ ਖ਼ਪ ਗਈ। ਨਹੁੰ ਨਾਲ਼ ਏਸ ਤਰੇੜ ਵਿੱਚੋਂ ਕੁਛ ਖ਼ਰਚ ਕੇ ਲੱਭਣ ਲੱਗ ਪਿਆ।

ਉਹਨੂੰ ਘਾਣੀ ਕੁੱਛ ਲੋਟ ਨਾ ਲੱਗੀ ਤਾਂ ਚਾਹ ਤੋਂ ਮਲਾਈ ਲਾਹ ਕੇ ਪਰੇ ਸੁੱਟਦੀ ਹੋਈ ਨੇ, ਠਰਮੇ ਨਾਲ਼ ਗੱਲ ਪੜਤਾਲੀ, 'ਕੀ ਹੋਇਆ' ਚੁੰਨੀ ਦੀ ਬੁੱਕਲ ਵਿੱਚ ਵਲ੍ਹੇਟੇ ਕੰਨ ਬਾਹਰ ਕੱਢ ਲਏ ਤਾਂ ਤੁੰਗਲ ਹਿੱਲੇ। ਗੱਲ੍ਹਾਂ ਦੀਆਂ ਝੁਰੜੀਆਂ ਹੋਰ ਡੂੰਘੀਆਂ ਹੋ ਗਈਆਂ, ਜਿਨ੍ਹਾਂ ਵਿੱਚ ਸੰਨਸੇ ਦਾ ਪਾਣੀ ਛੱਲਾਂ ਮਾਰ ਕੇ ਵਗਣ ਲੱਗ ਪਿਆ। ਕੋਰੇ ਕੁੱਜੇ ਵਿੱਚੋਂ ਪਾਣੀ ਦੀ ਕੌਲੀ ਭਰ ਕੇ ਬਲੌਰੇ ਵੱਲ ਕੀਤੀ ਤਾਂ ਅੱਧੀ ਕੌਲੀ ਪੀ ਕੇ, ਬਾਕੀ ਜੰਗਲੇ ਵਿੱਚੋਂ ਦੀ ਚਲਾਵੀਂ ਮਾਰੀ, ਜੋ ਦੀਸਾਂ ਦੇ ਪੈਰਾਂ ਵਿੱਚ ਧੇਹ ਦੇ ਕੇ ਵੱਜੀ।

ਕੁੱਛ ਬੋਲ ਕੇ ਦੱਸਣ ਦੀ ਬਿਜਾਏ ਬਲੌਰੇ ਨੇ ਝੱਗੇ ਦੀ ਜੇਬ ਪੁੱਠੀ ਕਰਕੇ ਵਿਖਾ ਦਿੱਤੀ, 'ਪਤਾ ਨੀ ਬੇਬੇ ਸਵ ਕੁਛ ਕੇੜ੍ਹੀ ਖੁੱਡ ਚ ਸੁਰ ਜਾਂਦੈ, ਹਾ ਬਰਕੈਣ ਅਰਗੀ ਕੁੜੀ ਵੀ ਕੱਲ੍ਹ ਨੂੰ ਕਿਹੇ ਦੇ ਮੱਥੇ ਡੰਮਣੀ ਪੈਣੀ ਐ, ਕਿੱਥੋਂ ਔਂਣ-ਗੇ ਨੇਕੜੂ'।

ਪੈਰਾਂ ਭਾਰ ਬੈਠੀ ਹੋਇਆਂ ਨਸੀਬੋ ਨੇ ਪੀੜ੍ਹੀ ਧੂਹ ਕੇ ਗਿੱਠ ਕੁ ਅੱਗੇ ਕਰੀ ਤੇ ਉਹਦੇ ਗੋਢੇ ਤੇ ਹੱਥ ਰੱਖ ਕੇ ਹੱਲਾ-ਸ਼ੇਰੀ ਵਿੱਚ ਬੋਲੀ, 'ਜੇਰਾ ਰੱਖ ਸਾਊ, ਕਿਤੇ ਰੱਬ ਵੀ ਤੇ ਸਾਡਾ ਹੋਊ, ਅਏਂ ਰੋਇਆਂ ਕੇੜ੍ਹਾ ਢਾਡਾ ਰਿੱਜ-ਦੈ' ਅੱਖਾਂ ਪੂੰਜਣ ਲਈ ਚੁੰਨ੍ਹੀ ਦਾ ਲੜ ਅੱਗੇ ਕੀਤਾ ਤਾਂ ਬਲੌਰੇ ਨੇ ਕੌੜ ਕੇ ਵੇਖਿਆ, ਤਾਂ ਫੇਰ ਆਪਣਾ ਸੁੱਕਾ ਮੱਥਾ ਈ ਪੂੰਜਣ ਲੱਗ ਪਈ।

ਦੀਸਾਂ ਨੇ ਹੱਥ ਵਿੱਚ ਫੜ੍ਹੀ ਰੋਟੀ ਵਾਲ਼ੀ ਥਾਲੀ ਵਿਹੜੇ ਵਿੱਚ ਭੁੰਜੇ ਰੱਖ ਦਿੱਤੀ। ਬਾਹਰੋਂ ਮੋਤੀ ਕੁੱਤਾ ਆ ਕੇ ਦਾਲ ਲੱਕਣ ਲੱਗ ਪਿਆ। ਸਵਾਤ ਦੇ ਤਖ਼ਤੇ ਨਾਲ਼, ਟੇਢੇ ਲੋਟ ਈ ਡੁੰਨ ਵੱਟਾ ਬਣ ਕੇ ਪਥੱਲਾ ਮਾਰ ਕੇ ਬਹਿ ਗਈ, 'ਜੇ ਐਸ ਘਰ ਨੇ ਜੇਰਾ ਨੀ ਕਰਿਆ ਫੇਰ ਕਰਿਆ ਕੀਹਨੇ ਐ, ਜੇਰਾ ਕਰਕੇ ਈ ਏਨਾ ਪਾਵਿਆਂ ਨੂੰ ਅੱਪੜੇਂ ਆ ਬੇਬੇ'।

ਨਸੀਬੋ ਦੀ, ਰੋਅਬ ਪਾਉਣ ਲਈ ਬਿਨਾ ਜਾੜ੍ਹਾਂ ਤੋਂ ਵੱਟੀ ਕਚੀਚੀ ਨਾਲ਼ ਗੱਲ੍ਹਾਂ ਦਾ ਮਾਸ ਵਿੱਚ ਨੂੰ ਧਸ ਗਿਆ। ਤਾਲੂਏ ਨਾਲ਼ ਜੰਮੀ ਜੀਭ ਖਗੂੰਰਾ ਮਾਰ ਕੇ ਗਿੱਲੀ ਕੀਤੀ, ਤੇ ਬੋਲੀ, 'ਨੀ ਆਹ ਲੂਤਰੋ ਨੂੰ ਜਕ ਚ ਨ੍ਹੀ ਰੱਖੀ-ਦਾ, ਕੇ ਮਰਿਆ ਈ ਭਾਲਦੀ ਐਂ, ਭਾਜਾ ਹਈਥੋਂ ਸਾੜ ਸੱਤੀ, ਢਿੱਡੋਂ ਜੰਮੀ ਜਾਨ ਦੀ ਵੈਰੀ' ਸੋਟੀ ਧਰਤੀ ਤੇ ਦੋ ਵਾਰ ਮਾਰ ਕੇ, ਤੀਜੀ ਵਾਰ ਤਖ਼ਤੇ ਤੇ ਮਾਰੀ। ਓਨਾ ਚਿਰ ਉਹਦੇ ਵੱਲ ਸੋਟੀ ਹਿਲਾਉਂਦੀ ਹੋਈ ਝਾਕੀ ਈ ਗਈ, ਜਿੰਨ੍ਹਾਂ ਚਿਰ ਦੀਸਾਂ ਚਲੀ ਨਹੀਂ ਗਈ। ਤੇ ਫੇਰ ਬਲੌਰੇ ਵੱਲ ਅਹੁਲੀ, 'ਸਾਊ ਦਾਤਾ ਸਵ ਕੁਛ ਵੇਖੀ-ਝਾਕੀ ਜਾਂਦੈ, ਲੈ ਫੜ੍ਹ...' ਚਾਹ ਦੀ ਬਾਟੀ ਚੱਕ ਕੇ ਉਹਦੇ ਹੱਥਾਂ ਕੋਲ਼ ਕੀਤੀ।

ਬਲੌਰੇ ਨੇ ਖੱਬੇ ਹੱਥ ਦੇ ਮੁਰਚੇ ਨੂੰ ਲੱਤਾਂ ਦੇ ਸੰਨ੍ਹ ਵਿੱਚ ਏਨੀ ਜ਼ੋਰ ਨਾਲ਼ ਦਾਬ ਦੇ ਕੇ ਘੁੱਟਿਆ ਕਿ ਲਹੂ ਦਾ ਵਹਾ ਖੜ੍ਹ ਜਾਣ ਕਰਕੇ ਉਂਗਲਾਂ ਸੁੰਨ ਹੋ ਗਈਆਂ। ਉਹ ਦੀਆਂ ਰਗਾਂ ਵਿੱਚ ਕਿੰਨਾ ਰੋਣ ਅੜਿਆ ਪਿਆ ਸੀ, 'ਬੇਬੇ ਕਦੇ-ਕਦੇ ਭੈਅ ਔਣ ਲੱਗ ਪੈਂਦਾ, ਰੱਬ ਕਿਤੇ ਦੇਹ ਚੋਂ ਜਾਨ ਕੱਢਣੀ ਈ ਨਾ ਭੁੱਲ-ਜੇ, ਜੇ ਆਪਾਂ ਨੂੰ ਮਾਰਨਾ ਈ ਭੁੱਲ ਗਿਆ ਨਾ, ਐਸ ਜੂਨ ਦੇ ਕੋਹਲੂ ਚ ਪਿੰਜਦੇ ਰਵਾਂ-ਗੇ' ਹੱਥਾਂ ਦੀਆਂ ਤਲੀਆਂ ਨੂੰ ਜ਼ੋਰ ਨਾਲ਼ ਆਪਸ ਵਿੱਚ ਰਗੜ ਕੇ ਘਸਾਇਆ ਤਾਂ ਮੈਲ਼ ਦੀਆਂ ਵੱਤੀਆਂ ਲੱਥ ਗਈਆਂ।

ਹਵਾ ਦੇ ਬੁੱਲੇ ਨਾਲ਼ ਚੁੰਨੀ ਸਿਰ ਤੋਂ ਲਹਿ ਕੇ ਬਾਹਵਾਂ ਵਿੱਚ ਆ ਪਈ ਤੇ ਜੀਹਦਾ ਪੱਲਾ ਅੱਡ ਕੇ ਅੰਬਰ ਵੱਲ ਝਾਕ ਕੇ ਬੋਲੀ, 'ਡੱਕੇ ਨਾਲ਼ੋਂ ਵੀਰ ਖੁੰਗੀ ਨ੍ਹੀ ਭੰਨੀ, ਖਵਰੇ ਕਾਹਨੂੰ ਐਵ ਜੇ ਦਿਨ ਵਖੌਂਦਾ ਵਾਖ਼ਰੂ, ਹੇ ਸੱਚਿਆਰਿਆ ਕਾਹਦੇ ਪਰਤਿਆਵੇ ਲੈਨਾ, ਚੱਕ ਲੈ ਸੰਘੀ ਤੋਂ ਗੂਠਾ, ਲੈਣ ਦੇ ਸੌਖ ਦਾ ਸਾਹ..' ਫੇਰ ਉਹ ਚੁੰਨੀ ਦੇ ਅੱਡੇ ਪੱਲੇ ਦੀਆਂ ਮੋਰੀਆਂ ਵੱਲ ਬਿੱਟ-ਬਿੱਟ ਝਾਕੀ ਗਈ। ਚਿੱਤ ਚ ਖੁੜਕੀ, 'ਖਰੇ ਵਾਗਰੂ ਸੁਣਦਾ ਈ ਹੋਏ, ਤੇ ਨਿਆਮਤ ਏਨ੍ਹਾਂ ਮੋਰੀਆਂ ਚੋਂ ਸੁਰ ਜਾਂਦੀ ਹੋਏ, ਰੱਬ ਸੁਣੇ ਵੀ ਕੀਹਦੀ-ਕੀਹਦੀ, ਸਰਦੇ-ਵਰ੍ਹਦੇ ਲੋਕਾਂ ਨੇ ਵੀ ਮੰਗਣ ਤੇ ਈ ਲੱਕ ਬੱਧਿਆ..' ਉਹਨੇ ਚੁੰਨੀ ਨੂੰ ਤੋਪਾ ਭਰ ਕੇ ਰਫੂ ਕਰਨ ਦੀ ਸੋਚੀ।

'ਐਨੇ ਦੁੱਖ ਝੱਲ ਕੇ ਰੱਬ ਨੀ ਜਿਉਂ ਸਕਦਾ ਬੇਬੇ ਆਵਦੀ ਬਣਾਈ ਦੁਨੀਆ ਚ, ਆਪਾਂ ਖਣੀ ਕੇੜ੍ਹੀ ਮਿਟ ਦੇ ਬਣੇ ਆਂ' ਬਲੌਰੇ ਦਾ ਭੁੱਬ ਮਾਰ ਕੇ ਰੋਣ ਨੂੰ ਚਿੱਤ ਕਰਦਾ ਸੀ, ਪਰ ਰੋਣਾ ਠੱਲ੍ਹਣ ਲਈ ਧੱਕੇ ਨਾਲ਼ ਵਿਹਰ ਕੇ ਹੱਸ ਪਿਆ, 'ਰੱਬ ਆਪਾਂ ਨੂੰ ਰੁਵਾ ਕੇ ਤਰਲੇ ਕਢਾ ਕੇ ਰਾਜ਼ੀ ਐ, ਪਰ ਹੁਣ ਮੰਵੀਂ ਨ੍ਹੀ ਓਹਦੇ ਚਿੱਤ ਦੀ ਪੁੱਗਣ ਦੇਣੀ'।

ਨਸੀਬੋ ਨੇ ਹਾਉਕਾ ਖਿੱਚਿਆ ਤਾਂ ਬਲੌਰੇ ਨੇ ਪੈਰੋਂ ਜੁੱਤੀ ਲਾਹ ਲਈ, 'ਆਹ ਧੌੜ੍ਹੇ ਦੀ ਜੁੱਤੀ ਨਾਲ਼ ਮੈਥੋਂ ਛੋਤ ਨਾ ਲੁਹਾ-ਲੀਂ" ਫੇਰ ਨਸੀਬੋ ਵੀ ਡਰਦੀ ਮਾਰੀ ਮੂੰਹ ਵਿੱਚ ਬਚੇ ਅਗਲੇ ਦੋ ਕੁ ਦੰਦਾਂ ਨਾਲ਼ ਹੱਸ ਪਈ, 'ਬੇਬੇ ਤੈਂ ਬਲਾਂ ਵੱਡੀ ਗਲਤੀ ਕਰੀ' ਆਖੀ ਗੱਲ ਦਾ ਆਪ ਈ ਸਿਰ ਨੂੰ ਹਿਲਾ ਕੇ ਹੁੰਗਾਰਾ ਭਰੀ ਗਿਆ, 'ਕਿਤੇ ਜਣਦੇ ਦੀਆਂ ਰਗਾਂ ਮਲ ਕੇ ਫੜਕਾਇਆ ਹੁੰਦਾ, ਅੱਜ ਨੂੰ ਕੁੱਤਾ-ਬਿੱਲਾ ਬਣ ਕੇ ਮੌਜਾਂ ਕਰਦਾ, ਪਰ ਜਿਦੋਂ ਰੱਬ ਕਿਸੇ ਦੀ ਰੂਹ ਦੇ ਈ ਖ਼ਤ ਪੈ-ਜੇ ਫੇਰ ਕਿਸੇ ਜੂਨ ਚ ਨ੍ਹੀ ਛੱਡਦਾ'।

ਇਹ ਸੁਣਦੇ ਸਾਰ ਨਸੀਬੋ ਦੀ ਹਰ ਉਮੀਦ ਦਾ ਤਰਾਹ ਨਿਕਲ਼ ਗਿਆ, ਪਰ ਹੰਝੂ ਆਨੇ ਵਿੱਚੋਂ ਇੱਕ ਵੀ ਨਹੀਂ ਸਿੰਮਣ ਦਿੱਤਾ, 'ਨਾ ਵੇ ਇਉਂ ਨਾ ਆਖ, ਤੇਰੇ ਜਰਮ ਵੇਲ਼ੇ ਐਦੂੰ ਕੋਲ਼ ਢੱਠੇ ਦੇ ਬਲ੍ਹ ਅਰਗੀ ਦਸ ਘੁੰਮਾਂ ਪੈਲੀ ਸੀਗੀ, ਜੇ ਸਾਰ ਹੁੰਦੀ ਐਂ ਹੋਊ, ਜੰਮ ਕੇ ਕਾਹਤੋਂ ਸੋਡਾ ਸ਼ਰਾਪ ਲੈਂਦੀ, ਐਨੇ ਅਢਾ-ਤੇ ਗੁਲ ਸਰਲੇ'।

ਬਲੌਰੇ ਨੂੰ ਸਵਾਤ ਵਿੱਚ ਪਈ ਹਰ ਸ਼ੈਅ ਹਵਾ ਵਿੱਚ ਉੱਡਦੀ ਹੋਈ ਨਜ਼ਰ ਆਈ। ਸੰਦੂਕ ਤੇ ਪਏ ਟਰੰਕ ਵਿੱਚੋਂ ਲੀੜੇ ਬਾਹਰ ਨੂੰ ਆਉਂਦੇ ਦਿਸੇ। ਸਿਰ ਨੇ ਇਉਂ

ਹੰਦਾਲੀ ਖਾਧੀ, ਜਿਵੇਂ ਕਿਸੇ ਨੇ ਭੰਵਾਲ਼ੀ ਦੇ ਕੇ ਛੱਡਿਆ ਹੁੰਦਾ।

ਉਹ ਪੈਰ ਫੜ ਕੇ ਪੀੜੀ ਤੋਂ ਭੁੰਜੇ ਉੱਤਰ ਕੇ ਪੱਥਲਾ ਮਾਰ ਕੇ ਬਹਿ ਗਈ, 'ਨਾ ਵੇ ਐਨਾ ਮਾੜਾ ਨਾ ਕਰੀਂ ਸਾਡਾ, ਆਵਦੀ ਮੌਤ ਨੂੰ ਮੈਂ ਵੀ ਤੇਰੇ ਆਸਰੇ ਨੇੜ ਨੂੰ ਕਰਦੀ ਆਂ, ਸਾਡੇ ਆਸਤੇ ਈ ਜਿਉਂ-ਲੈ' ਉਹਦੇ ਗੋਢੇ ਦੀ ਚੱਪਣੀ ਤੇ ਆਪਣਾ ਮੱਥਾ ਦੋ ਵਾਰ ਠੋਕਰ ਲਿਆ।

'ਜਿੰਦ ਦੇ ਗੁੱਡੇ ਨੂੰ ਹੋਰਾਂ ਲਈ ਵੀ ਸਾਹਾਂ ਦੇ ਤੁਣ ਕੇ ਮਾਰੇ ਐ, ਆਵਦੇ ਲੀ ਤੇ ਕਰਮ ਵੀ ਨੀ ਲਖਾਏ' ਜੰਗਲੇ ਵਿੱਚੋਂ ਦੀ ਬਾਹਰ ਅੰਬਰ ਵੱਲ ਝਾਕ ਕੇ, ਘੂਰੀ ਵੱਟ ਕੇ ਮੁੱਛ ਨੂੰ ਤਾਅ ਦਿੰਦੇ ਹੋਇਆਂ ਥੁੱਕ ਦਿੱਤਾ, 'ਥੂਹ..!'

*** *** ***

ਬਲੌਰਾ ਛੱਤ ਦੇ ਬਾਲਿਆਂ ਵੱਲ ਝਾਕੀ ਗਿਆ। ਫੇਰ ਮੀਹਾਂ ਦੀ ਰੁੱਤ ਨੇੜ ਆਈ ਖੜੀ ਵੇਖ ਕੇ, ਛੱਤ ਤੇ ਮਿੱਟੀ ਪਾਉਣ ਦੀ ਵਿਉਂਤ ਘੜਣ ਲੱਗ ਪਿਆ। ਕੋਰ ਮਿੱਟੀ ਮਿਲਦੀ ਵੀ ਬੜੀ ਅਖਿਆਈ ਨਾਲ਼ ਸੀ। ਦੂਜੀ ਮਿੱਟੀ ਦਾ ਸ਼ੋਰਾ ਕਾਨਿਆਂ ਨੂੰ ਖਾ ਜਾਂਦਾ। ਕਿਸੇ ਕੁੱਤੇ ਦੇ ਛੱਤ ਤੇ ਭੱਜਣ ਦੀ ਪੈੜ ਚਾਲ ਸੁਣੀ ਤਾਂ ਉਹਨੇ ਜ਼ੋਰ ਨਾਲ਼ 'ਛੀ' ਦੀ ਬੁਸ਼ਕਰ ਮਾਰ ਕੇ ਤਾੜੀ ਮਾਰੀ 'ਹਿਲਾ-ਤ'।

ਤੱਸਲੇ ਨੂੰ ਜਾਣ ਕੇ ਅਟੇਰਨ ਨਾਲ਼ ਖੜਕਾ ਕੇ ਨਸੀਬੋ ਨੇ ਉਹਦੀ ਸੁਰਤੀ ਤੋੜਣ ਦੀ ਕੋਸ਼ਿਸ਼ ਕੀਤੀ, ਪਰ ਉਹ ਉਵੇਂ ਈ ਸਿਸਤ ਬੰਨ੍ਹ ਕੇ ਝਾਕੀ ਗਿਆ। ਤਾਂ ਛੱਤ ਦੇ ਥਾਣਾਂ ਵਿੱਚ ਲੱਗੇ ਜਾਲਿਆਂ ਵੱਲ ਨਿਹਾਰਦੀ ਨੇ ਝੋਰਾ ਕੀਤਾ, 'ਬਾਲ਼ੇ ਵੀ ਐਨ ਠਾਂਹ ਲਿਫੇ ਔਂਦੇ ਆ, ਮੀਂਹ ਚ ਪੂਰਾ ਖ਼ੋਰ ਪੈਂਦਾ, ਕਿਤੇ ਕੋਈ ਬੱਠਲ ਧਰਦੇ ਆਂ, ਕਿਤੇ ਧਾਮਾ, ਛਤੱਅ ਏਨਾ ਚਿਉਂਦਾ ਕੇ ਭਾਂਡੇ ਈ ਮੁੱਕ ਜਾਂਦੇ ਐ' ਛੱਤ ਤੋਂ ਪਈ ਪਾਣੀ ਦੀ ਘਰਾਲ ਕਰਕੇ, ਕੰਧ ਤੇ ਅਜੇ ਵੀ ਗਾਰੇ ਦੀ ਲੰਬੀ ਲਕੀਰ ਸੀ।

ਸਫ਼ੈਦੇ ਦੀ ਸ਼ਤੀਰ ਵਿੱਚੋਂ ਚੀਰ ਕੇ ਬਣਾਏ, ਮੀਂਹ ਦੀ ਵਾਛੜ ਨਾਲ਼ ਖਾਧੇ ਵਿੰਗ-ਤੜਿੰਗੇ ਹੋਏ ਤਖ਼ਤੇ ਦੇ ਫੱਟਾਂ ਵੱਲ ਵੇਖਿਆ। ਜਿਨ੍ਹਾਂ ਵਿੱਚ ਦੋ-ਉਂਗਲ ਭਰ ਦੀਆਂ ਹੋਈਆਂ ਵਿਰਲਾਂ ਨੂੰ, ਉਹਨੇ ਕਈ ਥਾਂਵਾਂ ਤੋਂ ਚੀਪਟਾਂ ਲਾ ਕੇ ਬੰਦ ਕਰਿਆ ਸੀ। 'ਹੂੰ ਏਹ ਤਾਂ ਹੈ, ਜਿਹੋ-ਜੇ ਬੰਦਿਆਂ ਦੇ ਸੁਭਾਅ ਕੱਬੇ ਹੋ-ਗੇ, ਓਵਜੀ ਧਰਤੀ ਦੀ ਮਿੱਟ ਹੋ-ਗੀ, ਰੱਬ ਨੇ ਵੀ ਸਾਡੇ ਘਰਾਂ ਦੀਆਂ ਨੀਹਾਂ ਚੋਂ ਇੱਟਾਂ ਕੱਢ ਕੇ ਪਤਾ ਨੀ ਕੀਹਦੇ ਚਬਾਰੇ ਛੱਤਣੇ ਐ'।

ਨਸੀਬੋ ਨੇ ਨਾਲ਼ ਈ ਪੈਂਤਰਾ ਲਿਆ, 'ਐਂ ਨਈਂ ਬੱਲ੍ਹੋਂ ਪੈਣੀ ਵੀਰ, ਕਰਮਾਂ ਦੇ ਗੇੜ ਨੂੰ ਐਂ ਪੁੱਠਾ ਘਕੌਣਾ ਪੈਣਾ' ਮੁੱਠੀ ਮੀਚ ਕੇ ਇਉਂ ਘੁੰਮਾ ਦਿੱਤੀ ਜਿਵੇਂ ਚੱਕੀ ਦੀ ਹੱਥੀ ਗੇੜੀ ਹੁੰਦੀ ਹੈ, 'ਕਿਹੇ ਨੂੰ ਭਲੱਚੇ ਚ ਲੈ ਕੇ ਗੇੜ ਬਣਾ, ਵਾਹੀ ਬਿਜਾਈ ਵੇਲੇ ਹੋ-ਦੇ ਸੰਦ-ਸਹੇੜੇ ਨਾਲ਼ ਡੰਗੂ ਮਾਰ ਲਿਆ, ਖਰੇ ਚਾਰ ਛਿੱਲੜ ਜੇਵ ਚ ਡੱਕੇ ਜਾਣ' ਤਸਲੇ ਵਿੱਚੋਂ ਬੁੜਕ ਕੇ ਬਾਹਰ ਨਿਕਲ਼ੇ ਗਲੋਟੇ ਨੂੰ ਲੱਗੀ ਮਿੱਟੀ ਝਾੜ ਕੇ, ਫੇਰ ਵਿੱਚ ਧਰ ਲਿਆ।

ਬਲੌਰੇ ਦੇ ਅਕਲ ਖ਼ਾਨੇ ਪੈ ਗਈ ਕਿ, 'ਬੇਬੇ ਹੁਣ ਏਸ ਪੀੜ੍ਹੀ ਨੂੰ ਛੱਡ ਕੇ ਅਗਲੀ ਕੁੱਲ ਬਾਰੇ ਸੋਚਣ ਲੱਗ ਪਈ ਐ'। ਉਹ ਕਣਕ ਦੀ ਬੋਰੀ ਕੋਲ਼ ਪੱਟੀ ਖੁੱਡ ਵੱਲ ਵੇਖਣ ਲੱਗ ਪਿਆ, ਜੀਹਦੇ ਚ ਵਸਣ ਵਾਲ਼ਾ ਚੂਹਾ ਉਹਨਾਂ ਤੋਂ ਡਰ ਕੇ ਕਦੇ ਵੀ ਨਹੀਂ ਸੀ ਭੱਜਿਆ। ਫੇਰ ਢਿੱਡ ਵਿੱਚ ਪਈ ਭੂੱਬਲ ਚਿੱਥ ਕੇ ਬਾਹਰ ਕੱਢੀ, 'ਘਾਣੀ ਤਾਂ ਫੇਰ ਤੇਰੇ ਸਾਬ ਨਾਲ਼ ਲੋਟ ਐ, ਅਣਖ਼ ਫੜਕਾ ਕੇ ਈ ਸਈ, ਚੱਲ ਔਣ ਆਲ਼ੇ ਲੁੰਗ-ਲਾਣੇ ਦਾ ਕੁਛ ਤਾਂ ਸਮਾਰ ਲੀਏ, ਹੂੰ..'।

ਉਹ ਰੋਂਦੂ ਜਿਹਾ ਮੂੰਹ ਬਣਾ ਕੇ ਦੀਸਾਂ ਵੱਲ ਵੇਖ ਕੇ ਹੱਸ ਪਿਆ। ਜੋ ਪਰਸੋਂ ਦੀ ਨਸੀਬੋ ਦੇ ਹਯਾ ਲਾਹੁਣ ਕਰਕੇ ਅਜੇ ਤੱਕ ਮੂੰਹ ਢਿੱਲ੍ਹਾ ਕਰੀ ਬੈਠੀ ਸੀ।

'ਮੇਰੀ ਰੈ ਨੂੰ ਟਿੱਚ ਨਾ ਗੌਲੀਂ" ਅੱਗੇ ਨਿਉਂ ਕੇ ਗਲੋਟੇ ਦੇ ਤੰਦ ਨੂੰ ਫੜ੍ਹ ਕੇ, ਅਗੂੰਠੇ ਨੂੰ ਥੁੱਕ ਲਾ ਕੇ ਫੇਰ ਜੋੜ ਲਿਆ, 'ਵਾਰੇ ਨਿਆਰੇ ਹੋਣ-ਗੇ, ਮੇਰੀ ਆਖੀ ਲੋਹੇ ਤੇ ਲਖੀਤਰ ਜਾਣ' ਅਟੇਰਨ ਦੀ ਅੱਸੀ ਨਾਲ਼ ਉਹਨੇ ਧਰਤੀ ਤੇ ਲਕੀਰ ਖਿੱਚ ਦਿੱਤੀ।

ਇੰਨੇ ਅਜੈਵ ਨੇ ਚੌਂਤਰੇ ਤੇ ਆਉਣ ਤੋਂ ਪਹਿਲਾਂ ਖੰਗੂਰਾ ਮਾਰਿਆ ਤਾਂ ਜੋ ਦੀਸਾਂ ਹਿੱਕ ਤੇ ਚੁੰਨੀ ਦੀ ਬੁੱਕਲ ਮਾਰ ਲਏ। ਕਿੱਲੀ ਤੇ ਟੰਗੀ ਮਸ਼ਕ ਵਿੱਚੋਂ ਪਾਣੀ ਪੀਣ ਲਈ ਆਇਆ, ਤੇ ਪਤਾ ਨਹੀਂ ਕੀਹਨੂੰ ਸੁਣਾਈ ਗਿਆ, 'ਫੰਡਰ ਕੁੱਤੀ ਕਤੂਰਿਆਂ ਦੀ ਰਾਖੀ ਗੱਲਾਂ ਚ ਆ ਕੇ ਚਾਰ ਘੁੰਮਾਂ ਪੈਲੀ ਸੋਡੇ ਪੁੱਤ ਦੇ ਨਾਂ ਕਾਹਦੀ ਲ਼ਵਾ-ਤੀ, ਹੁਣ ਠਾਂਗਰ ਬਣ ਕੇ ਵਖੌਂਦੇ ਐ, ਕੈ ਚਿਰ ਹੋ ਗਿਐ ਰੰਬੀ ਜਾਂਦੇ ਨੂੰ ਬੀ ਪਾਣੀ ਦੀ ਘੁੱਟ ਫੜ੍ਹਾ-ਜੋ' ਇੰਨੇ ਹੀ ਬਲੌਰੇ ਦੇ ਖੱਬੇ ਹੱਥ ਦੀ ਵੱਜੀ ਚੁਟਕੀ ਸੁਣ ਕੇ ਉਹ ਦੋਏਂ ਹੱਥ ਪਿੱਛੇ ਕਰਕੇ ਬਾਹਰ ਨੂੰ ਤੁਰ ਗਿਆ। ਉਹਦਾ ਚਿੱਤ ਕਰਿਆ ਕਿ ਹੁਣੇ ਬੰਨ੍ਹੀ ਪੱਗ ਦਾ ਲੜ ਲੋਟ ਕਰਨ ਦੇ ਪੱਜ ਨਾਲ਼ ਪਿੱਛੇ ਭਉਂ ਕੇ ਬਲੌਰੇ ਵੱਲ ਵੇਖੇ, ਪਰ ਏਨੀ ਹਿੰਮਤ ਵੀ ਉਹ ਨਹੀਂ ਸੀ ਕਰ ਸਕਿਆ। ਬਾਹਰ ਆ ਕੇ ਉਹਨੇ ਦੋਵਾਂ ਹੱਥਾਂ ਦੀ ਕੋਕਲੀ ਬਣਾ ਕੇ, ਤਖਤੇ ਦੀ ਵੱਡੀ ਵਿਰਲ ਵਿੱਚੋਂ ਵੀ ਸੁਆਤ ਵਿੱਚ ਬੈਠੇ ਬਲੌਰੇ ਨੂੰ ਗਹੁ ਨਾਲ਼ ਵੇਖਿਆ, 'ਹੂੰ..' ਕਹਿ ਕੇ ਸੱਥ ਵੱਲ ਜਾਣ ਦੀ ਬਿਜਾਏ ਫੇਰ ਨੀਵੀਂ ਸਿੱਟ ਕੇ ਤੁਰਦਾ ਹੋਇਆ ਛੱਤੜੇ ਹੇਠ ਪਏ ਆਵਦੇ ਮੰਜੇ ਤੇ ਆ ਕੇ ਬਹਿ ਗਿਆ।

'ਖੁੱਲ੍ਹਾ ਖੇਡਣ ਦੇ' ਬਲੌਰੇ ਨੇ ਤੱਸਲੇ ਵਿੱਚੋਂ ਬੁੜਕ ਰਹੇ ਗਲੋਟੇ ਨੂੰ ਚੱਕ ਕੇ ਭੁੰਜੇ ਰੱਖ ਦਿੱਤਾ। ਨਸੀਬੋ ਨੇ ਉਹਦੇ ਝੱਗੇ ਦੀ ਪਾਟੀ ਜੇਬ ਵੇਖੀ ਤਾਂ ਉਹਨੇ ਕਿਹਾ, 'ਰਾਤੀਂ ਏਹ ਸੂਲ ਆਨੂੰ ਚੁਬੀ ਜਾਂਦੀ ਸੀਗੀ, ਪਾੜ ਕੇ ਮੈਂ ਬਲਦੀ ਜੋਤ ਵਿੱਚ ਸਾੜ੍ਹ-ਤੀ, ਜਿਦੋਂ ਐਦੇ ਚ ਕੁਛ ਪਾਉਣ ਨੂੰ ਈ ਨ੍ਹੀ ਹੁੰਦਾ, ਫੇਰ ਕਾਹਨੂੰ ਐਵੇਂ ਭਾਰ ਚੱਕਣਾ'।

ਤੇ ਬਾਹਾਂ ਨੂੰ ਸਿਰ ਓਤਦੀ ਉਲਾਰ ਕੇ ਨੇਸ਼ਤੀ ਭੰਨ੍ਹੀ ਤੇ ਘਰੋਂ ਤੁਰ ਗਿਆ। ਗੋਢਿਆਂ ਤੋਂ ਨੀਵਾਂ ਮੂੰਗੀਏ ਰੰਗ ਦਾ ਕੁੜਤਾ ਤੇ ਗਿੱਟਿਆਂ ਤੋਂ ਥੋੜ੍ਹਾ ਚੱਕਵਾਂ ਭੂਰਾ ਚਾਦਰਾ ਉਹਦੀ ਦਿਖ ਨੂੰ ਹੋਰ ਵੀ ਨਰੋਆ ਬਣਾਉਂਦਾ ਪਿਆ ਸੀ। ਸਾਫਾ ਉਹ ਕੰਨ ਕੋਲ਼ੋਂ ਲੜ ਛੱਡ ਕੇ ਬੰਨ੍ਹਦਾ ਸੀ। ਹਨੇਰੀ ਨੇ ਗਲ਼ੀਆਂ ਵਿੱਚ ਵਿਛੀ ਕੱਕੀ-ਰੇਤ ਉਡਾ ਕੇ 'ਖੂੰਜੇ-ਲੈਨ' ਲਾ ਦਿੱਤੀ ਸੀ ਤਾਂ ਹੇਠਾਂ ਤੋਂ ਪੱਕ-ਰੋੜ ਨਿਕਲ਼ ਆਈ। ਰੋੜਾਂ ਦੇ ਮਿਧਣ ਦੀ ਅਵਾਜ਼ ਜੁੱਤੀ ਹੇਠੋਂ 'ਜਰਕ' ਕਰਕੇ ਆਉਂਦੀ ਪਈ ਸੀ, ਜੋ ਉਹਨੂੰ ਹੋਰ

ਵੀ ਚੰਗੀ ਲੱਗੀ ਤਾਂ ਉਹ ਜਾਣ-ਜਾਣ ਕੇ ਹਰ ਲੱਤ ਤੇ ਆਪਣਾ ਸਾਰਾ ਭਾਰ ਪਾ ਕੇ ਤੁਰਨ ਲੱਗਿਆ। ਇਉਂ ਤੁਰਨ ਨਾਲ਼ ਲਹੂ ਵਿੱਚ ਕੋਈ ਜੋਸ਼ ਨੱਚਣ ਲੱਗ ਪਿਆ।

ਨਸੀਬੋ ਦੀ ਕਿਸੇ ਨਾਲ਼ ਗੇੜ ਬਣਾ ਕੇ ਗਊਂ ਕੱਢਣ ਵਾਲ਼ੀ ਗੱਲ ਜਚ ਗਈ। ਉਹ ਬਚਨ ਦੇ ਵੱਲ ਤੁਰ ਪਿਆ। ਇਨ੍ਹਾਂ ਦੇ ਖੇਤਾਂ ਵਿੱਚ ਕੰਮ ਕਰਨ ਨਾਲ਼ ਰੂਹ ਨੂੰ ਸਕੂਨ ਵੀ ਮਿਲਦਾ ਸੀ। ਕਿਉਂਕਿ ਟਾਹਲ਼ੀਆਂ ਵਾਲ਼ੀ ਸੱਤ ਕਿੱਲੇ ਪੈਲੀ ਹੌਲ਼ੀ-ਹੌਲ਼ੀ ਅਜੈਵ ਨੇ ਇਨ੍ਹਾਂ ਨੂੰ ਹੀ 'ਬੈ' ਕੀਤੀ ਸੀ। ਪਰ ਅਜੇ ਵੀ ਕੋਈ ਸਾਂਝ ਲਹੂ-ਮਿੱਟੀ ਜਿਹੀ ਉਸ ਖੇਤ ਨਾਲ਼ ਜੁੜੀ ਹੋਈ ਸੀ। ਰੀਝ ਸੀ, ਕਿ ਸਾਰੀ ਵੇਚੀ ਪੈਲੀ ਨੂੰ ਆਪ ਠੇਕੇ ਤੇ ਲੈ ਕੇ ਵਾਹੇ-ਬੀਜੇ।

ਜਦੋਂ ਬਲੌਰਾ ਮੋਦਨ ਕੇ ਬਾਰ੍ਹ ਅੱਗੋਂ ਦੀ ਲੰਘਣ ਲੱਗਿਆ ਤਾਂ ਉਹਦੀ ਅੱਖ ਮੱਲੋ-ਮੱਲੀ ਖੁੱਲ੍ਹੇ ਬੂਹੇ ਵਿੱਚੋਂ ਦੀ, ਵਿਹੜੇ ਵਿੱਚ ਬੱਠਲ ਚੱਕ ਕੇ ਲਈ ਜਾਂਦੀ, ਦਾਰੋ ਨਾਲ਼ ਰਲ ਗਈ। ਬਿੰਦ ਦੀ ਬਿੰਦ ਅੰਦਰੋਂ ਇੱਕ ਧੂੰਏਂ ਦਾ ਗੁਬਾਰ ਉਠ ਕੇ ਸਿਰੋਂ ਲੈ ਕੇ ਪੈਰਾਂ ਤੱਕ ਝੰਜੋੜ ਗਿਆ। ਉਹ ਦੋਵੇਂ ਹੱਥਾਂ ਦੀ ਕੰਘੀ ਪਿੱਠ ਪਿੱਛੇ ਕਰਕੇ, ਅੱਗੇ ਨਾਲ਼ੋਂ ਨਾ-ਮਾਮੂਲੀ ਜਿਹੀ ਨੀਵੀਂ ਪਾ ਕੇ, ਉੱਚਾ ਝਾਕਦਾ ਹੋਇਆ ਅੱਗੇ ਲੰਘ ਗਿਆ। ਇਜ ਕਿਸੇ ਦੇ ਘਰ ਵਿੱਚ ਓਪਰਾ ਵੇਖਣਾ ਭਾਵੇਂ ਠੀਕ ਨਹੀਂ ਸੀ ਲੱਗਿਆ, ਪਰ ਫੇਰ ਵੀ ਚਿੱਤ ਨੂੰ ਕਰਾਰ ਆ ਗਿਆ।

ਕਦੇ ਮੂਰਤੀ ਨੇ ਇਹਦਾ ਸਾਕ ਕਰਾ ਦੇਣ ਦੀ ਨਸੀਬੋ ਕੋਲ਼ ਗੱਲ ਕੀਤੀ ਸੀ। ਉਹ ਬੜੇ ਚਾਅ ਨਾਲ਼ ਘਰ ਆਈ, ਹੱਥ ਵਿੱਚ ਫੜ੍ਹਿਆ ਰੋਟ ਉਹਨੇ ਗਲੀ ਵਿੱਚ ਆਉਂਦੇ ਜਵਾਕਾਂ ਨੂੰ ਵੰਡ ਦਿੱਤਾ ਸੀ, ਤੇ ਅਜੈਬ ਨੂੰ ਦੱਸਿਆ, 'ਅੱਸੂ ਚੜ੍ਹਦੇ ਤੋਂ ਅਗੇਤਾ ਈ ਮੈਂ ਬਲੌਰਾ ਵਿਆ ਲੈਣਾ, ਹਾਂ, ਮੂਰਤੀ ਦੇ ਮਾਮੇ ਦੀ ਕੁੜੀ ਤਾਂ ਵੇਖੀਂ, ਕਾਲ਼ੇ ਕਾਵਾਂ ਨੂੰ ਹੱਥ ਲਾਵੇ ਤਾਂ ਬੱਗੇ ਹੁੰਦੇ ਐ, ਐਨ ਚਿੱਟੇ-ਚਟਾਕ..'।

ਅਜੈਵ ਨੇ ਦੋਏਂ ਹੱਥਾਂ ਦੇ ਨਹੁੰਆਂ ਨਾਲ਼ ਮੌਰਾਂ ਨੂੰ ਖੁਰਕਦੇ ਹੋਇਆਂ ਕੋਲ਼ ਬੈਠੇ ਬਲੌਰੇ ਦੇ ਮੂੰਹ ਤੇ ਈ ਕਹਿ ਦਿੱਤਾ, 'ਐਵੇਂ ਨਾ ਪੈਲ੍ਹਾਂ ਪਾਈ ਜਾ, ਏਹ ਸਾਰੀ ਤੈਥੋਂ ਘਰ ਦੇ ਕੰਮ ਕਰੌਣ ਦੀ ਵਿੱਡ ਐ, ਕਦੇ ਮੂੰਹ ਚ ਪਾਈ ਗਿੜਕ ਵੀ ਉੱਗੀ ਐ' ਭਾਂਵੇ ਗੱਲ ਤਾਂ ਕੌੜੀ ਸੀ, ਪਰ ਨਿਕਲ਼ੀ ਸੱਚੀ।

ਪੁੱਤ ਨੂੰ ਸਾਕ ਹੋਣ ਦੀ ਆਸ ਵਿੱਚ ਪੂਰਾ ਇੱਕ ਵਰ੍ਹਾ, ਬਿਨ ਥੱਕੇ-ਹੰਭੇ ਉਹਨਾਂ ਦੇ ਘਰ ਨਸੀਬੋ ਨਿੱਠ ਕੇ ਕੰਮ ਕਰਦੀ ਰਹੀ। ਪਰ ਦਾਰੋ ਦਾ ਸਾਕ ਹੋਇਆ, ਉਹਨਾਂ ਦੇ ਗੁਆਂਢੀ ਮੋਦਨ ਨੂੰ, ਜਿਨ੍ਹਾਂ ਨਾਲ਼ ਚੜ੍ਹਦੇ ਪਾਸੇ ਵਾਲ਼ੀ ਕੰਧ ਸਾਂਝੀ ਸੀ।

ਜਦੋਂ ਕਦੇ ਬਲੌਰੇ ਨੂੰ ਦਾਰੋ ਦੇ ਹੱਸਣ ਜਾਂ ਬੋਲਣ ਦੀ ਅਵਾਜ਼ ਏਧਰ ਘਰ ਬੈਠੇ ਨੂੰ ਸੁਣਾਈ ਦਿੰਦੀ ਤਾਂ ਉਹ ਡੱਕਾ ਚੱਕ ਕੇ ਮਿੱਟੀ ਤੇ ਭੂੰਜੇ ਲਕੀਰਾਂ ਮਾਰ ਕੇ ਕੋਈ ਮੜੰਗਾ ਬਣਾਉਣ ਲੱਗ ਪੈਂਦਾ। ਚਿੱਤ ਵਿੱਚ ਕੋਈ ਨਕਸ਼ ਵਾਹ ਰਿਹਾ ਹੁੰਦਾ। ਪਰ ਅੱਜ ਬੜਾ ਹੈਰਾਨ ਹੋਇਆ, ਜਿਹੜਾ ਚਿਹਰਾ ਉਹਨੇ ਚਿੱਤ ਵਿੱਚ ਵਾਹਿਆ ਸੀ, ਉਹਦੇ ਨਾਲ਼ ਦਾਰੋ ਦਾ ਰੱਤੀ ਭਰ ਵੀ ਫ਼ਰਕ ਨਹੀਂ ਸੀ। ਗਲ਼ੀ ਵਿੱਚ ਆਉਂਦੇ-ਜਾਂਦੇ ਬੰਦਿਆਂ ਨੇ ਉਹਨੂੰ ਬੋਲ ਮਾਰ ਕੇ ਬੁਲਾਇਆ ਵੀ, ਪਰ ਉਹਨੂੰ ਕੋਈ ਅਵਾਜ਼ ਨਹੀਂ

ਸੁਣੀ।

ਉਹ ਇਉਂ ਕਿਸੇ ਚਾਅ ਨਾਲ਼ ਸੁੰਨ ਹੋ ਕੇ ਬਚਨ ਦੇ ਬੂਹੇ ਅੱਗੇ ਆ ਕੇ ਖੜ੍ਹ ਗਿਆ।

'ਏਹ ਸਾਲੇ ਦੋਵੇਂ ਈ ਠੇਠਰ ਐ, ਏਨ੍ਹਾਂ ਤੋਂ ਕੀ ਛਿੱਕੂ ਭਾਲਦੈਂ' ਬਲੌਰਾ ਕਿੰਨ੍ਹਾ ਚਿਰ ਭਵੰਤਰ ਕੇ ਗ਼ਲੀ ਵਿੱਚ ਖੜ੍ਹਾ ਰਿਹਾ ਤੇ ਫੇਰ ਪੈਰ ਹੇਠਾਂ ਮਾਰ ਕੇ ਜੁੱਤੀ ਝਾੜ ਦਿੱਤੀ। ਮੱਥੇ ਵਿੱਚ ਪਏ ਵੱਟ ਨੂੰ ਨਹੁੰ ਨਾਲ਼ ਖੁਰਚੀ ਗਿਆ।

ਇੰਨੇ ਹੀ ਅੰਗਰੇਜ਼ ਚਾਦਰੇ ਦੇ ਦੋਵੇਂ ਲੜ ਹੱਥ ਵਿੱਚ ਫੜ ਕੇ, ਚੱਕਵੇਂ ਪੈਰੀ ਤੁਰਿਆ ਆਉਂਦਾ ਦਿਸ ਪਿਆ। ਉਹਦੇ ਪੈਰਾਂ ਨਾਲ਼ ਧੂੜ ਜਵਾਂ ਨਹੀਂ ਸੀ ਉੱਡਦੀ, ਜਿਵੇਂ ਉਹਦੀ ਚਿੱਬੀ ਜੁੱਤੀ ਪੱਟਦੀ ਸੀ। ਉਹਦੇ ਤਾਜ਼ੇ ਕੱਢੇ ਖਤਾਂ ਕਰਕੇ ਗੱਲ੍ਹਾਂ ਵਿੱਚੋਂ ਲਾਲੀ ਭਾਅ ਮਾਰਦੀ ਸੀ।

ਉਹਨੂੰ ਨੇੜੇ ਆਉਂਦੇ ਨੂੰ ਵੇਖ ਕੇ, ਬਲੌਰੇ ਨੇ ਅੱਖ ਵਿੱਚ ਕਸੀਰ ਪੈ ਜਾਣ ਦਾ ਬਹਾਨਾ ਕੀਤਾ, ਤੇ ਝੱਗੇ ਦੇ ਪੱਲੇ ਨਾਲ਼ ਅੱਖ ਬੰਦ ਕਰਕੇ ਮਲ਼ਣ ਲਗ ਪਿਆ। ਅੰਗਰੇਜ਼ ਨੇ ਦੂਰੋਂ ਹੀ ਵੇਖ ਕੇ ਸਾਰੀ ਗੱਲ ਸਮਝੀ ਤੇ ਦਲੀਲ ਦਿੱਤੀ, 'ਓਏ ਬਲੌਰ ਸਿਆਂ ਮਲੀ ਨਾ, ਨਹੀਂ ਤਾਂ ਆਨੇ ਚ ਰੜ੍ਹਕ ਬਾਹਲੀ ਪਊ-ਗੀ, ਵਿਖਾ-ਖਾਂ ਕਣ..' ਫੇਰ ਉਹਦੀ ਪਲਕ ਨੂੰ ਪੁੱਠਾ ਕਰਕੇ ਜ਼ੋਰ ਨਾਲ਼ ਫੂਕ ਮਾਰੀ। ਪੂਰੀ ਨਿਰਖ ਕਰਕੇ 'ਊਂ' ਹੂੰ..ਮੱਲਾ ਹੈ ਤੇ ਕੱਖ ਨੀਂ'

'ਹੂੰ-' ਬਲੌਰਾ ਕੁਝ ਬੋਲੇ ਬਿਨਾ ਹੀ ਉਹਦੇ ਨਾਲ਼ ਅੱਖਾਂ ਝਪਕਦਾ ਤੁਰ ਪਿਆ। ਉਹਦੀ ਜੁੱਤੀ ਦੀ ਜਰਕ ਸੁਣਨ ਲਈ, ਆਪਣੇ ਪੰਜੇ ਘੁੱਟ ਕੇ ਤੁਰਨ ਲੱਗ ਪਿਆ, ਤਾਂ ਜੋ ਆਪਣੀ ਠਿੱਬੀ ਜੁੱਤੀ ਦੀ 'ਖੜੱਪ-ਖੜੱਪ' ਘੱਟ ਹੋ ਜਾਵੇ। ਐਸੀ ਜਰਕ ਉਹਨੂੰ ਅੱਧੀ ਰਾਤ ਨੂੰ ਗੂੜ੍ਹੀ ਨੀਂਦ ਵਿੱਚ ਪਏ ਅਜੈਵ ਦੇ ਸਾਹਾਂ ਵਿੱਚੋਂ ਵੀ ਸੁਣਾਈ ਦਿੰਦੀ। ਤੇ ਫੇਰ ਗੱਲ ਤੋਰੀ, 'ਭਲਾ ਐਂਤਕੀ ਕੈ ਘੁੰਮਾਂ ਨਰਮਾ ਠੋਕਤਾ ਬਾਈ'।

'ਆਪਾਂ' ਅੰਗਰੇਜ਼ ਨੇ ਅਗੂਠੇ ਨੂੰ ਥੁੱਕ ਲਗਾ ਕੇ ਸੇਲ੍ਹੀ ਦੇ ਅੱਗੇ ਨੂੰ ਢਿਲਕੇ ਵਾਲ਼ ਤਾਅ ਦੇ ਕੇ ਪਿੱਛੇ ਕੀਤੇ, 'ਏਨਾ ਮਾਂਜਣਾਂ ਕਿੱਥੇ ਮੱਲਾ, ਕਲੀਏ ਆਲ਼ੇ ਖੇਤ ਚਾਰ ਕਿੱਲੇ ਨਰਮਾ ਤੇ ਬਾਕੀ ਡਿੱਗੀ ਆਲ਼ੇ ਟੱਕ ਚ ਸੱਤੇ ਕਿੱਲੇ ਧਾਈਂ ਕਰ-ਤੇ'।

ਬਲੌਰੇ ਨੇ ਸੱਜਾ ਹੱਥ ਢੂਹੀ ਪਿੱਛੇ ਕਰਕੇ, ਅਗੂਠੇ ਨਾਲ਼ ਪੋਟਿਆਂ ਨੂੰ ਛੂਹ ਕੇ ਜੋੜ ਲਾ ਲਿਆ, 'ਸੱਤ ਤੇ ਚਹੁੰ ਹੋ-ਗੇ ਗਿਆਰਾਂ' ਫੇਰ ਵਲ੍ਹਾ ਬਣਾ ਕੇ ਅੱਗੇ ਪੁੱਛਿਆ, 'ਤਕੜਾਂ ਬਾਈ ਸਿਆਂ ਕੱਲਾ ਈ ਏਨੀ ਵਾਹੀ ਦਾ ਸੀਂਢ ਕੱਢੀ ਫਿਰਦੈਂ' ਗੱਲ ਕਰਦਾ ਹੋਇਆ ਉਹਦੇ ਮੂੰਹ ਵੱਲ ਵੀ ਵੇਖਦਾ।

'ਦੇਹ ਚ ਏਨਾ ਤੰਤ ਕਿੱਥੇ, ਕੱਲੇ ਦੇ ਹੱਡ ਖੋਲੇ ਹੋ ਜਾਂਦੇ ਐ, ਸੀਰੀ ਰਜਾਇਆ ਬੰਸੀ ਘੱਚਾ' ਛੱਪੜੀ ਵਿੱਚੋਂ ਪਸਲੇਟੇ ਮਾਰ ਕੇ, ਲਿੱਬੜ ਕੇ ਆਉਂਦੀ ਗਾਂ ਵੇਖ ਕੇ, ਉਹ ਕਿਸੇ ਦੇ ਘਰ ਦੇ ਕੋਲ਼ ਕਾਉਲੇ ਨਾਲ਼ ਲੱਗ ਕੇ ਖੜ ਗਏ। ਕਿਤੇ ਚਿੱਕੜ ਦੇ ਛਿੱਟੇ ਨਾ ਪਾ ਦੇਵੇ।

'ਹਟਾ ਢਾਂਡੀਂ' ਬਲੌਰੇ ਨੇ ਮੁੱਕੀ ਵੱਟ ਕੇ ਫੋਕਾ ਦਾਬਾ ਦਿੱਤਾ, 'ਮੁੰਡਾ ਤੇਰਾ ਚੋਬਰ ਹੋਣਾ ਸੁੱਖ ਨਾਲ਼, ਓਨੂੰ ਵੀ ਲੱਗਦੇ ਹੱਥੀਂ ਹਾਲ਼ੀ ਕੱਢ-ਲੈ, ਬਾ-'ਚ ਛੜਾਂ ਮਾਰੂ'।

'ਓਅ ਤਾਂ ਹਾਲੇ ਤੀਜੀ ਜਮਾਤ ਚ ਭੜਾਈ ਕਰਦੈ, ਏਨੀ ਬੁੱਕਤ ਨ੍ਹੀ ਬਈ ਖੇਤਾਂ ਚ ਮੱਥਾ ਮਾਰੇ' ਮੂਹ ਅੱਗੇ ਪੁੱਠਾ ਹੱਥ ਕਰਕੇ ਛਿੱਕ ਮਾਰੀ, 'ਓਦੇ ਲਈ ਭੌਣਾ ਬਣੌਣ ਚੱਲਿਆਂ ਟੇਕ ਤਖ਼ਾਣ ਕੋਲ਼...'।

'ਮੈਂਵੀ ਓਧਰ ਈ ਟੇਕ ਵੰਨੀ. ਚੱਲਿਆਂ, ਮੰਜੇ ਦੀਆਂ ਪੱਚਰਾਂ ਘੜੌਣ ਲਈ...' ਉਹਦੇ ਨਾਲ਼ ਲੰਮੀ ਵਾਟ ਕਰਨ ਲਈ ਬਲੌਰੇ ਨੇ ਕਿਹਾ, 'ਚਲ ਸੀਗਾ ਹੋ ਗਿਆ'।

*** *** ***

ਅੰਗਰੇਜ਼ ਨੂੰ ਜੋਹ ਕੇ ਵੇਖਣ ਲਈ ਸਭ ਤੋਂ ਪਹਿਲਾਂ ਬਲੌਰੇ ਨੇ ਵੱਟਾਂ ਤੇ ਉੱਘੇ ਖੱਬਲ ਤੇ ਸਪਰੇ ਕਰਨ ਲਈ, ਡਰੰਮੀ ਮੰਗੀ। ਤੂੜੀ ਵਾਲ਼ੇ ਕੋਠੇ ਵਿੱਚੋਂ ਡਰੰਮੀ ਚੱਕ ਕੇ, ਜਦੋਂ ਉਹਨੇ ਮੋਢਿਆਂ ਉੱਤੋਂ ਦੀ ਵੱਧਰੀਆਂ ਕਸ ਲਈਆਂ, ਤਾਂ ਸੀਨੇ ਵਿੱਚ ਸਾਂਝ ਮੱਚ ਪਈ। ਹੱਥਾਂ ਵਿੱਚ ਕੁਝ ਮਰਜ਼ੀ ਦਾ ਉੱਗ ਪਿਆ। ਪਰ ਘਾਹ ਵੀ ਕਦੇ ਪਾਣੀ ਵਿੱਚ ਡੁੱਬ ਮਰੇ ਨੇ।

ਫੇਰ ਖੇਤ ਦੀ ਸਾਂਝੀ ਵੱਟ ਤੇ ਸਪਰੇ ਕਰਦੇ ਬਲੌਰੇ ਨੇ ਖਾਲ਼ ਦੀ ਅੱਸੀ ਤੇ ਤੁਰੀ ਆਉਂਦੀ ਦੀਸਾਂ ਦੀ ਚਾਲ ਨੂੰ ਵੇਖਿਆ ਤਾਂ ਦੰਗ ਰਹਿ ਗਿਆ। ਉਹ ਹਿੱਕ ਤਾਣ ਕੇ ਬੰਦਿਆਂ ਵਾਂਗ ਹੱਥ ਹਿਲਾਉਂਦੀ ਹੋਈ ਤੁਰੀ ਆ ਰਹੀ ਸੀ। ਸਿਰ ਤੇ ਰੱਖੇ ਭੱਤੇ ਵਾਲ਼ੇ ਛਾਬੇ ਨੂੰ ਬਿਨਾ ਹੱਥ ਪਾਏ, ਉਹਨੇ ਛਾਲ ਮਾਰ ਕੇ ਲੱਕ ਜਿੰਨੀ ਡੂੰਘੀ ਖ਼ਾਲੀ ਟੱਪੀ, ਜੀਹਨੂੰ ਬੰਦੇ ਚੁੱਕ ਪੈਣ ਤੇ ਡਰ ਤੋਂ ਬੰਨ੍ਹ ਉੱਤੋਂ ਦੀ ਲੰਘਦੇ ਸੀ, ਤਾਂ ਬਲੌਰਾ ਅੱਖਾਂ ਅੱਡ ਕੇ ਰਹਿ ਗਿਆ। ਚਿੱਤ ਵਿੱਚ ਖ਼ੁਸ਼ੀ ਨੇ ਬੜ੍ਹੂਚੀ ਪਾਈ।

ਦੀਸਾਂ ਜਦ ਵੀ ਪਾਣੀ ਦੇ ਕਿਨਾਰੇ ਤੁਰਦੀ ਹੁੰਦੀ ਤਾਂ ਨਾਲ਼ ਖੜੇ ਰੁੱਖਾਂ ਦੇ ਪੱਤੇ ਤੋੜ ਕੇ ਪਾਣੀ ਵਿੱਚ ਤਾਰਦੀ ਰਹਿੰਦੀ। ਕੋਈ ਡੁੱਬਦਾ ਹੋਇਆ ਕੀੜਾ-ਮਕੌੜਾ ਏਨ੍ਹਾਂ ਦੇ ਸਹਾਰੇ ਨਾਲ਼ ਜਾਨ ਬਚਾ ਕੇ ਕਿਨਾਰੇ ਲੱਗ ਸਕੇ।

ਦੀਸਾਂ ਵੱਲ ਗਹੁ ਨਾਲ਼ ਵੇਖੀ ਗਿਆ ਤੇ ਡਰੰਮੀ ਨੂੰ ਗੇੜਨ ਵਾਲ਼ਾ ਹੱਥ ਮੱਲੋ-ਜ਼ੋਰੀ ਖ਼ੱਬੀ ਮੁੱਛ ਤੇ ਆ ਕੇ ਟਿਕ ਗਿਆ। ਬੁੱਲ੍ਹਾਂ ਤੇ ਹਾਸੀ ਦੀ ਬਰੀਕ ਲਕੀਰ ਖਿੱਚੀ ਗਈ। ਉਹਦੀ ਧੌਣ ਸੱਜੇ ਮੋਢੇ ਵੱਲ ਝੁਕੀ ਤੇ ਅਕਾਸ਼ ਵਿੱਚ ਚਮਕ ਰਹੇ ਸੂਰਜ ਨਾਲ਼ ਮੱਥਾ ਲੱਗ ਗਿਆ। ਉਹਨੇ ਪੈਂਦੀ ਧੁੱਪ ਕਰਕੇ ਵੀ ਅੱਖਾਂ ਨਹੀਂ ਸੀ ਬੰਦ ਕੀਤੀਆਂ। ਸਗੋਂ ਘੂਰ ਵੱਟੀ ਗਿਆ, ਜਿੰਨ੍ਹਾਂ ਚਿਰ ਸੂਰਜ ਬੱਦਲਾਂ ਦੇ ਪਿੱਛੇ ਨਹੀਂ ਹੋ ਗਿਆ। ਉਹਨੂੰ ਕਾਫ਼ੀ ਚਿਰ ਕੁਝ ਨਹੀਂ ਵਿਖਾਈ ਦਿੱਤਾ। ਜਦੋਂ ਨੂੰ ਕੁਝ ਦਿਸਣ ਲੱਗਿਆ, ਓਦੋਂ ਦੀਸਾਂ ਕੋਲ਼ ਆ ਗਈ ਸੀ।

ਦੀਸ਼ਾਂ ਨੇ ਭੱਤੇ ਵਾਲ਼ਾ ਛਾਬਾ ਉਹਦੇ ਕੋਲ਼ ਰੱਖ ਕੇ, ਟਾਹਲੀ ਦੀ ਲਮਕ ਰਹੀ ਲਗਰ ਤੋਂ ਪੱਤਾ ਤੋੜ ਕੇ, ਹੱਥ ਦੀ ਮੁੱਠੀ ਮੀਚ ਕੇ ਉੱਤੇ ਰੱਖ ਲਿਆ ਤੇ ਜ਼ੋਰ ਨਾਲ਼ ਦੂਜਾ ਹੱਥ ਮਾਰ ਕੇ ਪਟਾਕਾ ਪਾ ਦਿੱਤਾ। ਪਟਾਕਾ ਸੁਣ ਕੇ ਪੰਛੀਆਂ ਦੀ ਉਡਾਰ ਉੱਡ ਗਈ।

'ਦੀਸਾਂ ਭੈਣ, ਤੇਰੀ ਠੂਣੇ ਖਾਂਦੀ ਤੋਰ ਤੋਂ ਲੱਖਣ ਸਹਿਜੇ ਈ ਲੱਗਦੈ, ਹੁਣ ਤੂੰ ਕੱਲੀ ਨੀ ਰਹੀ, ਆਵਦੇ ਚ ਕਿਸੇ ਹੁਰ ਨੂੰ ਵੀ ਲੁਕਾਈ ਬੈਠੀ ਐਂ' ਲੱਸੀ ਵਾਲ਼ੀ ਡੋਲਣੀ ਦਾ ਕੁੰਡਾ ਫੜ੍ਹ ਕੇ ਕੋਲ਼ ਬਣੀ ਦੀਸਾਂ ਦੀ ਪੈੜ੍ਹ ਨਾਲ਼ ਹੋਈ ਪੱਧਰੀ ਥਾਂ ਤੇ ਰੱਖ ਲਿਆ।

ਦੀਸਾਂ ਨੇ ਵੱਟ ਤੇ ਉੱਗੇ ਇੱਟ-ਸਿੱਟ ਦੇ ਬੂਝੇ ਨਾਲੋਂ ਪੱਤਾ ਤੋੜ ਕੇ ਮੂੰਹ ਵਿੱਚ ਪਾ ਲਿਆ। ਕੌੜ ਮੰਨ ਕੇ ਪਿਚਕਾਰੀ ਨਾਲ਼ ਪਰ੍ਹੇ ਪੁਲਾਂਗ ਤੱਕ ਥੁੱਕ ਦਿੱਤਾ, ਤੇ ਬੋਲੀ, 'ਵੀਰੇ ਤੂੰ ਸੁੱਖੇ ਦੀ ਦਾਤਣ ਤਾਂ ਕਰ-ਲੀ' ਤਾੜ੍ਹੀ ਮਾਰ ਕੇ ਹੱਸ ਪਈ। ਧੌਣ ਵਿੱਚ ਪਾਈ ਕਾਲ਼ੀ ਲੌਂਗ-ਤਵੀਤੀ ਕੌਢੇ ਨਾਲ਼ ਲੱਗ ਕੇ ਤਣੀ ਗਈ।

ਉਹਨੇ ਥੁੱਕ ਦੀ ਦੂਰੀ ਵੇਖ ਕੇ ਕਿਹਾ, 'ਤੇਰੇ ਬੋਲਣ ਚ ਤਾਂ ਕੀ, ਤੇਰੇ ਸਾਹ ਲੈਣ ਚ ਵੀ ਮੈਨੂੰ ਕਿਸੇ ਓਪਰੇ ਬੰਦੇ ਦਾ ਝੌਲਾ ਪੈਂਦਾ...'

ਦੀਸਾਂ ਨੇ ਚੁੰਨੀ ਦੇ ਲੜ ਨਾਲ਼ ਬੰਨ੍ਹੀ ਪੁੜੀ ਖੋਲ੍ਹ ਕੇ ਫੜ੍ਹਾ ਦਿੱਤੀ, ਜੀਹਦੇ ਚ ਲੱਸੀ-ਦਹੀਂ ਚ ਪਾਉਣ ਲਈ ਕਾਲ਼ਾ-ਲੂਣ ਸੀ। ਤੇ ਫੇਰ ਆਪ ਈ ਲੂਣ ਦੀ ਚੂੰਡੀ ਭਰ ਕੇ ਲੱਸੀ ਚ ਪਾਉਂਦੀ ਬੋਲੀ, 'ਵੀਰੇ ਜਵਾਨੀ ਹੁੰਦੀ ਈ ਐਵਜੀ ਸ਼ੈਅ ਏ, ਬੰਦਾ ਟਟਿਆਣੇ ਨਾਲ਼ ਕੇੜ੍ਹਾ ਭਾਂਬੜ ਨਾ ਬਾਲਦੇ'।

'ਤਾਂਹੀ ਤਾਂ ਐਸ ਵਾਰ ਮੇਰੇ ਰੱਖੜੀ ਬੰਨ੍ਹਣੀ ਭੁੱਲ-ਗੀ, ਹਿੱਕ ਚ ਕੋਈ ਢਾਡਾ ਚੰਦ ਈ ਚਾੜ੍ਹੀ ਬੈਠੀ ਐਂ' ਪਦੀਨੇ ਤੇ ਮਰੂਏ ਦੀ ਚੱਟਣੀ ਨਾਲ਼ ਰੋਟੀ ਮਿੱਸੀ ਕਰਕੇ ਦੰਦੀ ਵੱਢੀ ਤੇ ਬੋਲਿਆ, 'ਹੁਣ ਤੂੰ ਆਵਦੀ ਜ਼ੁਅਰਤ ਨਾਲ਼ ਜਿਉਂ ਸਕਦੀ ਐਂ, ਬੌਤ ਤੌਰ ਬਦਲ ਗਈ ਐਂ, ਪਰ ਭੈਣੇ ਉਹ ਹੈ ਕੌਣ ? ਮੈਥੋਂ ਕਾਹਦੀ ਲੁੱਕ ਐ..'

'ਆਪੇ ਬੁੱਜ-ਲਾ' ਦੀਸਾਂ ਲੱਤ ਤੇ ਲੱਤ ਰੱਖ ਕੇ ਵੱਟ ਨਾਲ਼ ਬਾਂਹ ਪਰਨੇ ਬਹਿ ਗਈ ਤੇ ਪੈਰ ਹਿਲਾਈ ਗਈ।

ਦੀਸਾਂ ਨੇ ਕਿੰਨੇ ਦੁਨੀਆਵੀ ਜੰਜਾਲ ਤੜ੍ਹਾਗੀ ਵਾਂਗ ਲਾਹ ਕੇ ਸੁੱਟ ਦਿੱਤੇ ਸੀ, ਜਿਨ੍ਹਾਂ ਨੂੰ ਬਲੌਰਾ ਪਾਰਖੂ ਅੱਖ ਨਾਲ਼ ਸਹਿਜੇ ਈ ਵੇਖ ਸਕਦਾ ਸੀ। ਫੇਰ ਨਾ ਸਮਝੀ ਵਿੱਚ ਮੋਢੇ ਚਾੜ ਕੇ, ਬੁੱਲ੍ਹ ਵਿੰਗੇ ਕਰਕੇ ਕਿਹਾ, 'ਮੇਰੀ ਤਾਂ ਭੈਣੇ ਭਿਆਂ'।

ਜੂਠੇ ਭਾਂਡੇ ਦੀਸਾਂ ਨੇ ਡੋਲਣੀ ਵਿੱਚ ਧਰ ਕੇ, ਉੱਤੇ ਢੱਕਣ ਰੱਖ ਕੇ ਮੁੱਕੀ ਮਾਰੀ, 'ਏਹ ਜ਼ਰੂਰੀ ਤਾਂ ਨਈਂ ਵੀਰ, ਜੀਹਨੂੰ ਮੈਂ ਜਾਣਦੀ ਹੋਵਾਂ ਓਨੂੰ ਤੂੰ-ਵੀ ਜਾਣੇ, ਬਹੁਤ ਕੁਛ ਕੱਲਾ ਆਵਦਾ ਈ ਹੁੰਦੈ, ਰੱਬ ਤੋਂ ਵੀ ਲਕੋਅ ਕੇ ਰੱਖਣਾ ਪੈਂਦਾ, ਜੇ ਏਹ ਕੁਛ ਕਿਸੇ ਨੂੰ ਪਤਾ ਲੱਗ-ਜੇ ਬੰਦਾ ਥਾਵੇਂ ਮਿੱਟੀ ਹੋ ਜਾਂਦੈ...'।

'ਮੈਂ ਏਨਾ ਗੰਦਾ ਨੀ, ਕੇ ਤੇਰੇ ਚਾਵਾਂ ਨੂੰ ਲਾਬੂੰ ਲਾਵਾਂ, ਦੱਸ ਦੇ ਝੱਲੀਏ ਆਪਾਂ ਤਾਂ ਇੱਕ ਹੱਡ-ਮਾਸ ਦੇ ਪਟੋਲੇ ਬਣੇ ਆਂ' ਬਲੌਰੇ ਨੇ ਉਹਦਾ ਕੰਨ ਫੜ੍ਹ ਕੇ ਮਰੋੜ ਦਿੱਤਾ। 'ਹਈ..' ਤਾਂ ਉਹਦੀ ਚੀਖ਼ ਨਿਕਲ਼ ਗਈ। ਪੀੜ ਦੀ ਝਾਲ ਝੱਲਣ ਲਈ ਦੰਦਾਂ ਹੇਠ ਜੀਭ ਦੱਬ ਲਈ। ਧੌਣ ਤਣ ਕੇ ਪੂਰੀ ਦੂਣ ਸਵਾਈ ਹੋ ਗਈ।

ਦੀਸਾਂ ਕੰਨ ਛੁਡਾ ਕੇ ਚਾਰ ਕਰਮਾਂ ਦੀ ਦੂਰੀ ਤੇ ਜਾ ਖੜ੍ਹੀ, ਤੇ ਅਗੂੰਠਾ ਵਿਖਾ ਕੇ ਬੋਲੀ, 'ਨਈਂ ਦੱਸਣਾ, ਜੇ ਸਾਰਾ ਕੁਛ ਤੈਨੂੰ ਵੀ ਪਤਾ ਲੱਗ ਗਿਆ ਫੇਰ ਦੀਸਾਂ

ਪੱਲੇ ਕੀ ਨੇਕੜੂ ਰਹਿ-ਜੂ' ਮੋਢੇ ਨਾਲ਼ ਕੰਨ ਦੀ ਕਰੂੰਬਲ ਮਲ ਕੇ ਚੀਸ ਨੂੰ ਘੱਟ ਕੀਤਾ। ਸਲਵਾਰ ਦੇ ਪਹੁੰਚੇ ਨਾਲ਼ ਲੱਗੇ ਪੁੱਠ-ਕੰਡਿਆਂ ਨੂੰ ਲਾਹੁੰਦੀ ਹੋਈ ਬੋਲੀ, 'ਕਈ ਜਾਣੇ ਐਵਜੇ ਹੁੰਦੇ ਐ ਵੀਰੇ, ਜਿਨ੍ਹਾਂ ਨਾਲ਼ ਲੁਕ ਕੇ ਮਰਜ਼ੀ ਦੇ ਦਿਨ ਕੱਟੀ ਦੇ ਐ' ਗੁੱਟ ਤੇ ਬੰਨ੍ਹੀ ਖੰਮਣੀ ਨੂੰ ਖਿੱਚ ਕੇ ਤੋੜ ਦਿੱਤਾ।

ਬਲੌਰੇ ਨੇ ਹੁਣੇ ਖਾਧੀ ਰੋਟੀ ਦਾ ਡਕਾਰ ਲਿਆ ਤੇ ਡਰੰਮੀ ਦੀ ਬੋਕੀ ਰੈਲ਼ੀ ਕਰਨ ਲਈ, ਸਰੋਂ ਦਾ ਤੇਲ ਘਸਾ ਕੇ ਲਾਉਂਦਾ ਹੋਇਆ ਬੋਲਿਆ, 'ਜਾ ਹੁਣ ਘਰੇ ਛੂਟ ਵੱਟ-ਜਾ, ਚੇਤੇ ਰੱਖੀਂ, ਆ ਇਸ਼ਕ ਕਦੇ ਕਿਸੇ ਨੂੰ ਘਰ ਜੋਗਾ ਨੀ ਰਹਿਣ ਦਿੰਦਾ-ਗਾ'।

'ਜੇ ਬੰਦਾ ਰਹਿ ਈ ਘਰ ਜੋਗਾ ਜਾਏ ਫੇਰ...ਬੈਸ ਆਹ ਘਰ ਜੋਗਾ ਨੀ ਰਹਿਣਾ, ਖੌਰੇ ਕਿਸੇ ਤਣ-ਪੱਤਣ ਈ ਲੱਗ-ਜਾਂ' ਦੋਵੇਂ ਹੱਥ ਢਾਕਾਂ ਤੇ ਰੱਖ ਕੇ ਲਟੈਣ ਬਣ ਕੇ ਖੜ ਗਈ।

ਦੀਸਾਂ ਨੂੰ ਬਲੌਰੇ ਨੇ ਪੈਰਾਂ ਤੋਂ ਲੈ ਕੇ ਸਿਰ ਤੀਕ ਪੂਰੀ ਨੀਝ ਨਾਲ਼ ਵੇਖਿਆ। ਕੰਮ ਬੰਦੇ ਨੂੰ ਇੱਟ ਵਾਂਗ ਕਿਸੇ ਸਾਂਚੇ ਚ ਢਾਲਦਾ ਹੀ ਨਹੀਂ ਸਗੋਂ ਆਵੇ ਵਿੱਚ ਪਾ ਕੇ ਪਕਾਅ ਵੀ ਦਿੰਦਾ ਹੈ। ਹੱਥੀਂ ਦੁੱਧ ਰਿੜਕਣ ਕਰਕੇ ਉਹਦੇ ਡੌਲਿਆਂ ਵਿੱਚ ਮੱਛਲੀਆਂ ਬਣ ਗਈਆਂ ਸੀ। ਪੈਰ ਦੇ ਗਿੱਟੇ ਨਾਲ਼ ਕਾਲ਼ਾ ਧਾਗਾ, ਜੋ ਨਸੀਬੋ ਨੇ ਕਿਸੇ ਦੀ ਨਜ਼ਰ ਲੱਗਣ ਤੋਂ ਬੰਨ੍ਹਿਆ ਸੀ, ਵੇਖ ਕੇ ਸੋਚਿਆ, 'ਲੈ ਹੁਣ ਨੀ ਏਹਨੂੰ ਕਿਸੇ ਦੀ ਨਿਗ੍ਹਾ ਲੱਗਦੀ.. ਫੇਰ ਬੰਦਾ ਜਿਉਣ ਜੋਗਾ ਨੀ ਰਹਿੰਦਾ..'।

*** *** ***

ਬਲੌਰੇ ਨੇ ਵਹਿੜਕੇ ਨੂੰ ਨਲਕੇ ਹੇਠ ਬਣਾਏ ਟੋਏ ਵਿੱਚੋਂ ਪਾਣੀ ਪਿਆ ਦਿੱਤਾ, ਜੋ ਤੇਹ ਨਾਲ਼ ਸੁੱਕੀਆਂ ਨਾਸਾਂ ਤੇ ਬਿੰਦੇ-ਬਿੰਦੇ ਆਪਣੀ ਜੀਭ ਫੇਰ ਰਿਹਾ ਸੀ। ਦੀਸਾਂ ਨੂੰ ਪੱਠਿਆਂ ਦੀ ਕੱਢੀ ਟੀਸੀ ਤੇ ਤਸੱਲੀ ਨਾਲ਼ ਬੈਠਾ ਕੇ, ਗੱਡੀ ਜੋਤ ਕੇ, ਰੱਸਾ ਫੜ੍ਹਾਉਂਦੇ ਹੋਇਆਂ ਕਿਹਾ, 'ਰੱਬ ਨੇ ਅੱਗੇ ਈ ਖੁੰਦਕ ਕੱਢ ਕੇ ਜਿਉਣਾ ਦੁੱਭਰ ਕੀਤਾ ਵਿਐ, ਪਰਦਾ ਰੱਖੀਂ, ਲੋਕ ਬੜੇ ਕਸੂਤੇ ਐ' ਦੀਸਾਂ ਨੇ 'ਟਿੱਚਕਾਰੀ' ਮਾਰੀ ਤਾਂ ਵਹਿੜਕਾ ਧੁਰਲੀ ਮਾਰ ਕੇ, ਪੌੜਾਂ ਨਾਲ਼ ਵਾਹਣ ਦੀ ਮਿੱਟੀ ਪੱਟ ਕੇ ਭੱਜ ਪਿਆ।

ਦੀਸਾਂ ਦੀਆਂ ਆਦਤਾਂ ਵੇਖ ਕੇ ਤਕਾਉਣ ਲੱਗ ਪਿਆ, ਕੀਹਦੇ ਨਾਲ਼ ਆੜੀ ਪਾਈ ਬੈਠੀ ਹੈ। ਡੇਢ ਕਰਮ ਤੱਕ ਪਿਚਕਾਰੀ ਮਾਰ ਕੇ ਥੁੱਕਣਾ, ਤਾੜੀ ਮਾਰ ਕੇ ਅਕਾਸ਼ ਵੱਲ ਵੇਖ ਕੇ ਹੱਸਣਾ, ਉਹਦੇ ਚਿੱਤ ਵਿੱਚ ਕਿਸੇ ਵੈਲੀ ਦਾ ਮੜੰਗਾ ਵਾਹ ਰਹੇ ਸੀ। ਉਹਨੇ ਨਰਮੇ ਦੇ ਬੂਟਿਆਂ ਦੀ ਛਾਂਵੇਂ ਪਿਆ ਕੂੱਜਾ ਚੱਕ ਕੇ, ਅੱਖਾਂ ਅੱਗੇ ਰੱਖ ਕੇ ਕੋਈ ਭੇਤ ਭਰੀ ਗੱਲ ਕਰਨ ਹੀ ਲੱਗਿਆ ਸੀ, ਕਿ ਡਰ ਗਿਆ। ਕੋਈ ਤੀਜਾ ਜਣਾ ਵੀ ਹੈ, ਜੋ ਉਹਨਾਂ ਦੀ ਬਿੜ੍ਹਕਾਂ ਲੈ ਰਿਹਾ। ਉਹਨੇ ਚਾਰ ਬੰਨੇ ਝਾਕ ਕੇ ਕਿਸੇ ਦੀ ਭਾਲ਼ ਵਿੱਚ ਵੇਖਿਆ, ਪਰ ਕੋਈ ਨਹੀਂ ਸੀ ਲੱਭਿਆ। ਫੇਰ ਨੀਵੀਂ ਪਾਈ ਤਾਂ ਆਪਣਾ ਪਰਛਾਵਾਂ ਵੇਖ ਕੇ ਬੋਲਿਆ, 'ਲੈ ਮਣਾਂ, ਆਹ ਪਿਆ ਸਾਰਾ ਜੱਬਤ੍ਹ' ਕੂੱਜਾ

ਚੱਕ ਕੇ ਉਹ ਟਾਹਲੀ ਦੇ ਮੁੱਢ ਵਿੱਚ, ਧੌਣ ਹੇਠ ਬਾਂਹ ਦਾ ਸਿਰਹਾਣਾ ਲਗਾ ਕੇ ਬਹਿ ਗਿਆ। ਕੂੰਜੇ ਨੂੰ ਬੋਚ ਕੇ, ਆਪਣੇ ਦੋਵਾਂ ਗੋਢਿਆਂ ਤੇ ਰੱਖ ਕੇ ਭੇਦ ਖੋਲ੍ਹਣ ਲੱਗਿਆ, 'ਲੈ ਬੀ ਕੁੱਜਿਆ, ਦੀਸਾਂ ਨੂੰ ਏਨਾ ਕਾਹਦਾ ਹੰਕਾਰ ਚੜ੍ਹਿਆ ਵਿਐ, ਸਿੱਧੇ ਮੂੰਹ ਗੱਲ ਨੀ ਕਰਦੀ, ਬਾਤ ਦਾ ਪਤੰਗੜ ਬਣੌਂਦੀ ਐ, ਵੈਸੇ ਜੇ ਊਂ ਦੱਸਾਂ ਤਾਂ, ਬੰਦੇ ਚ ਹੰਕਾਰ ਹੋਣਾ ਵੀ ਚਾਹੀਦਾ, ਜੇ ਹੰਕਾਰ ਨਾ ਹੋਵੇ ਤਾਂ ਮੇਰਾ ਸਾਲਾ ਰੱਬ ਵੀ ਬੰਦੇ ਨੂੰ ਟਿੱਚ ਈ ਗੌਲਦੈ, ਕੀ ਆਹਨਾਂ...?'

ਉਹ ਕੁੱਜੇ ਦੇ ਹੱਸ ਦੇ ਮੂੰਹ ਵੱਲ ਵੇਖਣ ਲੱਗਿਆ ਤੇ ਅੱਖਾਂ ਬੰਦ ਕਰਕੇ ਮਨ ਚ ਬੋਲਿਆ, 'ਹਾਂ ਗੱਲ ਲੋਟ ਐ, ਪੈਸੇ ਦੀ ਪਾਈ ਵੱਟ ਨੀ ਕਿਸੇ ਤੋਂ ਢਾਹੀ ਜਾਣੀ, ਜੇੜ੍ਹਾ ਬੰਦਾ ਏਹ ਜਾਤਾਂ ਛੱਡ ਕੇ ਕੁਜਾਤ ਹੁੰਦੈ, ਦੁਨੀਆ ਓਨੂੰ ਢਾਹ ਦਿੰਦੀ ਐ, ਹੂੰ, ਨਾਲ਼ੇ ਜੇੜ੍ਹੀ ਗੱਲ ਮੰਨ ਕੇ ਘਾਟਾ ਪੈਂਦਾ ਹੋਏ ਲੋਕਾਂ ਨੂੰ, ਭਾਵੇਂ ਕਿੰਨੀ ਵੀ ਸਹੀ ਹੋਏ ਕੁੱਜਿਆ' ਇੱਕ ਅੱਖ ਖੋਲ੍ਹ ਕੇ ਕੁੱਜੇ ਵੱਲ ਵੇਖਿਆ, 'ਸੁਣ-ਦੈਂ ਉਹਦਾ ਲੋਕ ਗੁੱਗਾ ਬਣਾ ਕੇ ਪੂਜਣ ਲੱਗ ਪੈਂਦੇ ਐ, ਜਵੇਂ ਜਵੇਂ ਏਨਾਂ ਤੇ ਜਾਣੀ ਅਮਲ ਕਰੀ ਜਾਵਾਂਗੇ, ਓਵੇਂ-ਓਵੇਂ ਏਹ ਮੁੱਕੀ ਜਾਣ-ਗੀਆਂ..'।

ਫੇਰ ਦਿਲ ਆਈ ਕਰੀ ਗਿਆ। ਪਾਣੀ ਦੀ ਕੰਧ ਪਿੱਛੇ ਕੌਣ ਖੜ੍ਹਾ? ਏਹ ਅੱਚਵੀ ਲੱਗੀ ਸੀ।

*** *** ***

ਦੀਸਾਂ ਨੇ ਨੀਰੇ ਦੀਆਂ ਪੰਡਾਂ ਨੂੰ ਖਿੱਚ ਕੇ ਸਹੀ ਕੀਤਾ। ਕੱਕੇ-ਰਾਹ ਦੀ ਧੂੜ ਉਡਾਉਂਦਾ ਹੋਇਆ ਵਹਿੜਕਾ ਥੋੜ੍ਹੀ ਕੁ ਵਾਟ ਤਾਂ ਪੂਰਾ ਤਾਣ ਲਗਾ ਕੇ ਭੱਜਦਾ ਰਿਹਾ ਤੇ ਫੇਰ ਆਪਣੀ ਚਾਲੇ ਪੈ ਗਿਆ। ਅਗਲੇ ਪਹੇ ਤੋਂ ਇੱਕ ਹੋਰ ਬਲਦ-ਗੱਡੀ ਉਹਦੇ ਪਿੱਛੇ ਲੱਗ ਪਈ।

ਉਹਦੇ ਚਾਲਕ ਚੋਬਰ ਨੇ ਮੁੜ ਕੇ ਨਾਲ਼ ਭਿੱਜੀ ਦੀਸਾਂ ਦੀ ਕੁੜਤੀ ਵਿੱਚ ਮਘਦੇ ਚਿੱਟੇ ਅੰਗ ਵੇਖ ਕੇ ਦੋਗਲੀ ਚੋਬ ਕਸੀ, 'ਪੈਰ ਪੱਟ ਓਏ ਨਗੌਰੀਆ, ਅੱਗੇ ਹੋ, ਸਵ ਕੁਛ ਤਾਂ ਮੂਹਰੇ ਈ ਐ ਢਾਂਡਿਆ, ਪਿੱਛੇ ਕੀ ਐ' ਬਲਦ ਦੀ ਕੂਲ਼ੀ ਢੂਹੀ ਤੇ ਰੱਸਾ ਸਿੱਟ ਕੇ ਗੱਡੀ ਭਜਾ ਕੇ ਅੱਗੇ ਕੱਢ ਲਈ ਤੇ ਲੁੱਚੀ ਝਾਕਣੀ ਨਾਲ਼ ਦੀਸਾਂ ਨੂੰ ਸਾਰੀ ਦੀ ਸਾਰੀ ਛਾਣ ਗਿਆ।

'ਕੁੜੀ ਕੱਚੇ ਦੁੱਧ ਆਲ਼ੀ ਛੱਲੀ, ਹਿੱਕ ਨਾਲ਼ ਲਾ ਕੇ ਰਾੜਨੀ...' ਤੇ ਮੂੰਹ ਨਾਲ਼ ਹੋਰੂੰ ਜਿਹੇ ਪਟਾਕੇ ਪਾਉਣ ਲੱਗ ਪਿਆ।

ਦੀਸਾਂ ਨੂੰ ਉਹਦੀ ਏਸ ਬੋਲੀ ਤੇ ਹਾਸੀ ਵਿੱਚੋਂ ਵਾਸ਼ਨਾ ਦੀ ਬੋਅ ਨਹੀਂ ਆਈ, ਸਗੋਂ ਹੱਡਾਂ ਵਿੱਚ ਲਕੋਏ ਹੋਏ ਉਸ ਬੰਦੇ ਦੀ ਹਾਰ ਲੱਗੀ, ਜੀਹਨੂੰ ਸੱਚੇ ਪਿਆਰ ਦੇ ਰਾਹ ਪੈ ਕੇ ਜ਼ਮੀਰ ਵਿੱਚ ਕਿਸੇ ਰੁੱਖ ਵਾਂਗ ਬੀਜ ਲਿਆ ਸੀ। ਚੁੰਨੀ ਨੂੰ ਸਿਰ ਤੋਂ ਲਾਹ ਕੇ ਲੱਕ ਨਾਲ਼ ਬੰਨ੍ਹ ਲਿਆ। ਵਿੰਡ ਦੀ ਪਾਇਪ ਵਿੱਚ ਪਾਈ ਤੂਤ ਦੀ ਸੋਟੀ ਕੱਢ ਕੇ, ਵਹਿੜਕੇ ਦੀ ਕੰਗਰੋੜ ਤੇ ਦੱਬ ਦਿੱਤੀ।

ਚੋਬਰ ਨੇ ਵੀ ਰੱਸਾ ਦੂਹਰਾ ਕਰਕੇ ਜ਼ੋਰ ਨਾਲ਼ ਸਿਰ ਉੱਤੋਂ ਦੀ ਘੁੰਮਾ ਕੇ ਬਲਦ ਦੇ ਪੁੜਿਆਂ ਤੇ ਵਰ੍ਹਾ ਦਿੱਤਾ। ਤੇ ਉਹਨੂੰ ਅੱਗੇ ਲੰਘਣ ਲਈ ਟਾਲ ਵੀ ਨਾ ਦਿੱਤੀ।

ਦੋਵਾਂ ਧਿਰਾਂ ਵਿੱਚ ਦੌੜ ਲੱਗ ਗਈ।

ਦੌੜ ਜ਼ਿਦ ਬਣ ਗਈ..!

ਦੀਸਾਂ ਨੇ ਆਸੇ-ਪਾਸੇ ਵੇਖ ਕੇ ਵਹਿੜਕੇ ਦੇ ਚੱਡਿਆਂ ਵਿੱਚ ਹੱਥ ਪਾ ਕੇ ਨੜਾਂ ਨੂੰ ਦਬਾ ਦਿੱਤਾ ਤਾਂ ਵਹਿੜਕਾ ਛਾਲਾਂ ਮਾਰਦਾ ਹੋਇਆਂ ਛੂਟਾਂ ਵੱਟ ਗਿਆ। ਅਕਾਸ਼ ਨੂੰ ਏਨੀ ਧੂੜ ਉੱਡੀ ਕਿ ਰੱਬ ਦਾ ਸਾਹ ਵੀ ਜਿਵੇਂ ਘੁੱਟਿਆ ਗਿਆ।

ਅੱਧੇ ਕਿੱਲੇ ਦੀ ਲਾਮ ਤੱਕ ਦੋਵੇਂ ਬਰੋਬਰ ਭੱਜੀ ਗਏ, ਪੱਕੀ ਸੜਕ ਤੇ ਚੜਣ ਤੋਂ ਪਹਿਲਾਂ ਹੀ ਚੋਬਰ ਦੀ ਗੱਡੀ ਪਿੱਛੇ ਰਹਿ ਗਈ। ਉਹਦਾ ਬਲਦ ਘਰਕ ਗਿਆ ਸੀ। ਦੀਸਾਂ ਨੇ ਜਿੱਤ ਦੇ ਐਲਾਨ ਵਿੱਚ ਲੱਕ ਨਾਲ਼ ਬੰਨੀ ਚੁੰਨੀ ਖੋਲ੍ਹ ਕੇ ਸਿਰ ਉੱਤੋਂ ਦੀ ਬਾਂਹ ਖੜੀ ਕਰਕੇ ਲਹਿਰਾ ਦਿੱਤੀ। ਅੰਗੂਠਾ ਵਿਖਾ ਕੇ ਬੋਲੀ, 'ਹੈ ਨਈਂ ਵੇ ਕਾਸੇ ਜੋਗਾ।'

ਚੋਬਰ ਨੇ ਰੱਸਾ ਖਿਚ ਕੇ 'ਮੂੰਅ' ਦੀ ਬੁਸਕਰ ਮਾਰ ਕੇ ਬਲਦ ਨੂੰ ਰੋਕ ਲਿਆ। ਤੇ ਫੇਰ ਹੇਠਾਂ ਉੱਤਰ, ਸੋਟੀ ਨਾਲ਼ ਉਹ ਦੀਆਂ ਨਾਸਾਂ ਕੁੱਟ-ਕੁੱਟ ਕੇ ਲਹੂ ਕੱਢ ਦਿੱਤਾ।

*** *** ***

# ਨਕਸੀਰ

ਘਰ ਵਿੱਚ ਬਲੌਰੇ ਨੂੰ ਕਿਸੇ ਓਪਰੇ ਬੰਦੇ ਦੀ ਹੋਂਦ ਕਸੀਰ ਦੀ ਤਰ੍ਹਾਂ ਰੜਕ ਰਹੀ ਸੀ। ਪਰ ਉਹ ਸੀ ਕੌਣ ? ਉਹਨੇ ਪਿੰਡ ਦੇ ਸਾਰੇ ਚੋਬਰਾਂ ਦੇ ਮੜੰਗੇ ਛਾਣ ਮਾਰੇ। ਕਿਸੇ ਤੋਂ ਥੋੜ੍ਹਾ ਜਿਹਾ ਸ਼ੱਕ ਹੁੰਦਾ ਤਾਂ ਫੇਰ ਅਗਲੇ ਹੀ ਪਲ ਆਪ ਰੱਦ ਕਰ ਦਿੰਦਾ, 'ਨਹੀਂ, ਓਦੇ ਚ ਏਨੀ ਕਣੀ ਕਿੱਥੇ ਬੀ ਦੀਸਾਂ..ਨਹੀਂ' ਨਾਲ਼ ਹੀ ਅਕਲ ਦੇ ਖਾਨੇ ਵਿੱਚ ਰੋਸਾ ਵੀ ਪਿਆ ਸੀ ਕਿ ਅਜੇ ਤੱਕ ਦੀਸਾਂ ਨੂੰ ਉਹਤੇ ਥਫਾਕ ਨਹੀਂ ਹੋਇਆ ਸੀ। ਉਹਦੇ ਤੋਂ ਪੂਰੇ ਪੰਜ ਵਰ੍ਹੇ ਨਿੱਕੀ ਹੋਣ ਕਰਕੇ ਇੱਕ ਸਾਬ ਨਾਲ਼ ਉਹਦੇ ਹੱਥੀਂ ਹੀ ਪਲੀ ਸੀ।

ਦੀਸਾਂ ਜਦੋਂ ਰੋਟੀ ਤੋਂ ਬਾਦ ਦੁੱਧ ਦਾ ਗਲਾਸ ਫੜਾਉਣ ਆਈ ਤਾਂ ਬਲੌਰੇ ਨੇ ਦੌਣ ਤੇ ਵਿਛਾਈ ਮੋਰਾਂ ਵਾਲ਼ੀ ਦਰੀ ਤੇ ਹੱਥ ਫੇਰਦੇ ਹੋਇਆਂ, ਮਨੌਤ ਦਿੱਤੀ, 'ਸਮੇਂ ਦਾ ਗੇੜ ਵੇਖ-ਲਾ ਭੈਣੇ, ਜਿੱਦੋਂ ਤੂੰ ਐਡੀ ਕੁ ਹੁੰਦੀ ਸੈਂਗੀ' ਹੱਥ ਨੂੰ ਧਰਤੀ ਤੋਂ ਚਾਰ ਫੁੱਟ ਉੱਚਾ ਚੱਕ ਲਿਆ, 'ਚੋਰੀ ਕੀਤੀ ਹਰ ਸ਼ੈਅ ਮੇਰੀ ਜੇਬ ਚ ਲਿਆ ਕੇ ਲਕੋਂਦੀ ਹੁੰਦੀ ਸੈਂ, ਤੇ ਹਰ ਗਵਾਚੀ ਤੇਰੀ ਖੇਡ ਮੇਰੀ ਜੇਬ ਚੋਂ ਈ ਥਿਔਂਦੀ ਹੁੰਦੀ ਸੀਗੀ, ਹੁਣ..ਚੱਲ ਛੱਡ ਪਰੇ, ਹੁਣ ਖੁਸ਼ੀ ਨੀਂਦ ਦੀ ਪੁੜੀਆਂ ਏਹਦੇ ਚ ਸੋਰਿਆ ਕਰ ਕਮਲੀਏ'।

ਦੁੱਧ ਦਾ ਗਲਾਸ ਦੋਵਾਂ ਹੱਥਾਂ ਨਾਲ਼ ਬੋਚ ਕੇ ਫੜਾਉਂਦੀ ਨੇ, ਗੱਲ਼ ਚ ਪੈਂਦੀ ਸਿੱਪੀ ਵਿੱਚ ਆਈ ਵਾਲ਼ਾਂ ਦੀ ਲਟ ਨੂੰ ਕੰਨ ਦੀ ਜੜ੍ਹ ਵਿੱਚ ਟੰਗਦੀ ਬੋਲੀ, 'ਏਹੀ ਆਖਣਾ ਤਾਂ ਮੈਂਵੀ ਭੁੱਲ-ਗੀ ਸੈਂਗੀ, ਔਟਲੀ ਪਈ ਸਾਂ, ਖਰੇ ਕੇੜ੍ਹੀ ਗੱਲ ਚਿਤ ਚ ਰੜਕੀ ਜਾਂਦੀ ਐ ਜੋ ਭੁੱਲੀ ਬੈਠੀ ਆਂ, ਫੇਰ ਬੰਦਿਆਂ ਵਾਂਗ ਹੱਸ ਪਈ, 'ਵੇਖੀਂ ਮੇਰੀ ਭੁੱਲੀ ਗੱਲ ਤੈਨੂੰ ਕਿਵੇਂ ਚੇਤੇ ਆ-ਗੀ'।

ਉਹਦੇ ਹਾਸੇ ਦੀ ਟੁਣਕਾਰ ਵਿੱਚ 'ਹੀ..ਹੀਂ' ਦੀ ਅਵਾਜ਼ ਸੁਣ ਕੇ ਕਿਸੇ ਦਾ ਬੋਲ ਸਿਆਣਨ ਦੀ ਕੋਸ਼ਿਸ਼ ਕੀਤੀ, 'ਰੱਬ ਕਿੰਨਾ ਕੁਛ ਭੁੱਲੀ ਬੈਠਾ ਮੈਨੂੰ ਤਾਂ ਓਵੀ ਚੇਤੇ ਐ, ਤੇਰੇ ਨਾਲ਼ ਤਾਂ ਫੇਰ ਵੀ ਲਹੂ ਦੀ ਸਾਂਝ ਐ, ਮੇਰੇ ਕੰਧਾੜੇ ਤੇ ਚੜ੍ਹ ਕੇ ਤੂੰ ਮਲਿਆਂ ਦੀ ਟੀਸੀ ਤੇ ਬੇਰ ਤੋੜੇ ਐ' ਦੁੱਧ ਤੋਂ ਮਲਾਈ ਲਾਹ ਕੇ ਦੀਸਾਂ ਦੀ ਤਲੀ ਤੇ ਰੱਖ ਦਿੱਤੀ, 'ਭੈਣੇ ਹੋ ਜਾ ਫੇਰ ਤਕੜੀ..'।

ਦੀਸਾਂ ਮਲਾਈ ਨੂੰ ਜੀਭ ਦੀ ਨੋਕ ਨਾਲ਼ ਛੱਕ ਗਈ ਤੇ ਬੋਲੀ, 'ਦਗਾ ਤਾਂ ਬੰਦਾ ਓਸ ਨੂੰ ਦਿੰਦਾ ਜੀਹਤੋਂ ਅਮੀਦ ਨਾ ਰੱਖੀ ਏ..'।

ਬਲੌਰੇ ਨੇ ਦੁੱਧ ਦੀਆਂ ਦੋ ਘੁੱਟਾਂ ਭਰ ਕੇ ਪੈਂਤਾਂ ਵਿੱਚ ਗਲਾਸ ਫਸਾ ਕੇ ਉੱਤੋਂ ਪੱਖੀ ਨਾਲ਼ ਢੱਕ ਦਿੱਤਾ, 'ਅਮੀਦ ਤੇ ਦੀਸਾਂ ਮੈਨੂੰ ਤੇ ਏਸ ਘਰ ਨੂੰ ਰੱਬ ਤੋਂ ਵੀ ਨਹੀਂ, ਕਿੰਨੇ ਲੋਕ ਜਵਕੀ ਜਾਂਦੇ ਐ, ਜੋ ਉਹਦੀ ਮਰਜ਼ੀ ਨਾਲ਼ ਜਿਉਂ ਕੇ ਓਦੀ ਮਰਜ਼ੀ ਨਾਲ਼ ਫੁੜਕ ਜਾਂਦੇ ਐ' ਦੀਸਾਂ ਦੇ ਸਿਰ ਉੱਤੋਂ ਦੀ ਉਹਨੇ ਅਕਾਸ਼ ਨੂੰ ਵੇਖਿਆ, ਜੋ ਟਾਵੇਂ-ਟਾਵੇਂ ਤਾਰੇ ਨਾਲ਼ ਧਰਤੀ ਨੂੰ ਵੇਖ ਰਿਹਾ ਸੀ, 'ਰੱਬ ਨੂੰ ਰਾਜ਼ੀ ਕਰਕੇ ਕੀ ਲੈਣਾ, ਜਿੱਦੋਂ ਆਵਦਾ ਮਿਰਜ਼ਾ ਈ ਨਾ ਰਾਜ਼ੀ ਹੋਇਆ, ਹਏਂ, ਆਉਂਦੇ ਤਾਂ ਏਥੇ ਸਾਰੇ ਬੰਦੇ ਦੀ ਜੂਨੀ ਐਂ, ਪਰ ਪੈ ਰੋਟੀ ਦੀ ਜੂਨ ਜਾਂਦੇ ਐ...'।

ਦੀਸਾਂ ਕਿੰਨਾ ਚਿਰ ਖੜੀ ਰਹੀ। ਜਾਣ ਲਈ ਦੋ ਪੁਲਾਘਾਂ ਪੱਟ ਕੇ ਫੇਰ ਪਿੱਠ

ਕਰਕੇ ਖੜ ਗਈ, 'ਵੀਰ ਭਲਾਂ ਏਹ ਅਣਖ਼ ਕੀ ਬਲਾ ਹੁੰਦੀ ਐ'।

'ਅਣਖ਼..' ਕਿੰਨਾ ਚਿਰ ਉਹਦੀ ਪਿੱਠ ਤੇ ਕਿਸੇ ਸਰਾਲ ਵਾਂਗ ਕੌਡੀਆਂ ਲਾ ਕੇ ਚੜ੍ਹਦੀ ਗੁੱਤ ਵੱਲ ਵੇਖੀ ਗਿਆ ਤੇ ਫੇਰ ਕਿਸੇ ਜਵਾਬ ਦੀ ਉਡੀਕ ਵਿੱਚ ਪਾਵੇ ਨਾਲ਼ ਟੰਗੇ ਕੂੰਜੇ ਵੱਲ ਵੇਖਣ ਲੱਗ ਪਿਆ।

ਦੀਸਾਂ ਆਪਣੇ ਮੰਜੇ ਤੇ ਬਿਸਤਰਾ ਵਿਛਾ ਕੇ ਸੌਂ ਗਈ।

ਉਹ ਫੇਰ ਜ਼ਿਦ ਕਰਕੇ ਪੈਰਾਂ ਭਾਰ ਮੰਜੇ ਤੇ ਕੂੰਜੇ ਵੱਲ ਮੂੰਹ ਕਰਕੇ ਬਹਿ ਗਿਆ ਤੇ ਬੋਲਿਆ, 'ਬਾਈ ਕੂੰਜਿਆ, ਮੇਰੇ ਵਿੰਹਦੇ-ਵਿੰਹਦਿਆਂ ਦੀਆਂ ਗੱਲਾਂ, ਜਾਣੀ ਦੀ ਬਾਬੇ ਨਰਸਿਉਂ ਨੂੰ ਕਿਸੇ ਨੇ ਬਾਰਾਂ-ਬੀਟੀ ਖੇਡਦੇ ਹੋਇਆਂ ਗਾਲ੍ਹ ਕੱਢ-ਤੀ, ਬੈਸ ਓਹ ਘਰੇ ਆ ਗਿਆ, ਲੋਕਾਂ ਦੀ ਚੁੱਕ ਚ ਆ ਕੇ ਓਨੇ ਬਖਤੌਰ ਨੂੰ ਮਾਰਤਾ ਸੀਗਾ, ਦੋਵੇਂ ਘਰ ਈ ਪੱਟੇ-ਗੇ, ਓਨ੍ਹਾਂ ਦੀ ਪਿੱਛੋਂ ਵੀ ਤੀਜੀ ਪੀੜ੍ਹੀ ਰਲਦੀ ਸੀ, ਸਮਝਿਆ ਕੇ ਨ੍ਹੀ, ਜਾਣੀ ਇੱਕੋ ਨੱਕੇ ਦੇ ਪਾਣੀ ਸੀ..'।

ਉਹਨੇ ਕੂੰਜੇ ਵਿੱਚ ਬੱਜਰੀ ਦੀ ਲੱਪ ਪਾ ਕੇ ਜ਼ੋਰ ਨਾਲ਼ ਹਿਲਾਇਆ, ਕੰਨ ਲਾ ਕੇ ਅਵਾਜ਼ ਸੁਣੀ ਤੇ ਫੇਰ ਬੋਲਿਆ, 'ਹਾ-ਹੋ ਠੀਕ ਸਮਝੇ, ਬੀ ਓਨਾਂ ਦਾ ਦਾਦਾ ਇੱਕ ਸੀਗਾ, ਲੋਕ ਸੱਥਾਂ ਚ ਬਹਿ ਕੇ ਆਂਦੇ, ਏਹ ਤੇ ਅਣਖ਼ ਪਿੱਛੇ ਘਰ ਪੱਟਿਆ ਗਿਐ, ਖ਼ਰ ਅਣਖ਼ ਤੇ ਉਹ ਕਾਹਦੀ ਸੀ, ਜਾਂ ਫੇਰ ਬਾਬਾ ਜਲੌਰ ਸਿਉ ਆਂਦਾ ਹੁੰਦਾ ਸੀਗਾ, ਬੀ ਜਿਦੋਂ ਗੁਰੂ ਸਾਬ ਕੋਲ਼ ਪੰਡਤ ਆਏ ਨਾ, ਬੀ ਔਰੰਗਜੇਵ ਧੱਕੇ-ਮੁੱਕੀ ਨਾਲ਼ ਸਾਡੀ ਧਰਮ ਬਦਲੀ ਕਰਨ ਨੂੰ ਫਿਰਦੈ, ਤਾਂ ਗੁਰੂ ਸਾਬ੍ਹ ਨੇ ਓਨ੍ਹਾਂ ਲਈ ਆਵਦੇ ਪ੍ਰਾਣ ਕਿਲ੍ਹੇ ਚ ਜਾ ਕੇ ਤਿਆਗ ਤੇ, ਸੀਸ ਲੁਹਾ-ਤਾ'।

ਫੇਰ ਕੂੰਜੇ ਨੂੰ ਖੜਕਾ ਕੇ ਬੋਲਿਆ, 'ਨਈਂ ਖਾਨੇ ਪਈ, ਲੈ ਸੁਣ, ਜੇ ਗੁਰੂ ਸਾਬ ਚਾਹੁੰਦੇ ਨਾ ਕੂੰਜਿਆ, ਉਹ ਹਿੰਦੂਆਂ ਤੇ ਸਿੱਖਾਂ ਨਾਲ਼ ਰਲ ਕੇ ਸਿੱਧੀ ਟੱਕਰ ਵੀ ਲੈ ਸਕਦੇ ਸੀਗੇ' ਇਕ ਉਂਗਲ ਅਕੜਾ ਕੇ ਹੁੱਜ ਮਾਰੀ ਹਵਾ ਵਿੱਚ, 'ਪਰ ਨਈਂ, ਕਿਉਂ ਕੇ ਦੋਵੇਂ ਬੰਨਿਓਂ ਲੋਕਾਂ ਦੇ ਘਰ ਉਜੜਦੇ ਸੀਗੇ ਜਾਣੀ... ਜਾਣੀ ਉਜਾੜੇ ਤੋਂ ਬਚਾਅ ਕਰਨ ਲਈ ਕਿਸੇ ਦੇ ਵਸੇਬੇ ਲਈ ਉਨ੍ਹਾਂ ਨੇ ਕੁਰਬਾਨੀ ਦੇ-ਤੀ, ਏਹ ਸੀ ਅਣਖ਼ ਫੇਰ, ਬਾਬੇ ਨਰ ਸਿਉ ਆਲ਼ਾ ਤਾਂ ਨਿਰਾ ਹੰਕਾਰ ਈ ਸੀ, ਹੰਕਾਰ ਚ ਦੋਏ ਧਿਰਾਂ ਉਜੜ ਜਾਂਦੀਆਂ, ਅਣਖ਼ ਚ ਵਸੇਬਾ ਹੁੰਦੈ, ਵਸੇਬਾ ਕੀ ਆਹਨਾ ਫੇਰ...'।

ਕੂੰਜੇ ਵੱਲ ਗਹੁ ਨਾਲ਼ ਵੇਖਿਆ ਤਾਂ ਉਹਦਾ ਮੂੰਹ ਥੋੜ੍ਹਾ ਜਿਹਾ ਕਿਸੇ ਸਹਿਮਤੀ ਵਿੱਚ ਹੱਸਦਾ ਲੱਗਿਆ। ਉਹਦੇ ਅੰਦਰ ਕਿਸੇ ਫੈਸਲ਼ੇ ਨੇ ਪੱਕਾ ਰੂਪ ਧਾਰ ਲਿਆ। ਸਾਰੇ ਫ਼ਿਕਰਾਂ ਨੂੰ ਤਰਕ ਨਾਲ਼ ਖਰਾ-ਖੋਟਾ ਕਰ ਦਿੱਤਾ। ਕੂੰਜੇ ਵਿੱਚੋਂ ਬੱਜਰੀ ਦੀਆਂ ਰੋੜੀਆਂ ਕੱਢ ਕੇ ਜੇਬ ਵਿੱਚ ਪਾ ਲਈਆਂ। ਫੇਰ ਪਾਵੇ ਤੇ ਟੰਗ ਕੇ, ਲੱਤਾਂ ਨੂੰ ਬੰਲਾਂਗੜੀ ਪਾ ਕੇ ਮੰਜੇ ਤੇ ਵੱਖੀ ਪਰਨੇ ਲੇਟ ਗਿਆ। ਪਰ ਸੋਚਾਂ ਵਿੱਚ ਵੀ ਉਹ ਮੜੰਗਾ ਲੱਭਣ ਦੀ ਵਿਉਂਤ ਬਣਾਈ ਗਿਆ।

ਚਾਨਣੀ ਰਾਤ ਵਿੱਚ ਘਰ ਵਿੱਚ ਪਈ ਹਰ ਸ਼ੈਅ ਘਸਮੈਲ਼ੀ ਜਿਹੀ ਦਿਸਦੀ ਸੀ। ਸੱਜਰ ਸੂਈ ਬੱਕਰੀ ਨੂੰ ਕਿੱਲੇ ਤੋਂ ਖੋਲ੍ਹ ਕੇ ਆਪਣੇ ਪਾਵੇ ਨਾਲ਼ ਬੰਨ੍ਹ ਲਿਆ, ਕਿਤੇ ਪਿੰਡ ਦੇ ਅਵਾਰਾ ਕਤੀੜ ਦੰਦ ਲਾ ਮਾਰ ਜਾਣਾ। ਚਿਹਰੇ ਨੂੰ ਦੋਵਾਂ ਹੱਥਾਂ ਦੀਆਂ

ਤਲੀਆਂ ਨਾਲ਼ ਪਲੋਸਿਆ ਤੇ ਫੇਰ ਰਸੋਈ ਵਿੱਚ ਪਈ ਝਲਾਣੀ, ਵਿੱਚੋਂ ਰੋਟੀਆਂ ਚੱਕ ਕੇ ਵਿਹੜੇ ਵਿੱਚ ਥਾਲੀ ਚ ਪਾ ਕੇ ਰੱਖ ਦਿੱਤੀਆਂ। ਨਾਲ਼ ਹੀ ਇੱਕ ਠੀਕਰਾ ਪਾਣੀ ਦਾ ਭਰ ਕੇ ਰੱਖ ਕੇ ਬੋਲਿਆ, 'ਆ ਲੋ ਬੀ ਪਿੰਡ ਦੇ ਰਾਖੇ-ਓ..' ਤੇ ਮੰਜੇ ਤੇ ਆ ਕੇ ਪੈ ਗਿਆ।

ਇਉਂ ਅੱਧੀ ਰਾਤ ਬੀਤ ਗਈ।

ਅੱਧੀ ਰਾਤ ਨੂੰ, ਕਿਸੇ ਨੇ ਗੁਦੈਲੇ ਹੇਠ ਪਏ ਜਿਸਤੀ ਲੋਹੇ ਦੇ ਕਾਪੇ ਨੂੰ ਚੱਕ ਕੇ ਚਾਦਰੇ ਦੀ ਡੱਬ ਵਿੱਚ, ਲੱਕ ਪਿੱਛੇ ਟੰਗ ਲਿਆ ਤੇ ਸਾਫੇ ਦਾ ਮਡਾਸਾ ਮਾਰ ਕੇ ਗਲ਼ੀ ਵਿੱਚ ਆ ਗਿਆ। ਚਾਨਣੀ ਰਾਤ ਵਿੱਚ ਉਹਦਾ ਪਰਛਾਵਾਂ ਵੀ ਬਿੜ੍ਹਕ ਲੈਂਦਾ ਆ ਰਿਹਾ ਸੀ। ਉਹਨੂੰ ਭੁਲੇਖਾ ਲੱਗਿਆ ਜਿਵੇਂ ਦੱਬੇ ਪੈਰੀਂ ਕੋਈ ਪਿੱਛਾ ਕਰ ਰਿਹਾ। ਖੂਹ ਕੋਲ਼ ਖੜ੍ਹ ਕੇ, ਜੁੱਤੀ ਵਿੱਚੋਂ ਗਲ਼ੀ ਦਾ ਠਰਿਆ ਰੇਤਾ ਝਾੜ ਕੇ ਪਿੱਛੇ ਭਉਂ ਕੇ ਵੇਖਿਆ, ਤੇ ਫੇਰ ਤਸੱਲੀ ਕਰਕੇ ਬਲੌਰੇ ਦੇ ਘਰ ਵਾਲ਼ੀ ਵੀਹੀ ਮੁੜ ਗਿਆ। ਮੋੜ ਮੁੜਦੇ ਸਾਰ ਹੀ ਉਹਦੀ ਤੋਰ ਹੌਲ਼ੀ ਪੈ ਗਈ। ਹੱਥ ਪਿੱਛੇ ਕਰਕੇ ਡੱਬ ਵਿੱਚ ਤੁੰਨੇ ਕਾਪੇ ਨੂੰ ਫੜ੍ਹਿਆ ਤਾਂ ਹੱਥ ਦੀਆਂ ਉਂਗਲਾਂ ਨੂੰ ਕਾਂਬਾ ਛਿੜ ਗਿਆ।

ਗੀਝੇ ਵਿੱਚੋਂ ਚਾਂਦੀ ਦੀ ਡੱਬੀ ਕੱਢ ਕੇ, ਚੀਚੀ ਦੇ ਨਹੁੰ ਨਾਲ਼ ਵਿੱਚੋਂ ਛੋਲੇ ਦੇ ਦਾਣੇ-ਭਰ ਅਫੀਮ ਦਾ ਮਾਵਾ ਵੱਟ ਕੇ, ਥੁੱਕ ਝੱਗ ਨਾਲ਼ ਅੰਦਰ ਡਕਾਰ ਲਿਆ। ਜਿਵੇਂ-ਜਿਵੇਂ ਏਸ ਮਾਵੇ ਦਾ ਅਸਰ ਨਾੜ-ਨਾੜ ਵਿੱਚ ਘੁਲੀ ਗਿਆ, ਉਹ ਪੱਕੇ ਪੈਰੀਂ ਹੁੰਦਾ ਗਿਆ। ਕਾਪੇ ਦੀ ਧਾਰ ਅੱਗੇ ਨਾਲ਼ੋਂ ਤਿੱਖੀ ਹੁੰਦੀ ਜਾਪੀ। ਬੂਹੇ ਅੱਗੇ ਖੜ੍ਹ ਕੇ ਉਹਨੇ ਚਾਰੇ ਪਾਸੇ ਵੇਖਿਆ ਤੇ ਫੇਰ ਜ਼ੋਰ ਨਾਲ਼ ਕੋਇਲ ਦੀ ਕੂਕ ਮਾਰੀ। 'ਘੂ-ਊ..ਕੂ..ਹੂ..' ਉਹਦੀ ਕੂਕ ਸੁਣ ਕੇ ਮੰਜੇ ਤੇ ਜਾਗੋ-ਮੀਚੀ ਪਈ ਦੀਸਾਂ ਉੱਠ ਕੇ ਬਹਿ ਗਈ। ਪਾਵੇ ਕੋਲ਼ ਪਏ ਤੌੜੇ ਦੇ ਚੱਪਣ ਨਾਲ਼ ਜ਼ੋਰ ਦੀ ਖੜਾਕ ਕੀਤਾ ਤੇ ਫੇਰ ਅਜੈਬ ਅਤੇ ਨਸੀਬੋ ਦੇ ਘੂਕ ਸੁੱਤੇ ਹੋਣ ਦਾ ਪੱਕਾ ਕਰ ਕੇ, ਜਦ ਨੰਗੇ ਪੈਰੀਂ ਮੰਜੇ ਤੋਂ ਉੱਠ ਕੇ ਵਿਹੜੇ ਵਿੱਚ ਆਈ, ਤਾਂ ਬਲੌਰੇ ਨੂੰ ਮੰਜੇ ਤੋਂ ਖੜ੍ਹਾ ਵੇਖ ਕੇ, ਸੁਸਰੀ ਬਣ ਕੇ ਥਾਂਏ ਛਾਪਲ ਗਈ। ਉਹਦੇ ਦਿਲ ਦੀ ਨਾ ਕੋਈ ਧੜਕਣ ਵੱਧ ਹੋਈ, ਸਗੋਂ ਬੁੱਲ੍ਹਾਂ ਤੇ ਚੁੱਪ ਹਾਸੀ ਦੀ ਲਕੀਰ ਵਾਹੀ ਗਈ।

ਕੰਧ ਉੱਤੋਂ ਦੀ ਕਿਸੇ ਦੇ ਚੜ੍ਹਣ ਦੀ ਖੜਾਕ ਸੁਣ ਕੇ, ਬਲੌਰੇ ਨੇ ਤੂੜੀ ਦੇ ਕੁੱਪ ਕੋਲ਼ ਪਈ ਦੋ-ਕੁ ਟੰਬਿਆਂ ਦੀ ਪੌੜੀ ਚੱਕ ਕੇ, ਕੰਧ ਨਾਲ਼ ਬੋਚ ਕੇ ਲਾ ਦਿੱਤੀ। ਤੇ ਆਪ ਡੱਬੀ ਵਿੱਚੋਂ ਸੀਖ ਕੱਢ ਕੇ ਪੂਰੀ ਤਿਆਰੀ ਨਾਲ਼, ਕਾਉਲੇ ਕੋਲ਼ ਛਹਿ ਕੇ ਬਹਿ ਗਿਆ। ਕੰਧ ਓਤਦੀ ਚੜ੍ਹ ਕੇ ਉਹ ਪੌੜੀ ਉਤਰ ਘਰ ਦੇ ਖੁੱਲ੍ਹੇ ਵਿਹੜੇ ਵਿੱਚ ਆ ਕੇ ਖੜ੍ਹ ਗਿਆ ਤੇ ਮੰਜੇ ਉੱਤੇ ਬੈਠੀ ਦੀਸਾਂ ਨੂੰ ਵੇਖ ਕੇ ਚਾਅ ਨਾਲ਼ ਹੁੱਬ ਗਿਆ। ਇੰਨੇ ਈ ਬਲੌਰੇ ਨੇ ਅੱਖ ਦੇ ਫਰੱਕੇ ਵਿੱਚ ਡੱਬੀ ਨਾਲ਼ ਸੀਖ ਘਸਾ ਕੇ ਬਾਲ ਲਈ ਤੇ ਉਹਦੇ ਮੂੰਹ ਕੋਲ਼ ਕਰਕੇ ਪਛਾਣ ਕੱਢ ਲਈ। ਉਹਨੂੰ ਮੁੜ੍ਹਕੇ ਦੀ ਕੱਚੀ ਤਰੇਲ਼ੀ ਚੜ੍ਹ ਗਈ।

'ਘੀਚਰਾ ਓਏ ਤੂੰ, ਆਜਾ ਆਜਾ ?' ਥੋੜ੍ਹਾ ਜਿਹਾ ਹੱਸ ਕੇ ਆਪਣੇ ਮੰਜੇ ਵੱਲ ਤੁਰ ਪਿਆ, 'ਦੋ ਦਿਨ ਹੋ-ਗੇ ਦੀਸਾਂ ਨੂੰ ਪੁੱਛੀ ਜਾਂਦਿਆਂ ਬੀ ਕੌਣ ਐ, ਕੀਹਨੂੰ ਛਪਲਾਈ ਬੈਠੀਂ ਐ, ਐਂਵੇ ਪੈਰਾਂ ਦੇ ਪੌਡੇ ਘਸਾਈ ਜਾਨਾ, ਅੱਗੇ ਤੋਂ ਸਿੱਧਾ ਹੀ ਆ

ਜਿਆ ਕਰ ਬਾਗੀ ਬਾਣੀ ਦੀ, ਐਵੇਂ ਕੰਧਾਂ ਕੋਠੇ ਟੱਪਦਾ ਕਿਤੇ ਲੱਤ-ਬਾਂਹ ਨਾ ਤੁੜਾ-ਲੀਂ, ਫੇਰ ਕਿੱਥੇ ਚੱਕੀ ਫਿਰਾਂਗੇ ਹਏਂ, ਮਾਪਿਆਂ ਦਾ ਕੱਲਾ-ਕਹਿਰਾ ਪੁੱਤ ਐ, ਐਵੇਂ ਨਾ ਕਾਈ ਬੱਜ ਪਵਾਲੀਂ'।

ਘੀਚਰ ਨੇ ਚਾਦਰੇ ਦੀ ਡੱਬ ਵਿੱਚ ਤੁੰਨੇ ਕਾਪੇ ਦੇ ਹੱਥੇ ਨੂੰ ਜਚਾ ਕੇ ਫੜ੍ਹ ਲਿਆ ਤੇ ਅੱਗੋਂ ਵਾਰ ਕਰਨ ਲਈ ਨੌ-ਬਰ-ਨੌ ਹੋ ਗਿਆ। ਚਾਨਣੀ ਵਿੱਚ ਕਾਪੀ ਦੀ ਧਾਰ ਲਿਸ਼ਕਾਂ ਮਾਰਦੀ ਹੋਈ ਦੀਸਾਂ ਨੂੰ ਦਿਸ ਗਈ ਤਾਂ ਇੱਕ ਹੌਲ ਪਿਆ।

ਬਲੌਰੇ ਨੇ ਫੇਰ ਦੂਜੀ ਸੀਖ਼ ਬਾਲ ਕੇ ਧਰਤੀ ਤੇ ਚਾਨਣ ਕੀਤਾ, 'ਏਥੇਂ ਮਾੜਾ ਜਾ ਉੱਚੇ-ਨੀਵੇਂ ਥਾਂ ਤੋਂ ਬੋਚ ਕੇ ਆਈਂ ਬੇਲੀਆ ਕਿਤੇ ਠੇਡਾ ਖਾ ਕੇ ਨਾ ਹੋਰ ਬੂਥੀ ਭੰਨਾ-ਲੀਂ, ਬਾਹਲੇ ਈ ਸੰਸੇ ਮੁੱਕ-ਗੇ ਅੱਜ ਤਾਂ' ਮੰਜੇ ਦੇ ਸਿਰਹਾਣੇ ਵਾਲ਼ੇ ਪਾਸੇ ਚੌਂਕੜੀ ਮਾਰ ਕੇ ਬਹਿ ਗਿਆ, ਪਰ ਘੀਚਰ ਅਜੇ ਵੀ ਦੋ ਕਰਮਾਂ ਦੂਰ ਖੜ੍ਹਿਆ ਰਿਹਾ। ਮੰਜੇ ਤੇ ਹੱਥ ਮਾਰ ਕੇ ਕਿਹਾ, 'ਓਏ ਆਜਾ ਖ਼ਸਮਾ ਬਹਿ-ਜਾ ਕਰਦੇ ਆਂ ਝੱਟ ਗੱਲਾਂ-ਬਾਤਾਂ, ਐਵੇਂ ਨਾ ਹੁਣ ਮੋਕ ਮਾਰੀ ਜਾ, ਜੇ ਤੂੰ ਨਾ ਹੁੰਦਾ ਕਾਈ ਹੋਰ ਹੋਣਾ ਸੀਗਾ, ਬੰਦੇ ਨੇ ਆਵਦੀ ਲੀਲਾ ਵੀ ਖੇਡਣੀ ਹੁੰਦੀ ਐ'।

ਘੀਚਰ ਨੇ ਕਿਸੇ ਵੀ ਗੱਲ ਦਾ ਹੁੰਗਾਰਾ ਨਹੀਂ ਸੀ ਭਰਿਆ ਤੇ ਦੌਣ ਤੇ ਟੇਢਾ ਜਿਹਾ ਹੋ ਕੇ ਦੋਖੀਆਂ ਵਾਲ਼ੀ ਚੁੱਪ ਧਾਰ ਕੇ ਬਹਿ ਗਿਆ। ਗੱਚ ਭਰ ਗਿਆ, ਪੈਰੀਂ ਪੱਗ ਧਰ ਕੇ ਭੁੱਲ ਬਖ਼ਸਾਉਣ ਲਈ ਚਿੱਤ ਕਰਦਾ ਸੀ, ਪਰ ਏਨਾ ਜੇਰਾ ਵੀ ਕਿੱਥੇ ਬਚਿਆ ਸੀ ਸਰੀਰ ਵਿੱਚ, ਕਿ ਧੌਣ ਝੁਕਾ ਸਕੇ।

'ਪਾਣੀ-ਪੀ-ਲਾ' ਕੋਲ਼ ਪਏ ਮੱਘੇ ਵਿੱਚੋਂ ਪਾਣੀ ਦੀ ਕੌਲੀ ਭਰ ਕੇ ਫੜ੍ਹਾਈ, 'ਖੰਭ ਮੇਰੇ ਵੀ ਉੱਗਰੇ ਸੀਗੇ, ਪਰ ਚਿੱਤ ਨੇ ਉੱਡਣ ਦੀ ਹਮੈਤ ਨ੍ਹੀ ਭਰੀ, ਬਈ ਲੋਕ ਕੀ ਕਹਿਣਗੇ, ਏਹ ਸੋਚ ਕੇ ਹੱਥੀ ਝਾੜ-ਲੇ, ਪਰ ਲੋਕੀ ਤੇ ਹਲ਼ੇ ਵੀ ਨਹੀਂ ਕਹਿਣੋ ਟਲਦੇ' ਬਲੌਰਾ ਉਹਦਾ ਕਲੇਜਾ ਧਰਾਉਣ ਲਈ ਇੱਕੋ ਟਕ ਬੋਲੀ ਗਿਆ, 'ਬਸ ਆ ਖੁੱਲ੍ਹ ਦੇਣੀ ਹੀ ਖਣੀ ਅਣਖ਼ ਹੁੰਦੀ ਐ" ਪਰ ਘੀਚਰ ਦੀ ਚੁੱਪ ਗੱਲ ਨੂੰ ਅੱਗੇ ਨਹੀਂ ਸੀ ਤੁਰਣ ਦੇ ਰਹੀ ਤਾਂ ਉਹਨੇ ਪੈਰ ਨਾਲ਼ ਚੂੰਡੀ ਵੱਢ ਕੇ ਹਲੂਣਿਆ, 'ਸਰੀਰ ਚ ਹੈਗਾਂ ਕੇ ਤਿੱਤਰ-ਬਿੱਤਰ ਹੋ ਗਿਐਂ, ਸਹੁੰ ਲੱਗੇ ਐਸ ਕੂੰਜੇ ਦੀ' ਉਹਨੇ ਪਾਣੀ ਦੀ ਚੂਲ਼ੀ ਭਰ ਲਈ, 'ਮੇਰੀ ਭੈਣ ਕਾਈ ਚਗਲ ਨੀ ਤੁਰੀ ਫਿਰਦੀ, ਜਣੇ-ਖਣੇ ਪਿੱਛੇ, ਜੇ ਤੇਰੇ ਬਿਨਾ ਓ ਕਿਸੇ ਹੋਰ ਵੰਨੀ ਝਾਕੀ ਤਾਂ ਡੱਕਰੇਂ ਨਾ ਕਰਦੂੰ ਡੱਕਰੇ" ਤੇ ਫੇਰ ਭਰੋਸੇ ਨਾਲ਼ ਭਰੀ ਮੁਸਕਾਨ ਨਾਲ਼ ਬੋਲਿਆ, 'ਐਂ ਕਵੇ ਝਾਕੂ ਦੀਨ ਆਲ਼ੀ ਐ, ਅਣਖ਼ ਆਲ਼ੀ, ਮੇਰੀ ਪੱਗ ਨੂੰ ਦਾਗ਼ ਨੀ ਲੌਂਦੀ..' ਸਿਰ ਤੇ ਬੰਨ੍ਹੀ ਸੰਤਰੀ ਪੱਗ ਨੂੰ ਦੋਵਾਂ ਹੱਥ ਨਾਲ਼ ਫੜ੍ਹ ਲਿਆ, 'ਵੇਖ-ਲੀਂ'।

ਕੁਝ ਚਿਰ ਚੁੱਪ ਤਣੀ ਰਹੀ।

'ਬੱਲੇ ਓਏ ਨਗੌਰੀਆਂ' ਫੇਰ ਹੌਲ਼ੀ ਅਵਾਜ ਨਾਲ਼ ਸ਼ਹਿ ਕੇ ਬੋਲਿਆ 'ਪੁੱਛਾਂ ਤਾਂ ਜੇ -ਸੱਚ ਦੱਸੇਂ-ਗਾ, ਵਲੇਵਾਂ ਪਾ ਕੇ ਮੰਵੀ ਰਾਜ਼ੀ ਨੀ' ਘੀਚਰ ਨੇ ਅੱਗੋ ਹੁੰਗਾਰਾ ਭਰਨ ਲਈ ਸਿਰਫ਼ ਧੌਣ ਦੀ ਨੀਵੀਂ ਹੀ ਉੱਤੇ ਚੱਕੀ, 'ਤੂੰ ਏਥੇ ਦੇਹ ਦੀ ਭੁੱਖ ਤੋਂ ਸਤਿਆ ਔਣਾ ਹੁੰਨਾ, ਕੇ ਚਾਰ ਲਾਵਾਂ ਵੀ ਘੁਕੇਗਾ' ਨਾਲ਼ ਈ ਉਹਨੇ ਧੌਣ ਨੂੰ

ਗੇੜਾ ਦਿੱਤਾ।

ਘੀਚਰ ਨੇ ਹੱਥ ਵਿੱਚ ਫੜ੍ਹੀ ਕੌਲੀ ਵਿੱਚੋਂ ਪਾਣੀ ਦੀ ਇੱਕ ਘੁੱਟ ਹੋਰ ਭਰੀ। ਸੰਘ ਵਿੱਚੋਂ ਖਹਿ ਕੇ ਲੰਘਦੇ ਪਾਣੀ ਦੀ ਅਵਾਜ਼ ਆਈ, 'ਗੜ੍ਹੂੰ ..!'

'ਜਰ ਤੂੰ ਤਾਂ ਪਤੰਦਰਾ ਪਾਣੀ ਦੇ ਈ ਚਿੱਬ ਕੱਢੀ ਜਾਨੈਂ, ਨਿਬਾ ਕਰੇਂਗਾ ਐਦ੍ਹੇ ਨਾਲ਼ ਕੇ ਨਈਂ' ਅੱਗੋਂ ਕੋਈ ਸੁਰ-ਜਵਾਬ ਨਾ ਦਿੰਦਾ ਵੇਖ ਕੇ ਬਲੌਰੇ ਨੇ ਕਚਿਆਈ ਮੰਨੀ। ਡੱਬੀ ਵਿੱਚੋਂ ਸੀਖ ਬਾਲ ਕੇ ਉਹਦੇ ਮੂੰਹ ਕੋਲ਼ ਕਰਕੇ, ਬਦਲ ਰਹੇ ਤੇਵਰ ਵੇਖਣ ਲੱਗ ਪਿਆ। ਸਮਝ ਨਹੀਂ ਪਈ, ਉਹਦੇ ਮੂੰਹ ਨੂੰ ਏਨਾ ਮੁੜ੍ਹਕਾ ਈ ਆ ਗਿਆ ਸੀ ਕਿ ਉਹ ਰੋ ਰਿਹਾ ਸੀ। ਦੂਜੀ ਸੀਖ਼ ਬਾਲ੍ਹੀ ਤਾਂ ਘੀਚਰ ਨੇ ਉਹਦੀ ਲਾਟ ਅੱਗੇ ਆਪਣੇ ਹੱਥ ਦੀ ਹਥੇਲੀ ਕਰ ਲਈ। ਲਾਟ ਨੇ ਉਹਦੀ ਤਲੀ ਦਾ ਮਾਸ ਸਾੜ ਦਿੱਤਾ। ਸੇਕ ਨਾਲ਼ ਹੁੰਦੀ ਪੀੜ ਨੂੰ ਦੰਦਾਂ ਹੇਠ ਜੀਭ ਘੁੱਟ ਕੇ ਸਹਿ ਲਿਆ।

'ਜਾ ਭਾਜਾ ਐਥੋਂ ਸੌਰਿਆ ਮੈਥੋਂ ਹੋਰ ਹਯਾ ਲੁਹਾਏਂਗਾ, ਤੈਨੂੰ ਡੀਕੀ ਜਾਂਦੀ ਐ' ਸੁਆਤ ਵੱਲ ਇਸ਼ਾਰਾ ਕਰ ਦਿੱਤਾ। ਘਰ ਆਏ ਜੀਅ ਨੂੰ ਇਉਂ ਰੁੱਖਾ ਨਹੀਂ ਸੀ ਬੋਲਣਾ ਚਾਹੀਦਾ, ਏਸ ਗੱਲ ਤਾਂ ਆਪਣੇ ਤੇ ਰਹਿ-ਰਹਿ ਕੇ ਗੁੱਸਾ ਵੀ ਆ ਰਿਹਾ ਸੀ।

ਮੰਜੇ ਤੋਂ ਖੜ੍ਹੇ ਹੋਏ ਘੀਚਰ ਦਾ ਰੁਖ ਗਲ਼ੀ ਵੱਲ ਹੋਇਆ ਵੇਖ ਕੇ ਉਹਨੇ ਛੇਤੀ ਨਾਲ਼ ਕਿਹਾ, 'ਏਧਰ ਨ੍ਹੀ ਐਧਰ ਬੈਠੀ ਐ, ਦਬਵੇਂ ਪੈਰੀਂ ਜਾਈਂ, ਅੱਬਲੀ ਤਾਂ ਜੋੜੇ ਲਾਹ ਕੇ ਹੱਥੀਂ ਫੜ੍ਹ-ਲੈ, ਐਵੇਂ ਜੁੱਤੀ ਜਰਕੂ, ਆਸ਼ਕ ਤੇ ਚੋਰ ਦੇ ਪੈਰੀਂ ਜੁੱਤੀ ਜਰਕੀ ਮਾੜੀ ਹੁੰਦੀ ਐ', ਧੌਣ ਲੰਮੀ ਕਰਕੇ ਮੰਜਿਆਂ ਤੋਂ ਘੋਖਵੀਂ ਨਿਗ੍ਹਾ ਮਾਰੀ, 'ਪਰ ਬੇਬੇ-ਬਾਪੂ ਹੋਰੀਂ ਸੌਂ-ਗੇ ਹੋਣੇ ਆਂ, ਫੇਰ ਵੀ ਡਰ-ਭੂੱਕਰ ਚੰਗਾ ਹੁੰਦਾ, ਬੰਦਾ ਹੁਸ਼ਿਆਰ ਜਿਹਾ ਰਹਿੰਦਾ, ਹੂੰ, ਓਨ੍ਹਾਂ ਤੋਂ ਪਰਦਾ ਰੱਖਿਆ ਜੇ' ਖੱਬੀ ਬਾਂਹ ਮੋੜ ਕੇ ਪਾਸਾ ਲੈ ਕੇ ਪੈ ਗਿਆ।

ਘੀਚਰ ਨੇ ਡੱਬ ਵਿੱਚ ਕਾਪਾ ਕੱਢ ਕੇ ਹੱਥ ਚ ਜਚਾ ਕੇ ਫੜ੍ਹ ਲਿਆ। ਧਾਰ ਤੇ ਉਂਗਲ ਫੇਰੀ। ਚਾਨਣੀ ਵਿੱਚ ਉਹ ਅੱਗ ਦੇ ਫਾਲੇ ਵਾਂਗ ਮਘਿਆ। ਕਾਪਾ ਉਹਦੇ ਮੰਜੇ ਦੀ ਬਾਹੀ ਨਾਲ਼ ਰੱਖ ਕੇ, ਪਰੇ ਨੂੰ ਤੁਰ ਗਿਆ।

*** *** ***

ਚਾਨਣੀ ਨਾਲ਼ ਘੀਚਰ ਦਾ ਇੱਕ ਪਰਛਾਵਾਂ ਅੰਦਰ ਮੰਜਿਆਂ ਤੱਕ ਫੈਲਿਆ ਸੀ। ਪਰ ਦੀਵੇ ਦੇ ਚਾਨਣ ਨੇ ਇੱਕ ਗਾੜ੍ਹਾ ਪ੍ਰਛਾਵਾਂ ਬਾਹਰ ਵਿਹੜੇ ਵਿੱਚ ਧੱਕ ਕੇ ਖਿਲਾਰ ਦਿੱਤਾ ਤੇ ਨਾਲ਼ ਈ ਅੰਦਰ ਪਿਆ ਪਰਛਾਵਾਂ ਫਿੱਕਾ ਵੀ ਕਰ ਦਿੱਤਾ। ਦੀਸਾਂ ਨੇ ਆਲੇ ਵਿੱਚ ਪਈ ਪੋਟਲੀ ਦੀ ਪੀਂਡੀ ਗੰਢ ਦੰਦਾਂ ਨਾਲ਼ ਖੋਲ੍ਹ ਕੇ ਵਿੱਚੋਂ ਸੰਧੂਰ ਦੀ ਡੱਬੀ ਕੱਢ ਲਈ। ਡੱਬੀ ਦਾ ਢੱਕਣ ਖੋਲ੍ਹ ਕੇ, ਖੱਬਾ ਪੈਰ ਚੁਗਾਠ ਦੇ ਅੰਦਰ ਤੇ ਸੱਜਾ ਪੈਰ ਬਾਹਰ ਰੱਖ ਕੇ ਖੜ੍ਹੇ ਘੀਚਰ ਅੱਗੇ, ਸਿਰ ਤੋਂ ਚੁੰਨੀ ਲਾਹ ਕੇ ਜਾ ਖੜ੍ਹੀ। ਦੀਵੇ ਦੀ ਲਾਟ ਕੰਬੀ ਤਾਂ ਦਾਣਿਆਂ ਦੀ ਬੋਰੀ ਤੇ ਪੈਂਦਾ ਦੀਸਾਂ ਦਾ ਪਰਛਾਵਾਂ ਟੇਢਾ ਜਿਹਾ ਘੀਚਰ ਦੇ ਪਰਛਾਂਵੇ ਵਿੱਚ ਘੁੱਲ ਗਿਆ। ਅਕਸ ਥੋੜ੍ਹਾ ਜਿਹਾ ਹੋਰ ਗੂੜ੍ਹਾ ਹੋ ਗਿਆ।

'ਸਾਡਾ ਏਹ ਸਾਕ ਹਰਿਕ ਰਵੈਤ ਤੋਂ ਬਾਗੀ ਐ, ਕਿਸੇ ਤੌਰ ਚ ਬੱਜ ਕੇ ਨਹੀਂ



www.PunjabiLibrary.com

ਜਿਉਂ ਰਹੇ, ਇਸ਼ਕ ਤਾਂ ਉਹ ਫੁੱਲਾਂ ਦੀ ਵੇਲ ਐ, ਜੋ ਦਰਿਆ ਦੇ ਥੱਲੇ ਉੱਗਦੀ ਐ' ਘੀਚਰ ਨੇ ਝੱਗੇ ਦੇ ਕਾਲਰ ਨਾਲ਼ ਮੁੜ੍ਹਕੇ ਦੀਆਂ ਮੁੱਛਾਂ ਨੂੰ ਪੂੰਝ ਦਿੱਤਾ। ਹੱਥ ਨਾਲ਼ ਸੰਧੂਰ ਵਾਲ਼ੀ ਡੱਬੀ ਪਰੇ ਕਰਕੇ ਬੋਲਿਆ, 'ਆਪਾਂ ਯਕੀਨ ਤੋਂ ਔਂਤਰੇ ਹੋ ਕੇ ਤਾਂ ਨਈਂ ਇਨ੍ਹਾਂ ਪਾਵਿਆਂ ਤਾਈਂ ਅਪੜੇ, ਖੌਰੇ ਕਿੰਨੇ ਜਣਿਆਂ ਨੂੰ ਧੋਖੇ ਦੇ ਰਹੇ ਆਂ'।

'ਭਰੋਸਾ..' ਦੀਸਾਂ ਥੋੜ੍ਹੀ ਅੱਗੇ ਹੋਈ ਤਾਂ ਦੋਵਾਂ ਦੇ ਪਰਛਾਂਵੇ ਇੱਕ-ਮਿੱਕ ਹੋ ਕੇ ਵੀ ਵੱਖ ਹੀ ਰਹੇ। ਘੀਚਰ ਨੇ ਖੱਬਾ ਹੱਥ ਲੱਕ ਤੋਂ ਚੁੱਕ ਕੇ ਉਹਦੇ ਮੋਢਿਆਂ ਦੇ ਗਾਤਰੇ ਪਈ ਚੁੰਨੀ ਨੂੰ, ਸਿਰ ਤੇ ਫੇਰ ਰੱਖਿਆ ਤੇ ਸਿਰ ਪਲੋਸ ਕੇ ਕੋਈ ਦੁਆ ਦਿੱਤੀ।

ਘੀਚਰ ਨੇ ਜਦ ਖੱਬਾ ਪੈਰ ਚੱਕ ਕੇ ਬਾਹਰ ਕੱਢ ਲਿਆ ਤਾਂ ਦੀਸਾਂ ਬੋਲੀ, 'ਕੱਖ ਨੀ ਲੁਕਿਆ ਮੈਥੋਂ, ਕਿਸੇ ਦੇ ਲੜ ਲੱਗਣ ਤੋਂ ਪਹਿਲਾਂ ਤੀਵੀਂ ਪੇਕੇ ਮਰਜ਼ੀ ਨਾਲ਼ ਜਿੰਦ ਵਿਉਂਦੀ ਐ, ਫੇਰ ਅੱਗੇ ਤਾਂ ਜਾ ਵੱਢੀ ਦੀ ਧੂਅ-ਘੜੀਸ ਈ ਹੁੰਦੀ ਐ, ਮੰਵੀ ਆਪ ਨੂੰ ਐਹੋ-ਜਾ ਮੌਕਾ ਦਿੱਤਾ, ਤੇਰੇ ਤੇ ਕਾਈ ਅਸਾਨ ਨ੍ਹੀ ਕਰਿਆ' ਡੱਬੀ ਵਿੱਚ ਫੂਕ ਮਾਰ ਕੇ ਸੰਧੂਰ ਨੂੰ ਹਵਾ ਵਿੱਚ ਖਿੰਡਾ ਦਿੱਤਾ।

ਸੰਧੂਰ ਘੀਚਰ ਦੀਆਂ ਦਾੜ੍ਹੀ-ਮੁੱਛਾਂ ਨੂੰ ਰੰਗ ਚਾੜ ਗਿਆ। ਦੀਸਾਂ ਨੇ ਚੁੰਨੀ ਨਾਲ਼ ਮੱਥੇ ਦਾ ਮੁੜ੍ਹਕਾ ਤਾਂ ਪੂੰਜਿਆ, ਪਰ ਬੁੱਲ੍ਹਾਂ ਤੇ ਸਿੰਮ ਕੇ ਬਣੀਆਂ ਮੁੜ੍ਹਕੇ ਦੀਆਂ ਮੁੱਛਾਂ ਨੂੰ ਉਵੇਂ ਈ ਰਹਿਣ ਦਿੱਤਾ। ਇਉਂ ਪਹਿਲੀ ਵਾਰ ਹੋਇਆ ਸੀ। ਉਹ ਬੁੱਲ੍ਹਾਂ ਤੇ ਇਉਂ ਮੁੱਛਾਂ ਨੂੰ ਕਦੇ ਉੱਗਣ ਨਹੀਂ ਸੀ ਦਿੰਦੀ।

ਘੀਚਰ ਆਪਣੀ ਸੁੰਨ ਹੋਏ ਸੱਜੇ ਪੈਰ ਨਾਲ਼ ਤੁਰਦਾ ਹੋਇਆ, ਜੀਹਦੇ ਵਿੱਚ ਕੀੜੀਆਂ ਦੌੜ ਰਹੀਆਂ ਸੀ, ਜਦੋਂ ਬਲੌਰੇ ਦੇ ਮੰਜੇ ਕੋਲ਼ ਦੀ ਲੰਘਿਆ ਤਾਂ ਖੰਗੂਰਾ ਸੁਣ ਕੇ ਉਹ ਥਾਂ ਤੇ ਹੀ ਰੁਕ ਗਿਆ। ਤੇ ਖੱਬੇ ਪਾਸੇ ਵੇਖਿਆ ਤਾਂ ਮੰਜੇ ਤੇ ਬਲੌਰੇ ਦੀ ਬਾਂਹ ਦਾ ਸਿਰਹਾਣਾ ਲਾ ਕੇ ਡੱਬੀ ਬੱਕਰੀ ਪਈ ਸੀ। ਚਾਨਣੀ ਵਿੱਚ ਆਟੇ ਵਾਂਗ ਆਕੜੇ ਝੱਗੇ ਦੇ ਬਟਣ ਖੁੱਲ੍ਹੇ ਹੋਣ ਕਰਕੇ, ਉਹਦੀ ਹਿੱਕ ਉੱਤੇ ਸੰਘਣੇ ਵਾਲ਼, ਛਾਂਵੇ ਉੱਗੇ ਖੱਬਲ ਵਾਂਗ ਦਿਸੇ। ਬਲੌਰੇ ਨੇ ਉਬਾਸੀ ਲੈਂਦੇ ਹੋਇਆਂ, ਬੱਕਰੀ ਨੂੰ ਥਾਪੜ ਕੇ ਆਖਿਆ, 'ਆਹ ਜਾਣ ਲੱਗਿਆ ਬਾਹਰੋਂ ਬਾਰ ਦੀ ਸੱਬਲ ਅਡਾ-ਜੀਂ ਬੇਲੀਆ, ਮੈਂ ਤਾਂ ਪਸ਼ਾਵ ਕਰਕੇ ਪੈ ਗਿਆਂ, ਹੁਣ ਕਿੱਥੇ ਉਠੂ-ਗਾ...' ਬਾਂਹ ਹੇਠ ਖੇਸ ਕਰਕੇ ਮੌਜ਼ ਨਾਲ਼ ਅੱਖਾਂ ਬੰਦ ਕਰਕੇ ਪੈ ਗਿਆ।

*** *** ***

ਪਿੰਡ ਵਿੱਚ ਅਜੇ ਟਾਂਵੇ-ਟਾਂਵੇ ਘਰਾਂ ਵਿੱਚ ਬਿਜਲੀ ਦੀਆਂ ਤਾਰਾਂ ਪੈ ਚੁੱਕੀਆਂ ਸੀ। ਬਚਨੇ ਦੇ ਘਰ ਵਿੱਚ ਲੱਗੇ ਬਲਬ ਦਾ ਚਾਨਣ ਜਦੋਂ ਬਲੌਰੇ ਦੇ ਵਿਹੜੇ ਵਿੱਚ ਕੰਧ ਲੰਘ ਕੇ ਆਉਂਦਾ ਤਾਂ ਇਹਨਾਂ ਦੀ ਬਾਲੀ ਲਾਲਟੈਣ ਦਾ ਚਾਨਣ ਕਿਤੇ ਈ ਸਿਤਮ ਹੋ ਜਾਂਦਾ। ਇਹ ਵੇਖ ਕੇ ਅਜੈਬ ਆਪਣੇ ਰੋਟੀ ਵਾਲ਼ੀ ਥਾਲੀ ਚੱਕ ਕੇ, ਓਨ੍ਹਾਂ ਦੀ ਕੰਧ ਵੱਲ ਤੁਰ ਪੈਂਦਾ, ਤੇ ਕੰਧ ਲੰਘ ਕੇ ਆਏ ਚਾਨਣ ਵਿੱਚ ਬਹਿ ਕੇ ਰੋਟੀ ਖਾਣ ਲੱਗ ਪੈਂਦਾ। ਪਰ ਬਲੌਰੇ ਤੋਂ ਇਹ ਸਭ ਕੁਝ ਜਰਿਆ ਨਹੀਂ ਸੀ ਜਾਂਦਾ। ਉਹਨੇ ਤਿੰਨ ਚਾਰ ਵੱਡੇ-ਵੱਡੇ ਡੰਡੇ ਲਗਾ ਕੇ ਪੱਲੀ ਤਾਣ ਲਈ, ਜਿੱਥੇ ਉਹਨਾਂ ਦੇ ਬਲਬ ਦਾ ਚਾਨਣ ਨਹੀਂ ਸੀ ਆਉਂਦਾ, ਫੇਰ ਦੀਵਾ ਬਾਲ ਕੇ ਪਾਵੇ ਤੇ ਧਰ ਲੈਂਦਾ, ਤੇ ਇਹ ਦੇ ਮਿੱਸੇ

ਚਾਨਣ ਵਿੱਚ ਰੋਟੀ ਖਾਂਦਾ।

'ਏਨ੍ਹਾਂ ਦੇ ਬਲਬਾਂ ਨਾਲ਼ ਸਾਡਾ ਨ੍ਹੇਰ ਨੀ ਦੂਰ ਹੋਣਾ, ਆਪ ਈ ਦੀਵਾ ਬਾਲਣਾ ਪੈਣਾ' ਉਹਦੇ ਚਿੱਤ ਕਦੇ ਕੌਂਸ ਆ ਜਾਂਦੀ ਸੀ।

ਬਲੌਰੇ ਨੇ ਸਵੇਰ ਦੀ ਚਾਹ ਪੀਂਦੇ ਹੋਇਆਂ, ਵਿਹੜੇ ਵਿੱਚ ਉਹਦੇ ਰੱਖੇ ਹੋਏ ਪਾਣੀ ਦੇ ਠੀਕਰੇ ਵਿੱਚ ਅੰਗਰੇਜ਼ ਕੇ ਕੁੱਤੇ ਨੂੰ ਬੈਠਿਆਂ ਦੇਖਿਆ ਤਾਂ ਉਹਨੇ ਹਰਖ ਨਾਲ਼ ਗਲਾਸ ਨੂੰ ਏਨੀ ਜ਼ੋਰ ਨਾਲ਼ ਘੁੱਟਿਆ ਕਿ ਉਹਦਾ ਚਿੱਬ ਕੜੱਕ ਕਰਕੇ ਨਿਕਲ਼ ਗਿਆ। ਤੇ ਫੇਰ ਜਦ ਡੱਬੂ ਕੁੱਤੇ ਨੂੰ 'ਲਗੇ-ਲਗੇ' ਦੀ ਬੁਸ਼ਕਰ ਮਾਰੀ ਤਾਂ ਉਹ ਗਲ਼ੀ ਵਿੱਚੋਂ ਆ ਕੇ ਜਦ ਘਰ ਦੇ ਬੂਹੇ ਵਿੱਚ ਖੜਿਆ ਸੀ ਤਾਂ ਇਹ ਕੁੱਤਾ ਠੀਕਰੇ ਵਿੱਚੋਂ ਨਿਕਲ਼ ਕੇ ਭੱਜ ਪਿਆ।

ਬਲੌਰੇ ਨੇ ਦਾਤੀ ਤੇ ਰੱਸਾ ਵਲ੍ਹੇਟ ਕੇ ਅੰਗਰੇਜ਼ ਦੇ ਘਰ ਵੱਲ ਦਾ ਰੁਖ ਕਰ ਲਿਆ। ਉਹਨਾਂ ਨੇ ਏਸ ਵਾਰੀ ਸਾਰੇ ਘਰ ਨੂੰ ਚਿੱਟੀ ਕਲੀ ਫਿਰਵਾ ਲਈ ਸੀ ਤੇ ਉਹਨੂੰ ਚੁਬਾਰੇ ਤੇ ਲੱਗੇ ਵੱਡੇ ਸਾਰੇ ਝੰਡੇ ਦਾ ਹਵਾ ਨਾਲ਼ ਹਿਲ਼ਣ ਕਰਕੇ ਕਿੰਨਾ ਹੀ ਖੜਾਕ ਸੁਣਾਈ ਦਿੰਦਾ ਰਿਹਾ। ਵਹਿੜਕੇ ਨੂੰ ਕਿੱਲੇ ਤੋਂ ਖੋਲ੍ਹ ਕੇ, ਖੇਲ ਵਿੱਚੋਂ ਪਾਣੀ ਪਿਆਉਣ ਲੱਗ ਪਿਆ, ਤੇ ਉਹਦੇ ਕੰਨ ਤੇ ਲੱਗੇ ਪੋਟੇ ਜਿੱਡੇ ਭੂਰੇ ਚਿੱਚੜ ਨੂੰ ਪੱਟ ਕੇ ਫੇਹ ਦਿੱਤਾ, 'ਅੱਜ ਕੈ ਥੱਬੇ ਲਿਔਣੇ ਆ ਪੱਠਿਆਂ ਦੇ ਬਾਈ ਸਿਆਂ'।

'ਛੀ' ਸਪਰੇ ਵਾਲ਼ੇ ਗੇਲਣ ਦੇ ਮੂੰਹ ਨੂੰ ਵੱਢ ਕੇ ਬਣਾਏ ਡੱਬੇ ਨੂੰ ਕੱਕੇ ਰੇਤੇ ਨਾਲ਼ ਮਾਂਜਦਾ ਹੋਇਆ ਅੰਗਰੇਜ਼ ਵਾੜੇ ਵਿੱਚੋਂ ਆਉਂਦਾ ਬੋਲਿਆ, 'ਕੀ ਬੀਜਾਂਦ ਕਰਨੀ ਐਂ ਫੇਰ ਐਤਕੀ, ਨਾਲ਼ੇ ਪਤੰਦਰਾ ਕੀ ਖਾਣ ਲਾ ਪਿਐਂ, ਨਿਖ਼ਰਦਾ ਈ ਔਨਾ..'।

'ਢਿੱਡ ਭਰ-ਜੇ ਏਨਾਂ ਦੀ ਕਾਰੀ ਐ' ਵਹਿੜਕਾ ਧਸਾੜ ਚੱਕ ਕੇ ਨਿੰਮ ਦੇ ਪੱਤੇ ਮੁੱਛਣ ਲੱਗਿਆ ਤਾਂ ਉਹਨੂੰ ਖਿਚ ਕੇ ਗੱਡੀ ਵੱਲ ਲੈ ਗਿਆ, 'ਧਾਈਂ ਲੌਣ ਦੀ ਵਿੱਡ ਐ, ਡੂੱਕ..ਡੂੱਕ.. ਡੂੱਕ..' ਗੱਡੀ ਉਹਦੇ ਕੰਨੇ ਤੇ ਧਰ ਕੇ, ਨੱਥ ਠੀਕ ਕੀਤੀ, ਜੋ ਇੱਕ ਪਾਸੇ ਨੂੰ ਪੂਰੀ ਈ ਫਿਰ ਗਈ ਸੀ।

'ਧਾਈਂ..' ਦਾ ਨਾਉ ਸੁਣ ਕੇ ਅੰਗਰੇਜ਼ ਉਹਦੇ ਵੱਲ ਸਿਸਤ ਬੰਨ੍ਹ ਕੇ ਵੇਖਣ ਲੱਗਿਆ। ਉਹ ਹੀ ਗੱਲ ਹੋਈ ਜੀਹਦਾ ਡਰ ਸੀ। ਉਹਨੇ ਰਾਤੀਂ ਸੋਚਿਆ ਸੀ, 'ਬਈ ਜੇ ਏਨੇ ਵੀ ਆਪਣੇ ਖੇਤ ਝੋਨੇ ਆਲ਼ਾ ਵੰਜ ਬਰੋਬਰ ਗੱਡ-ਤਾ ਫੇਰ ਕਲੋਟਾ ਹੋ ਜਾਣੈ ਦਣ, ਜੇ ਏਹ ਨਰਮੇਂ ਦੇ ਚਾਰ ਓੜੇ ਕੱਢੂ, ਫੇਰ ਈ ਏਹਦੇ ਵਾਹਣ ਦੀ ਪਾਣੀ ਵਾਲ਼ੀ ਵਾਰੀ ਆਵਦੇ ਖੇਤ ਲੱਗੂ, ਨਾਲ਼ੇ ਝੋਨੇ ਦੀ ਫਸਲ ਤਾਂ ਨਿਰੀ ਵੱਟ ਤੇ ਪਈ ਐ, ਨਰਮਾ ਸਾਲਾ ਜੂਆ, ਜੇ ਮੀਂਹ-ਕਣੀ ਨਾਲ਼ ਨਰਮਾ ਦੋ-ਕੁ ਆਰੀ ਫੂੜਕ ਗਿਆ, ਫੇਰ ਆਪੇ ਈ ਪੈਸੇ ਟਕੇ ਲਈ ਹੱਥ ਅੱਡ ਲਊ, .ਬੱਸ ਉਹ ਅੱਡੇ ਹੱਥ ਈ ਗੂਠਾ ਨੀਲਾ ਕਰਕੇ ਵੱਢਣੇ ਐਂ, ਕਰਦਾਂ ਕਾਈ ਭੰਨ੍ਹ ਘੜ..'।

ਵਹਿੜਕੇ ਨੇ ਗੱਡੀ ਕੰਨੇ ਤੋਂ ਹੇਠਾਂ ਸੁੱਟ ਦਿੱਤੀ ਤਾਂ ਖੜਾਕ ਨਾਲ਼ ਅੰਗਰੇਜ਼ ਦੀ ਸੁਰਤ ਫੇਰ ਏਥੇ ਮੁੜ ਆਈ ਤੇ ਸਲਾਹ ਮੂਜਬ ਬੋਲਿਆ, 'ਬਾਈ ਰੇਡਿਉ ਆਲ਼ੇ ਆਂਦੇ ਐ, ਪੂਰੇ ਸਿਆਣੇ ਐ.. ਸਰਕਾਰ ਵੀ ਮੰਨ ਕੇ ਚੱਲ ਓਨ੍ਹਾਂ ਤੋਂ ਪੁੱਛ ਕੇ ਈ ਬਣਦੀ ਐ, ਅਖੇ ਨਰਮਾ ਐਤਕਾਂ ਚਿੱਬ-ਕੱਢ ਹੋਊ, ਚਾਰ ਓੜੇ ਤੂੰ ਕੱਢ ਲੈ, ਪਾੜ੍ਹਿਆਂ ਚ ਬੀਜੀਂ

ਵੱਲਾਂ, ਰੱਜ-ਰੱਜ ਡੋਲੇਂਗਾ' ਬੈਠਕ ਦੇ ਬੂਹੇ ਕੋਲ਼ ਬਣੇ ਰੌਸ਼ਨਦਾਨ ਵਿੱਚ ਹੱਥ ਮਾਰ ਕੇ 'ਡੀਟੀ ਆਲਨ ਲਿਫਾਫਾ' ਚੁੱਕ ਕੇ ਬਾਹਰ ਲੈ ਆਇਆ। ਜੀਹਨੂੰ ਨਿੰਮ ਦੇ ਮੁੱਡ ਵਿੱਚ ਲੱਗੇ ਕੀੜਿਆਂ ਦੇ ਭੌਣ ਤੇ ਭੁੱਕ ਦਿੱਤਾ, 'ਤਪਾਂ ਈ ਮਾਰਿਆ ਏਨ੍ਹਾਂ ..'।

ਬਲੌਰਾ ਉਹਦੀ ਏਸ ਹਰਕਤ ਵੱਲ ਕਚੀਚੀ ਭੰਨ੍ਹ ਕੇ ਵੇਖਣ ਲੱਗ ਪਿਆ। ਭੌਣ ਉੱਤੇ ਨਸੀਬੋ ਨਿੱਤ ਈ ਦੋ ਵੇਲ਼ੇ, ਆਟੇ ਦੀ ਲੱਪ ਪਾ ਕੇ ਖੈਰ-ਸੁੱਖ ਮੰਗਦੀ ਸੀ। ਅੰਗਰੇਜ਼ ਨੇ ਡੀਟੀ ਪਾਉਂਦੇ ਹੋਇਆਂ ਉਹਦੇ ਨਾਲ਼ ਅੱਖ ਨਹੀਂ ਰਲਾਈ, ਨਹੀਂ ਤਾਂ ਸ਼ਾਇਦ ਉਹ ਇਂਜ ਨਾ ਕਰਦਾ। ਤੇ ਬੋਲਿਆ, 'ਧਾਈਆਂ ਨੇ ਪੜਤਾ ਨੀ ਪੌਣਾ, ਨਿੱਤ ਤੇਲ ਫੂਕਣਾ ਕੇੜ੍ਹਾ ਸੌਖਾ' ਫੇਰ ਜਦ ਅੱਖ ਚੁੱਕੀ ਤਾਂ ਉਹਨੂੰ ਬਲੌਰੇ ਦਾ ਇਂਜ ਘੂਰੀ ਵੱਟ ਕੇ ਵੇਖਣਾ ਆਪਣੀ ਕੀਤੀ ਜਾ ਰਹੀ ਗੱਲ ਦੀ ਹੇਠੀ ਲੱਗੀ, ਤਾਂ ਉਹਦੇ ਬੋਲ ਕੁਰਖ਼ਤ ਹੋ ਗਏ, 'ਨਿੱਕੀ ਸੁੱਕੀ ਬੰਦਿਆਈ ਦੀ ਔਕਾਤ ਨੀ ਧਾਈਂ ਲੌਣੇ ਪੈਲੀਆਂ ਛੱਡ-ਛੱਡਾ ਕੇ ਭੱਜਣ-ਗੇ ..'।

ਬਲੌਰੇ ਨੂੰ ਪਿੱਛਲੀ ਗੱਲ ਛਿੱਲਤ ਵਾਂਗ ਪੁੜ ਗਈ। ਹਿੱਕ ਵਿੱਚ ਬਲਦੇ ਭੰਬੂਕੇ ਨਾਲ਼ ਰੱਸੇ ਨੂੰ ਏਨੀ ਜ਼ੋਰ ਨਾਲ਼ ਘੁੱਟਿਆ, ਕਿ ਉਹਦੀ ਤਲੀ ਵਿੱਚ ਚੀਗ ਪੈ ਗਈ।

ਥਾਪੇ ਦੀ ਥਾਂਏ ਹੱਥਾਂ ਨਾਲ਼ ਲੀੜ੍ਹੇ ਧੋਂਦੀ ਹੋਈ ਮੂਰਤੀ ਨੇ ਲੱਗਦੇ ਹੱਥ ਗਵਾਹੀ ਭਰੀ, 'ਖ਼ੱਫਣ ਜੋਗੇ ਪੈਸੇ ਨੀ ਰਹੇ ਜੱਟਾਂ ਕੋਲ਼, ਉਹ ਵੀ ਆੜ੍ਹਤ ਤੋਂ ਗੂਠਾ ਲਾ ਕੇ ਲਿਔਣਾ ਪੈਂਦਾ' ਅੱਖਾਂ ਥੋੜ੍ਹੀਆਂ ਜਿਹੀਆਂ ਮੀਚ ਲਈਆਂ ਕਿਤੇ ਸਾਬਣ ਦੀ ਝੱਗ ਨਾ ਪੈ ਜਾਵੇ।

ਉਹ ਦੋਵੇਂ ਜਾਣੇ ਉਹਦੀ ਰੀਝ ਨੂੰ ਘੇਰਾ ਪਾਈ ਖੜ੍ਹੇ ਸੀ।

ਬਲੌਰੇ ਨੇ ਵਹਿੜਕੇ ਦੇ ਬੰਨ੍ਹ ਉੱਤੋਂ ਦੀ ਥੁੱਕ ਦਿੱਤਾ, ਚਿੱਤ ਟਿਕਾਣੇ ਆ ਗਿਆ, 'ਕਰਦਾਂ ਰਾਏ...!' ਮੂਹ ਵਿੱਚੋਂ ਟਿਚ ਦੀ ਪਟਾਕ ਅਵਾਜ਼ ਕੱਢੀ ਤਾਂ ਵਹਿੜਕੇ ਨੇ ਫੇਰ ਕੰਨ ਤੋਂ, ਧੌਣ ਨਿਵਾਂ ਕੇ ਗੱਡੀ ਸਿੱਟ ਦਿੱਤੀ। ਉਹ ਜੋਤ ਬੰਨ੍ਹਣੀ ਭੁੱਲ ਗਿਆ ਸੀ।

'ਰਈ ਤਾਂ ਨੰਗ ਕਰਦੇ ਹੁੰਦੇ ਆ, ਟਰੈਕਟ ਤੋਂ ਲੈ ਕੇ ਸੰਦ-ਸੱਪੇ ਤਾਂਈ ਏਸ ਘਰ ਦਾ ਤੇਰਾ, ਸਵ ਕੁਛ ਦਾਤੇ ਦਾ ਦਿੱਤਾ ਵਿਐ, ਨਾਲ਼ੇ ਮੱਲਾ ਅਹੀਂ ਕੇੜ੍ਹਾ ਰੱਖਣ ਲਈ ਦੇਣਾ, ਵਰਤ-ਲੀਂ ਫੇਰ ਕੇੜ੍ਹਾ ਕੁਛ ਘੱਸ-ਜੂ ਖੀਰ ਨੂੰ ਹੋਣਾ ਤਾਂ ਮਿੱਟੀ ਐ'.. ਮੂਰਤੀ ਨੇ ਕੁੜਤੇ ਨੂੰ ਫੋਕੇ ਪਾਣੀ ਵਿੱਚ ਭਿਉਂ ਕੇ, ਗੋਡਿਆਂ ਦੇ ਸੰਨ੍ਹ ਵਿੱਚ ਦੱਬ ਕੇ ਵੱਟ ਚਾੜ ਕੇ ਨਿਚੋੜ ਦਿੱਤਾ, 'ਸਾਨੂੰ ਤਾਂ ਥਫਾਕ ਆਲ਼ਾ ਬੰਦਾ ਚਾਈਦੈ, ਦੁਖਦੇ-ਸੁਖਦੇ ਵੇਲ਼ੇ ਪਿੱਛੋਂ ਘਰ ਦੀ ਟਿੰਡ-ਫੌੜੀ ਸਾਂਭੇ-'।

'ਬਾਪੂ ਮਰੇ ਤੋਂ ਕਿਤੇ ਸਾਕ-ਸਕੀਰੀ ਚ ਚੰਗੂ ਜਾਇਆ ਈ ਨਹੀਂ ਗਿਆ, ਸੰਘੀ ਨੂੰ ਪਿਆ ਘਰ ਦਾ ਸੰਗਲ ਨੀ ਢਿੱਲ੍ਹਾ ਹੁੰਦਾ-ਗਾ, ਰੱਬ ਦਾ ਜੋ ਵੀ ਕੌੜਾ ਭਾਣਾ, ਪਰ ਜੇ ਚਾਰ ਵੀਰ ਸੀਗਾ ਕਰਨ ਆਲ਼ੇ ਹੋਣ ਤਾਂ ਏਹ ਵੀ ਮਿੱਠੇ ਹੋ ਜਾਂਦੇ ਐ, ਬਲੌਰ ਸਿਆਂ' ਉਹਨੇ ਪਿੰਜਣੀ ਤੇ ਚੜੇ ਕੀੜ੍ਹੇ ਨੂੰ ਲੱਤ ਹਿਲਾ ਕੇ ਝਾੜਿਆ, ਜਿੰਨ੍ਹਾ ਨੇ ਆ ਕੇ ਦੰਦੀ ਵੱਢੀ ਸੀ।

ਇਹ ਕੀੜਾ ਭੌਣ ਵਿੱਚੋਂ ਬਚ ਕੇ ਜਿਵੇਂ ਬਦਲਾ ਲੈਣ ਆਇਆ ਸੀ। ਬਲੌਰੇ ਨੇ ਫੇਰ ਸਖ਼ਤੀ ਨਾਲ਼ ਉਹਦੇ ਵੱਲ ਵੇਖਿਆ, ਗ਼ਲਤੀ ਆਪ ਕਰਕੇ ਭਾਣਾ ਰੱਬ ਦਾ

ਕਹਿਣਾ ਚੰਗਾ ਨਹੀਂ ਲੱਗਿਆ। ਡੂੰਨ ਬਣ ਕੇ ਉਹਨਾਂ ਦੇ 'ਲੱਲੇ-ਭੱਭੇ' ਸੁਣੀ ਗਿਆ, ਤੇ ਫੇਰ ਕਾਅਲੀ ਨਾਲ਼ ਵਹਿੜਕੇ ਨੂੰ ਗੱਡੀ ਵਿੱਚ ਜੋੜ ਲਿਆ।

ਮੂਰਤੀ ਨੇ ਜਾਣ ਲੱਗੇ ਨੂੰ ਲੱਸੀ ਦਾ ਗਲਾਸ ਭਰ ਕੇ ਫੜ੍ਹਾ ਦਿੱਤਾ। ਉਹਨੇ ਗਲਾਸ ਨੂੰ ਪੂਰੀ ਨਿਰਖ਼ ਨਾਲ਼ ਵੇਖਿਆ ਤਾਂ ਇਹਦੇ ਤੇ ਦੋ ਮੋਰਨੀਆਂ ਪੈਲ੍ਹਾਂ ਪਾਈ ਜਾਂਦੀਆਂ ਵੇਖ ਕੇ ਚਿੱਤ ਦਿਲ ਅਸ਼-ਅਸ਼ ਕਰ ਉਠਿਆ। ਗੱਡੀ ਦੇ ਤੇ ਪਏ ਝੋਲ਼ੇ ਵਿੱਚੋਂ ਬਾਹਰ ਝਾਕਦੇ ਕੁੱਜੇ ਨਾਲ਼ ਅੱਖ ਮਿਲਾ ਕੇ ਆਖਿਆ, 'ਕੁੱਜਿਆ ਵੇਹਨਾਂ ਫੇਰ ਮੀਨਾਕਾਰੀ, ਕੱਢੇ ਪਏ ਐ ਚਿੱਬ ਕਨਾ, ਊਂ ਇਕ ਗੱਲ ਦੱਸਾਂ, ਜਿਨ੍ਹਾਂ ਲੋਕਾਂ ਦਾ ਜ਼ਮੀਰ ਨੀ ਵਿਕਦਾ ਉਨ੍ਹਾਂ ਦੇ ਭਾਂਡੇ ਵਿਕ ਜਾਂਦੇ ਐ' ਫੇਰ ਲੱਸੀ ਪੀਂਦੇ ਨੇ ਤੰਦੂਰ ਤੇ ਭਾਂਡਿਆਂ ਨਾਲ਼ ਟੀਸੀ ਕੱਢ ਕੇ ਪਏ, ਟੋਕਰੇ ਵੱਲ ਵੇਖ ਕੇ ਚਿੱਤ ਵਿੱਚ ਮੋੜ ਦਿੱਤਾ, 'ਲੱਗਦੇ ਤਾਂ ਮੈਨੂੰ ਏਹ ਵੀ ਕੱਲ਼ੇ ਭਾਂਡਿਆਂ ਆਲ਼ੇ ਈ ਐ...'।

ਖ਼ਾਲੀ ਗਲਾਸ ਵਿੱਚ ਜਦੋਂ ਮੂਰਤੀ ਨੇ ਦੋ ਘੁੱਟਾਂ ਲੱਸੀ ਦੀਆਂ ਵੇਖੀਆਂ ਤਾਂ ਅਚਾ ਮੰਨ ਕੇ ਪੁੱਛਿਆ, 'ਵੇ ਬਲੌਰ, ਪਾਣੀ ਹੋਵੇ ਚਾਹੇ ਦੁੱਧ, ਤੂੰ ਆਹ ਪਿੱਛੇ ਜੂਠੀ ਘੁੱਟ ਕਾਹਤੋਂ ਛੱਡਦਾ ਹੁੰਨਾ..'।

ਉਹਨੇ ਰੋਅਬ ਨਾਲ਼ ਭਰੇ ਸ਼ਾਂਤ ਚਿਹਰੇ ਤੇ ਹੱਥ ਫੇਰ ਕੇ, ਠਰਮੇ ਨਾਲ਼ ਮੋੜ ਦਿੱਤਾ, 'ਏਹ ਤਾਂ ਭਾਬੀ ਰੱਜੇ ਬੰਦੇ ਦੀ ਨਸ਼ਾਨੀ ਹੁੰਦੀ ਐ' ਵਹਿੜਕੇ ਨੂੰ ਖੇਤਾਂ ਵੱਲ ਤੋਰ ਲਿਆ, 'ਏਹ ਜੂਠ ਨਹੀਂ ਕਿਹੇ ਜੀਅ ਦਾ ਰਿਜ਼ਕ ਹੁੰਦੈ..'।

'ਰਿਜ਼ਕ..' ਮੂਰਤੀ ਨੇ ਪਸ਼ੇਮਾਨੀ ਨਾਲ਼ ਉਹਦੀ ਆਖੀ ਗੱਲ ਚਿੱਤ ਵਿੱਚ ਦੁਹਰਾਈ ਤੇ ਨਾਲ਼ ਈ ਅੰਗਰੇਜ਼ ਦੀ ਜੂਠੀ ਬਾਟੀ ਵੱਲ ਵੇਖਿਆ, ਜੋ ਐਨ ਖ਼ਾਲੀ ਸੀ। ਇਕ ਵੀ ਮੱਖੀ ਨਹੀਂ ਸੀ ਬੈਠੀ, ਪਰ ਬਲੌਰੇ ਦੇ ਜੂਠੇ ਗਲਾਸ ਵਿੱਚ ਤਿੰਨ-ਚਾਰ ਮੱਖੀਆਂ 'ਭੀਂਅ-ਭੀਂਅ' ਕਰਦੀਆਂ ਅੰਦਰ ਬਾਹਰ ਵੜ-ਵੜ ਕੇ ਨਿਕਲ਼ ਰਹੀਆਂ ਸੀ।

ਰਿਜ਼ਕ ਵਾਲ਼ੀ ਗੱਲ ਮੂਰਤੀ ਦੇ ਛੇਤੀ ਖਾਨੇ ਪੈ ਗਈ।

*** *** ***

ਮੋਦਨ ਦਾ ਮੁੰਡਾ ਧੱਤੂ, ਸਿਰ ਤੇ ਪਟਕਾ ਬੰਨ੍ਹ ਕੇ, ਜੀਹਦਾ ਗੋਟਾ ਚਿਲਕ ਰਿਹਾ, ਕੱਚੇ ਪਹੇ ਦੇ ਬੰਨ੍ਹੇ ਤੇ ਰੇਵੀਆ-ਚਾਲ ਤੁਰਿਆ ਆਉਂਦਾ ਟੱਕਰ ਪਿਆ। ਉਹਨੇ ਖੱਬੀ ਬਾਂਹ ਤੇ ਦਾਰੋ ਦੀ ਪੁਰਾਣੀ ਰੰਗਲੀ-ਚੁੰਨੀ ਦੇ ਵਲਾਂਵੇ ਮਾਰੇ ਹੋਏ ਸੀ। ਦਿਲ ਵਿੱਚ ਆਈ, ਕਿ ਆਪਣੇ ਸਾਫੇ ਨਾਲ਼ ਇਹ ਚੁੰਨੀ ਵਟਾ ਲਵੇ। ਜਦੋਂ ਗੱਡੀ ਕੋਲ਼ ਦੀ ਲੰਘਣ ਲੱਗੀ ਤਾਂ ਉਹਨੇ ਅੱਖ ਦੇ ਝਮਕੇ ਨਾਲ਼ ਵਿੱਢ ਦੇ ਵਾਂਹੇ ਨੂੰ ਹੱਥ ਪਾ ਕੇ, ਟਪੂਸੀ ਜਿਹੀ ਮਾਰ ਕੇ ਉੱਤੇ ਚੜ੍ਹ ਗਿਆ। ਗੱਡੀ ਪੱਠਿਆਂ ਦੇ ਟੱਕ ਵਿੱਚ ਵੜ ਗਈ ਤਾਂ ਹੁਲਾਰੇ ਵੱਜਣ ਕਰਕੇ ਥੁੜ੍ਹਕਦੀ ਅਵਾਜ਼ ਵਿੱਚ ਪੁੱਛਿਆ, 'ਚਾਚਾ ਸੋਡੇ ਖੇਤੋਂ ਚਾਰ ਕੁ ਚੀਰਨੀਆਂ ਸਾਗ ਤੋੜ ਕੇ ਲੈਜਾਂ, ਬੀਬੀ ਨੇ ਮੰਗਾਇਐ..'।

'ਲੈ ਸਾਗ ਛੱਡ ਭਾਂਵੇ ਮੇਰੀ ਗਿੱਚੀ ਚੋਂ ਮਣਕੇ ਕੱਢ ਕੇ ਲੈ-ਜਾਂ' ਤੇ ਫੇਰ ਗੱਡੀ ਨੂੰ ਵਹਿੜਕੇ ਦੇ ਕੰਨੇ ਤੋਂ ਲਾਹੁੰਦਾ ਹੋਇਆ, ਧੱਤੂ ਵੱਲ ਪੂਰੀ ਨਿਰਖ਼ ਨਾਲ਼ ਵੇਖਿਆ, ਜਿਵੇਂ ਉਹਦੇ ਵਿੱਚ ਦੀ ਦਾਰੋ ਨੂੰ ਫੇਰ ਵੇਖਣ ਦੀ ਤਮਾ ਹੋਵੇ। 'ਓਏ ਭਲਾਂ ਤੂੰ ਕੌਮੀ ਜਮਾਤ ਚ ਪੜਦੈਂ...'।

'ਚੌਥੀ ਚ' ਧੱਤੂ ਨੇ ਹੱਥ ਦੀਆਂ ਚਾਰ ਉਂਗਲਾਂ ਦੀ ਤੰਗਲੀ ਵੀ ਬਣਾ ਦਿੱਤੀ।

ਬਲੌਰੇ ਨੇ ਧੱਤੂ ਦਾ ਸਿਰ ਆਪਣੇ ਸਰੀਰ ਨਾਲ਼ ਲਾ ਕੇ ਕੱਦ ਮਿਣ ਲਿਆ। ਲੱਕ ਤੋਂ ਸਵਾ-ਗਿੱਠ ਉੱਚਾ ਸੀ। ਦਿਲ ਵਿੱਚ ਆਈ, ਜੇ ਕਿਤੇ ਉਹਦਾ ਵਿਆਹ ਵੀ ਵੇਲ਼ੇ ਸਿਰ ਹੋਇਆ ਹੁੰਦਾ, ਤਾਂ ਉਹਦੇ ਮੁੰਡੇ ਨੇ ਵੀ ਸੁੱਖ ਨਾਲ਼ ਅੱਜ ਨੂੰ ਚੌਥੀ ਜਮਾਤ ਵਿੱਚ ਪੜ੍ਹਦੇ ਹੋਣਾ ਸੀ। ਉਹਦੇ ਤੋਂ ਰੰਗਲੀ ਚੁੰਨੀ ਫੜ੍ਹ ਕੇ ਹੇਠਾਂ ਵਿਛਾ ਲਈ, ਤੇ ਸਾਗ ਤੋੜਣ ਲਈ, ਚਾਦਰੇ ਦਾ ਲਾਂਗੜ ਕੱਢ ਕੇ ਪੱਠਿਆਂ ਵਿੱਚ ਵੜ੍ਹ ਗਿਆ। ਜਦੋਂ ਉਹਨੇ ਸਾਗ ਦੀ ਲਵੀ ਗੰਧਲ ਨੂੰ ਹੱਥ ਪਾਇਆ ਤਾਂ ਚਿੱਤ ਵਿੱਚ ਫੁਰੀ, 'ਦਾਰੋ ਦੀ ਬਾਂਹ ਵੀ ਏਨੀ ਕੂਲੀ ਹੋਣੀ ਐ'।

ਸਾਗ ਤੋੜ ਕੇ ਉਹਨੇ ਚੁੰਨੀ ਵਿੱਚ ਬੰਨ੍ਹ ਕੇ, ਚਾਰ ਕੁ ਸਰੋਂ ਦੇ ਅਗੇਤੇ ਨਿੱਸਰੇ ਫੁੱਲਾਂ ਦੀ ਟਾਹਣੀ ਵੀ ਤੋੜ ਕੇ ਵਿੱਚ ਰੱਖ ਦਿੱਤੀ ਤੇ ਫੇਰ ਧੱਤੂ ਦੇ ਸਿਰ ਤੇ ਰੱਖ ਕੇ ਤੋਰ ਦਿੱਤਾ। ਉਹਨੂੰ ਦੂਰ ਤੱਕ ਇਉਂ ਜਾਂਦੇ ਨੂੰ ਵੇਖਦਾ ਰਿਹਾ।

*** *** ***

ਅਜੇ ਬਲੌਰੇ ਨੇ ਪੱਠਿਆਂ ਦੀ ਦੂਜੀ ਪਾਂਤ ਦੀ ਇੱਕ ਸੱਥਰੀ ਵੱਢੀ ਸੀ, ਕਿ ਟਰੈਕਟਰ ਦਾ ਫੁੰਕਾਰਾ ਸੁਣ ਕੇ ਖੜ੍ਹਾ ਹੋ ਗਿਆ। ਬਚਨ ਕਿਆਂ ਨੂੰ ਅਜੈਵ ਦੀ 'ਬੈ' ਕੀਤੀ ਪੈਲੀ ਵਿੱਚ ਸੁਹਾਗਾ ਮਾਰ ਰਿਹਾ ਸੀ। ਸਲੰਸਰ ਚੋਂ ਧੂੰਏਂ ਦੀ ਵੱਡੀ ਲਕੀਰ ਅਕਾਸ਼ ਨੂੰ ਦੋ ਹਿੱਸਿਆਂ ਵਿੱਚ ਵੰਡਦੀ ਹੋਈ, ਉਪਰ ਨੂੰ ਚੜ੍ਹ ਰਹੀ ਸੀ। ਟਾਹਲੀ ਦੇ ਟੁਸਿਆਂ ਉੱਤੋਂ ਦੀ ਲੰਘਦੀ ਧੂੜ ਵੇਖ ਕੇ ਕੋਈ ਚਾਅ ਫੁੰਮਣੀ ਪਾ ਗਿਆ। ਧੂੜ ਆਪਦੇ ਵੱਲ ਆਉਂਦੀ ਵੇਖ ਕੇ ਉਹ ਅੱਖਾਂ ਬੰਦ ਕਰਕੇ ਖੜ੍ਹ ਗਿਆ। ਮੂੰਹ ਤੇ ਪੈਂਦੀ ਧੂੜ ਦਾ ਭਾਰ ਵੀ ਮਹਿਸੂਸ ਕਰਦੇ ਹੋਏ ਨੇ, ਜੀਭ ਕੱਢ ਕੇ ਧੂੜ ਦਾ ਸਵਾਦ ਵੀ ਚੱਖ ਲਿਆ।

ਬੁੱਲ੍ਹ ਜੋੜ ਕੇ 'ਡਰੂੰ..ਡਰੂੰ' ਦੀ ਅਵਾਜ਼ ਕੱਢਦਾ ਹੋਇਆ ਕਾਹਲੀ ਨਾਲ਼, ਪੱਬਾਂ ਭਾਰ ਬਹਿ ਕੇ ਨੀਰਾ ਵੱਢਣ ਲੱਗ ਪਿਆ। ਸਿਰ ਤੋਂ ਸਾਫ਼ਾ ਲਹਿ ਕੇ ਪਤਾ ਨਹੀਂ ਕਿਸ ਵੇਲ਼ੇ ਭੁੰਜੇ ਡਿੱਗ ਪਿਆ। ਪਤਾ ਨਹੀਂ, ਸੀਨੇ ਵਿੱਚੋਂ ਕਿਹਨੇ ਘਰੇੜ ਕੱਢੀ, 'ਹੈਵਜਾ ਟਰੈਟ ਤੇਰੇ ਥੱਲੇ ਵੀ ਹੋਣਾ ਸੀਗਾ' ਹੁਣ ਚੇਤੇ ਆਉਂਦੇ ਸਾਰ ਹੀ 'ਡਰੂੰ..ਡਰੂੰ' ਦੀ ਅਵਾਜ਼ 'ਹੂੰ..ਹੂੰ' ਦੀ ਹੂੰਗਰ ਵਿੱਚ ਬਦਲ ਗਈ। ਦਾਤੀ ਕਰਚੇ ਵਿੱਚ ਅੜ ਕੇ ਉਛਲੀ ਤੇ ਉਹਦੀ ਚੀਚੀ ਨਾਲੋਂ ਮਾਸ ਦੀ ਕਾਤਰ ਲਾਹ ਕੇ ਉਹ ਮਾਰੀ।

'ਹੋ ਤੇਰੀ..' ਚੀਚੀ ਫੜ੍ਹ ਕੇ ਮੂੰਹ ਵਿੱਚ ਪਾ ਕੇ ਚੂਸਣ ਲੱਗਿਆ ਤਾਂ ਲਹੂ ਦਾ ਸਵਾਦ ਵੀ ਹੁਣੇ ਫੱਕੀ ਧੂੜ ਨਾਲ਼ ਮਿਲਦਾ ਸੀ। ਜਿਵੇਂ ਲਹੂ ਵਿੱਚੋਂ ਹੀ ਮਿੱਟੀ ਜੰਮੀ ਸੀ। ਅੰਬਰ ਵੱਲ ਕੌੜ ਕੇ ਵੇਖਿਆ, 'ਮਤਾੜੇ ਬੰਦੇ ਨੂੰ ਫੋਕੀ ਤਸੱਲੀ ਵੀ ਨਹੀਂ ਲੈਣ ਦੇਂਦਾ, ਜਿਉਣ ਤਾਂ ਦੇਣਾ ਈ ਕੀ ਐਂ, ਏਹ ਤਾਂ ਆਵਦਾ ਈ ਜ਼ੇਰਾ ਬਲੌਰ ਸਿਆਂ, ਜੇੜ੍ਹਾ ਰੱਬ ਦੀ ਹਿੱਕ ਤੇ ਦੀਵਾ ਬਾਲ ਕੇ ਸਾਹ ਲਈ ਜਾਂਨੇ ਆਂ' ਫੇਰ ਆਪਣੇ ਦੋਵਾਂ ਹੱਥਾਂ ਵੱਲ ਪੂਰੇ ਗਹੁ ਨਾਲ਼ ਵੇਖਣ ਲੱਗਿਆ। ਖੱਬੇ ਹੱਥ ਤੇ ਸੱਟਾਂ ਦੇ ਡੂੰਘੇ ਨਿਸ਼ਾਨ ਸੀ, ਐਨ ਜਵਾਂ ਹੀ ਚੀਰਿਆ ਪਿਆ ਸੀ। ਪਰ ਸੱਜੇ ਹੱਥ ਤੇ ਭੋਰਾ ਵੀ ਆਂਚ ਨਹੀਂ ਸੀ ਆਈ। ਬਲੌਰੇ ਦੇ ਦਿਲ ਵਿੱਚ ਆਈ, ਜਿਵੇਂ ਸੱਜਾ ਹੱਥ ਜਾਣ ਬੁੱਝ ਕੇ ਖੱਬੇ ਹੱਥ ਦੇ ਖ਼ਤ ਪਿਆ।

'ਅੱਜ ਨੀਰੇ ਦੀ ਸੱਥਰੀ ਤਾਂ ਦੇਹ ਖਾ ਮਨਾਂ' ਬੰਸੀ ਨੇ ਆ ਕੇ ਉਹਦੀ ਸੂਰਤ ਆਪਣੇ ਵੱਲ ਮੋੜ ਲਈ। ਲਹੂ ਨਾਲ਼ ਨੁੱਚੜੀ ਚੀਚੀ ਵੇਖ ਕੇ ਉਹਦਾ ਤਰਾਹ ਨਿਕਲ਼ ਗਿਆ, 'ਓ ਹੋ..ਪਤੰਦਰਾ ਵਾਵਾ ਮਰਾਈ ਰੈਠਾਂ, ਮੰਵੀ ਵੇਖ ਲਾ ਮੌਕੇ ਸਿਰ ਈ ਆ ਗਿਆਂ' ਪੱਲੀ ਹੇਠਾਂ ਰੱਖ ਕੇ, ਟੱਕ ਵਿੱਚ ਪਈ ਦਾਤੀ ਚੱਕ ਲਈ, 'ਆਉਖੇ ਵੇਲ਼ੇ ਰੱਬ ਵੀ ਬੰਦੇ ਵਿੱਚ ਦੀ ਬੌੜਦਾ..'।

'ਰੱਬ ਦੇ ਬੌੜ ਜਾਣ' ਵਾਲ਼ੀ ਗੱਲ ਬਲੌਰੇ ਦੀ ਛਾਤੀ ਨੂੰ ਪੱਛ ਦਿੱਤਾ। ਦਿਲ ਕੀਤਾ ਬੰਸੀ ਨੂੰ ਖੜੇ-ਪੈਰੀਂ ਕੋਰਾ ਜਵਾਬ ਦੇ ਦੇਵੇ, 'ਹੈ ਨ੍ਹੀ-ਗੇ ਪੱਠੇ' ਪਰ ਜਨੌਰਾਂ ਲਈ ਰਿਜਕ ਮੰਗਣ ਆਏ ਬੰਦੇ ਨੂੰ ਖ਼ਾਲੀ ਹੱਥ ਮੋੜਨਾ ਗਵਾਰਾ ਨਹੀਂ ਲੱਗਿਆ, 'ਉਠ ਕੇ ਖੜ੍ਹਾ ਹੋਈ..ਹੋ' ਬੰਸੀ ਚਾਦਰੇ ਦਾ ਲਾਂਗੜ ਕੱਢ ਕੇ ਪੱਠੇ ਵੱਢਦਾ ਹੋਇਆ ਖੜ੍ਹਾ ਹੋ ਗਿਆ। ਉਹਦੇ ਵੱਲ ਪੂਰੇ ਗਹੁ ਨਾਲ਼ ਵੇਖੀ ਗਿਆ। ਰੱਬ ਨੂੰ ਵੇਖਣ ਦੀ ਕੋਸ਼ਿਸ਼ ਵਿੱਚ ਸੀ, 'ਉ..ਹੂੰ..'।

'ਕੀ ਹੋ ਗਿਆ ਬਾਈ' ਬੰਸੀ ਨਾਲ਼ ਹੀ ਵਿਚਾਰਾ ਬਣ ਕੇ ਖੜਾ ਰਿਹਾ,

'ਮੈਨੂੰ ਤਾਂ ਤੇਰੇ ਚੋਂ ਕਿਤੇ ਰੱਬ ਨ੍ਹੀ ਦਿਸਿਆ, ਐਂ ਕਰ, ਜਿੰਨੇ ਨੀਰੇ ਦੀ ਤਮਾਂ ਪੱਲੀ ਚ ਪਾ ਤੇ ਤੁਰਦਾ ਹੋ' ਉਹਤੋਂ ਦਾਤੀ ਖੋਹ ਕੇ ਜ਼ੋਰ ਨਾਲ਼ ਮਾਰ ਕੇ ਧਰਤੀ ਵਿੱਚ ਗੱਢ ਦਿੱਤੀ। ਰੱਬ ਦੀ ਝੋਲੀ ਵਿੱਚ ਕੁਛ ਪਾਉਣ ਦੀ ਰੀਝ ਰੱਖੀ।

ਬੰਸੀ ਨੇ ਛੇਤੀ ਦਿਣੇ ਪੂਣੀ ਕਰਕੇ ਪੱਲੀ ਵਿਛਾ ਲਈ ਤੇ ਵੱਢੇ ਪਏ ਪੱਠਿਆਂ ਵਿੱਚੋਂ ਪੰਡ ਬੰਨ੍ਹ ਲਈ। ਪੰਡ ਬੰਨ੍ਹ ਕੇ ਹਿਲਾ ਕੇ ਵੇਖੀ, ਤਾਂ ਕਾਫ਼ੀ ਭਾਰੀ ਸੀ। ਤਾਂ ਬੋਲਿਆ, 'ਮਾੜਾ ਜਾ ਹੱਥ ਤਾਂ ਲਵੰਈਂ' ਪੰਡ ਨੂੰ ਸਿਰ ਤੇ ਚੁਕਾਉਣ ਲਈ ਆਖਿਆ ਤਾਂ ਬਲੌਰੇ ਨੇ ਅੱਗੋਂ ਖ਼ਰੀ ਨਾਂਹ ਵਿੱਚ ਸਿਰ ਫੇਰ ਦਿੱਤਾ, 'ਮੈਂ ਨ੍ਹੀ ਚਕੌਣੀ, ਜੇ ਰੱਬ ਨੇ ਘੱਲਿਆ, ਓਨੇ ਫੇਰ ਦੱਸਿਆ ਨ੍ਹੀ ਬੀ ਲਾਲਚ ਕੀਤਾ ਮਾੜਾ ਹੁੰਦੈ' ਤੇ ਫੇਰ ਮੂੰਹ ਵਿੱਚੋਂ ਅਵੱਲੀ ਜਿਹੀ ਅਵਾਜ਼ ਕੱਢਦਾ ਹੋਇਆ, ਦੁੱਖ ਦੀ ਚੀਚੀ ਨਾਲ਼ ਪੱਠੇ ਵੱਢਣ ਲੱਗ ਪਿਆ।

ਬੰਸੀ ਨੇ ਕੌਂਸ ਮੰਨ ਕੇ, ਝੂੱਟੀ ਲੈ ਕੇ ਦੋ ਵਾਰ ਪੰਡ ਚੱਕਣ ਦੀ ਕੋਸ਼ਿਸ਼ ਕੀਤੀ, ਪਰ ਲੱਕ ਤੋਂ ਉੱਤੇ ਜਾ ਕੇ ਸਾਰਾ ਤਾਣ ਮਿੱਟੀ ਹੋ ਜਾਂਦਾ। ਉਹਨੂੰ ਇਂਜ ਘੁਲਦਾ ਵੇਖ ਕੇ ਬੋਲਿਆ, 'ਜਿਦੋਂ ਤੇਰੇ ਆਲ਼ਾ ਰੱਬ ਭੂੰਜੇ ਪੰਡ ਚਕਾਉਣ ਆਵੇ ਤਾਂ ਦੱਸਦੀ, ਮੈਂ ਪਾਸੇ ਹੋਜੂੰ, ਕਿਤੇ ਮੈਨੂੰ ਨਾ ਮਿੱਧ ਦੇ..'।

*** *** ***

[ਪਿੱਛਲ-ਝਾਤ-ਸਮਾਪਤ]

# ਅੰਗੂਠੇ 'ਤੇ ਬੱਧੀ ਪੱਟੀ

ਬਲੌਰਾ ਖੰਗਰ ਇੱਟ ਤੇ ਬੈਠਾ ਹੋਇਆ, ਹੱਥਾਂ ਦੀਆਂ ਤਲੀਆਂ ਤੇ ਕੰਮ ਕਰ-ਕਰ ਕੇ ਪਏ ਅੱਟਣਾਂ ਵੱਲ ਗਹੁ ਨਾਲ਼ ਵੇਖਣ ਲੱਗ ਪਿਆ। ਜੋ ਲਕੀਰਾਂ ਨੂੰ ਮੇਟਦੇ ਹੋਏ ਕਾਲ਼ੇ ਟਿੱਟਣ ਹੋਏ ਪਏ ਸੀ। ਤਲੀ ਨਾਲ਼ ਥਾਂ ਸਾਫ਼ ਕਰਕੇ, ਤੇ ਫੇਰ ਆਪਣੇ ਪੈਂਦੇ ਸਿਰ ਦੇ ਪਰਛਾਂਵੇ ਤੇ ਉਂਗਲ ਨਾਲ਼ ਅੱਖਾਂ, ਨੱਕ ਤੇ ਮੂੰਹ ਬਣਾ ਦਿੱਤਾ।

ਇਹਦੇ ਨਾਲ਼ ਅੱਖ ਮਿਲਾ ਕੇ ਬੋਲਿਆ, 'ਵੇਦ ਆਂਹਦੇ ਆ ਬੀ, ਰੱਬ ਕਦੇ ਕੋਈ ਗ਼ਲਤੀ ਨੀ ਕਰਦਾ' ਫੇਰ ਥੋੜ੍ਹਾ ਜਿਹਾ ਹੱਸ ਪਿਆ, 'ਮੈਥੋਂ ਪੁਛੇ ਕੋਈ, ਸਵ ਤੋਂ ਵੱਡੀ ਗ਼ਲਤੀ ਤਾਂ ਕਰੀ ਰੱਬ ਨੇ ਐ, ਉਹ ਦੋ ਆਗੀ ਤਾਂ ਨ੍ਹੀ ਜੰਮਿਆ, ਬੀ ਗ਼ਲਤੀ ਨਾ ਕਰੂ, ਕਰੀ ਐ, ਕਈ ਬੰਦੇ ਬਣਾ ਕੇ ਤਾਂ ਐਵੇਂ ਮਿੱਟੀ ਦਾ ਨਾਸ ਈ ਮਾਰਿਆ, ਕਾਈ ਹੁਰ ਜਨੌਰ ਬਣੌਂਦਾ ਖਾਂ...'।

ਅੰਗਰੇਜ਼ ਨੇ ਅੱਜ ਫੇਰ ਕੀੜੀਆਂ ਦੇ ਭੌਣ ਤੇ ਡੀਟੀ ਬਰੂਰ ਕੇ ਹੱਥ ਝਾੜ ਕੇ, ਫੇਰ ਦੋਵੇਂ ਹੱਥ ਜੋੜ ਕੇ 'ਵਾਹਰ ਗੁਰੂ ਵਾਹਰ ਗੁਰੂ' ਦਾ ਜਾਪ ਕਰਦਾ ਹੋਇਆ, ਗੁਸਲਖ਼ਾਨੇ ਵਿੱਚ ਵੜ ਗਿਆ। ਅੰਦਰੋਂ ਬਾਣੀ ਪੜ੍ਹਣ ਦੀ ਆਉਂਦੀ ਗੂੰਜਵੀਂ ਅਵਾਜ਼ ਸੁਣ ਕੇ ਬਲੌਰੇ ਨੇ ਗੱਲ ਕੀਤੀ, 'ਕਿੰਨੀ ਖੱਸੀ ਤਮਾ ਬੰਦੇ ਦੀ ਹੋਰਾਂ ਨੂੰ ਨਿੱਕਾ ਵਖੌਣ ਦੇ ਚੱਕਰੀਂ ਪੈ ਕੇ ਬੰਦਾ ਹੋਣਾ ਭੁੱਲ ਗਿਆ, ਗਲਤੀ ਕਿਸੇ ਕੋਲ਼ ਕਰੂ ਤੇ ਮਾਫ਼ੀ ਮੰਗੂ ਨੱਕ ਰਗੜ ਕੇ ਮੜ੍ਹੀਆਂ-ਮਸਾਣਾਂ ਤੋਂ, ਵੈਗੁਰੂ ਤੋਂ, ਜੇਰਾ ਹੈ-ਨ੍ਹੀ ਨਾ ਉਹਤੋਂ ਈ ਮਾਫ਼ੀ ਮੰਗਲੇ..' ਫੇਰ ਪਰਛਾਂਵੇ ਤੇ ਡੱਕਾ ਮਾਰ ਕੇ, 'ਬੋਲਦਾ ਨ੍ਹੀ ਸੁਣੀ ਜਾਨਾ ਕੇ ਸੌਂ ਗਿਆ'।

ਜੰਗਲੇ ਨਾਲ਼ ਲਮਕ ਰਹੀ ਪੀਲੇ ਰੰਗ ਦੀ ਚਿੱੜੀ ਚਹਿਕ ਪਈ, ਜਿਵੇਂ ਸਾਰੀ ਗੱਲ ਸਮਝ ਕੇ ਹੁੰਗਾਰਾ ਭਰਦੀ ਸੀ।

ਬਲੌਰੇ ਨੇ ਗੀਝੇ ਵਿੱਚੋਂ ਦਾਣਿਆਂ ਦੀ ਲੱਪ ਕੱਢ ਕੇ ਲਕੀਰਾਂ ਮਾਰੇ ਚਿਹਰੇ ਤੇ ਵਿਛਾ ਦਿੱਤੀ, 'ਭੈਣੇ ਦੇਣੇ ਦੀ ਬੰਦਾ ਕੁੱਤੀ ਸ਼ੈਅ ਏ, ਮੰਨਣਾ ਪਊ, ਰੱਬ ਤੋਂ ਮੰਗ-ਮੰਗ ਕੇ ਓਨੂੰ ਖੁੰਗਲ ਕਰਤਾ, ਹੁਣ ਓਦੇ ਕੋਲ਼ ਦੇਣ ਲੀ ਕੁਛ ਨੀ ਬਚਿਆ ਤਾਂ, ਸਾਲੀ ਜਾਤ ਨੇ ਕਜਾਤ ਹੋਣ ਚ ਬਿੰਦ ਮਾਰਿਆ, ਆਪੇ ਚ ਈ ਲੁੱਟ ਮਚਾਉਣ ਲੱਗ-ਪੀ ਐਂ' ਪੂਰੇ ਕਰੋਧ ਨਾਲ਼ ਦੰਦ ਪੀਹ ਦਿੱਤੇ, 'ਵੈਸੇ ਆਪਾਂ ਨੂੰ ਬੰਦਾ ਬਣਾ ਕੇ ਤਾਂ ਰੱਬ ਨੇ ਜਵੇਂ ਵੈਰ ਈ ਕੱਢਿਆ'।

ਖੇਲ ਵਿੱਚ ਪਈਆਂ ਕੋਕੜ ਰੋਟੀਆਂ ਵੇਖ ਕੇ, ਉਹਨੂੰ ਬਾਬੇ ਆਸੇ ਦੀ ਮਛਕ ਤੋਂ ਓਕ ਨਾਲ਼ ਪਾਣੀ ਪੀਂਦੇ ਵੇਲ਼ੇ ਕੀਤੀ ਗੱਲ ਚੇਤੇ ਆਈ, 'ਅਖੇ ਜਸੂ-ਮਸੀਹ ਨੇ ਇੱਕ ਮੱਛੀ ਤੇ ਪੰਜ ਰੋਟੀਆਂ ਨਾਲ਼ ਨਿਰੇ ਲੋਕਾਂ ਨੂੰ ਰਜਾ-ਤਾ ਸੀ, ਆਂਦੇ ਐ ਵੇਖਿਆ ਤਾਂ ਖ਼ਰ ਮੰਵੀਂ ਨਈਂ, ਅੰਨ ਫੇਰ ਵੀ ਬਚ ਗਿਆ ਸੀ' ਗਿੱਲ੍ਹੇ ਹੱਥ ਨੂੰ ਲੱਕ ਨਾਲ਼ ਖੜ੍ਹੇ ਕੀਤੇ, ਖੂੰਡੇ ਨਾਲ਼ ਘਸਾ ਕੇ ਪੂੰਜ ਲਿਆ, 'ਬਾਬੇ ਨਾਨਕ ਨੇ ਵੀਹਾਂ ਨਾਲ਼ ਈ ਲੰਗਰ ਖੋਲ੍ਹ-ਤਾ ਸੀ, ਅਜੇ ਤੀਕ ਚਲੀ ਜਾਂਦੈ.. ਪਰ' ਖੂੰਡੇ ਉੱਤੇ ਠੋਡੀ ਧਰ ਲਈ, 'ਪਰ ਆਪਾਂ ਨੂੰ ਕਦੇ ਨਈਂ ਟੱਕਰੀ ਰੋਟੀ, ਕਮਾ ਕੇ ਈ ਖਾਣੀ ਪੈਂਦੀ ਐ, ਭਲਾ ਏਹ ਲੰਗਰ

ਰਹਿ ਕਿੱਥੇ ਜਾਂਦੇ...'।

ਬਾਬੇ ਆਸੇ ਨੂੰ ਇਉਂ ਸੋਚਾਂ ਵਿੱਚ ਡੁੱਬੇ ਨੂੰ ਵੇਖ ਕੇ, ਬਲੌਰਾ ਪਾਣੀ ਨਾਲ਼ ਮੂਕਾ ਭਿਉਂ ਕੇ, ਮੱਥੇ ਤੇ ਟਕੋਰ ਕਰਨ ਲੱਗ ਪਿਆ, 'ਬਾਬਾ ਲੰਗਰ ਤੇ ਭਵੇਂ ਚੱਲੀ ਜਾਂਦੇ ਐ, ਹੁਣ ਰੋਟੀ ਵੀ ਰੱਜੇ ਬੰਦੇ ਨੂੰ ਰਜਾਉਂਦੀ ਐ, ਭੁੱਖੇ ਨੂੰ ਤਾਂ ਜਾੜ੍ਹ ਦੀ ਦਾਬ ਹੇਠਾਂ ਦੇ ਕੇ ਫੁੜਕਾ ਦੇਂਦੀ ਐ, ਸੱਚ ਪੁੱਛੇਂ ਤਾਂ ਬਾਬਾ, ਰੋਟੀ ਬੰਦੇ ਨੂੰ ਖਾਣ ਲਾਪੀ ਐ, ਡਕਾਰ ਵੀ ਨਈਂ ਲੈਂਦੀ...'।

'ਏਹ ਤਾਂ ਖ਼ਰ ਹੈ, ਜੇੜ੍ਹਾ ਰੋਟੀ ਦੀ ਜਾੜ੍ਹ ਹੇਠਾਂ ਆ-ਜੇ, ਵਾਕੇ ਈ ਓਨੂੰ ਫੇਰ ਕੋਈ ਬਲਾ ਨਈਂ ਬਚਾ ਸਕਦੀ' ਬਾਬੇ ਆਸੇ ਨੇ ਸੂਰਜ ਦੇ ਸੀਹੇ ਵਿੱਚ ਖੂੰਡੇ ਤੇ ਲੱਗੇ, ਪਿੱਤਲ ਦੇ ਕੋਕੇ ਚਿਲ਼ਕਾਏ, "ਮਾੜੇ ਬੰਦੇ ਦੀ ਹਿੱਕ ਤੇ ਰੋਟੀ ਨਿਤ ਬਿੰਦੇ-ਬਿੰਦੇ ਵਾਰ ਕਰਦੀ ਐ'।

ਇਹ ਬੀਤੀ ਗੱਲ ਯਾਦ ਆਉਣ ਕਰਕੇ ਉਹਦਾ ਗਚ ਭਰ ਗਿਆ। ਕੋਈ ਹਾਸੇ ਖੇਡੇ ਵਾਲ਼ੀ ਗੱਲ ਕਰਕੇ ਖੁਦ ਨੂੰ ਹਸਾ ਲੈਣ ਦੀ ਕੋਸ਼ਿਸ਼ ਕਰਨ ਲੱਗ ਪਿਆ। ਉਹਨੇ ਰੋਅਬ ਨਾਲ਼ ਅਕਾਸ਼ ਵੱਲ ਝਾਕ ਕੇ ਮੁੱਛ ਨੂੰ ਵੱਟ ਚਾੜਿਆ ਤਾਂ ਜੜ੍ਹਾਂ ਖਿਚਣ ਕਰਕੇ ਦੋ ਵਾਲ਼ ਉੱਖੜ ਗਏ, ਤੇ ਬੋਲਿਆ, 'ਬਲੌਰਾ ਤੇਰੇ ਅਰਗੇ ਲੰਡੀ-ਬੁੱਚੀ ਮੂਹਰੇ ਨੀ ਹੱਥ ਅੱਡਦਾ..'।

ਉਹ ਕੰਨ ਤੇ ਹੱਥ ਰੱਖ ਕੇ ਜ਼ੋਰ ਨਾਲ਼ ਹੇਕਾਂ ਲਾਉਣ ਲੱਗ ਪਿਆ, ਜੋ ਹੌਲ਼ੀ-ਹੌਲ਼ੀ ਲਲਕਾਰੇ ਵਿੱਚ ਬਦਲ ਗਈਆਂ। ਡੱਫ ਵਾਂਗ ਛਾਤੀ ਨੂੰ ਸੱਜੇ ਹੱਥ ਨਾਲ਼ ਖੜਕਾਉਣ ਲੱਗਿਆ ਤਾਂ ਛਾਤੀ ਵਿੱਚੋਂ ਹੇਕ ਛਣਕ ਕੇ ਬਾਹਰ ਆਉਂਦੀ। ਖੱਬਾ ਹੱਥ ਉਵੇਂ ਈ ਕੰਨ ਤੇ ਧਰੀ ਰੱਖਿਆ ਸੀ।

ਇੰਨੇ ਅੰਗਰੇਜ਼ ਨੇ, ਤੌਲੀਏ ਨਾਲ਼ ਢੂਹੀ ਨੂੰ ਰਗੜ ਕੇ ਪੂੰਜਦਾ ਹੋਇਆ, ਉਹਨੂੰ ਇੰਜ ਪੈਰਾਂ ਭਾਰ ਬੈਠਾ ਵੇਖ ਕੇ ਸੋਚਿਆ, 'ਬੰਸੀ ਸੀਰੀ ਹਟਾ ਕੇ ਤਾਂ ਚੰਗਾ ਈ ਕਰਿਆ, ਨਿਰੀ ਪੈਸਿਆਂ ਦੀ ਖਾਓ ਈ ਸੀ ਚਵਲ, ਸਾਰਾ ਕੰਮ ਤਾਂ ਬਲੌਰਾ ਈ ਸਾਂਭੀ ਜਾਂਦੈ, ਦੋਆਂ ਬੰਦਿਆਂ ਜਿੰਨਾ ਕੰਮ ਕਰਦੈ, ਚਾਰ ਘੁੰਮਾ ਪੰਚੈਤੀ ਪੈਲੀ ਐਤਕੀਂ ਠੇਕੇ ਤੇ ਹੋਰ ਨਾ ਲੈ ਲਈਏ' ਸੋਚਾਂ ਨਾਲ਼ ਸਖ਼ਤ ਹੋਏ ਚਿਹਰੇ ਨੂੰ ਖੁਸ਼ੀ ਨਾਲ਼ ਪੋਲਾ ਜਿਹਾ ਕਰਕੇ ਪੁੱਛਿਆ, 'ਖੈਰ-ਸੁੱਖ ਐ ਬਈ'।

ਬਲੌਰੇ ਨੇ ਪੂਰੀ ਚੜ੍ਹਤ ਨਾਲ਼ ਕਿਹਾ, 'ਕਾਟੋ ਫੁੱਲਾਂ ਤੇ ਖੇਡਦੀ ਐ, ਖੇਡ ਦੀ ਵੀ ਓਨਾ ਚੀਕ ਐ ਜਿੰਨਾ ਚਿਰ ਰੱਜੀ ਐ, ਜਦੋਂ ਭੁੱਖ ਲੱਗੀ ਫੇਰ ਤਾਂ ਬਾਗਾਂ ਦੇ ਬਾਗ ਚਰਜੂ..'।

'ਬਲੌਰਿਆ ਆ ਬਚਨ ਕਿਉਂ ਸੀਲਣ ਆਲ਼ੇ ਹਲ਼ ਤੇ ਪੁੱਛ ਕੇ ਆ ਨਾ, ਵਾੜੇ ਚ ਪਏ ਐ, ਕੇ ਲੈ ਗਿਆ ਕੋਈ ਟਾਂਚ ਕੇ'।

'ਹੂੰ ਜਾਨਾਂ' ਗੋਢਿਆਂ ਤੇ ਹੱਥ ਰੱਖੇ ਬਿਨਾ ਈ ਉਠ ਕੇ ਖੜ੍ਹਾ ਹੋ ਗਿਆ ਤੇ ਪਟੇ ਨੂੰ ਆਂਟ ਲਾਉਣ ਵਾਲ਼ੀ ਸੋਟੀ ਚੱਕ ਕੇ ਘਰ ਨੂੰ ਤੁਰ ਪਿਆ। ਆਸੇ-ਪਾਸੇ ਬੈਠੇ ਜਨੌਰ ਉਹਦੇ ਦਾਣਿਆਂ ਨਾਲ਼ ਬਣਾਏ ਚਿਹਰੇ ਨੂੰ ਚੁਗਣ ਲੱਗ ਪਏ।

ਬਚਨੇ ਕਾ ਕੁੱਤਾ ਵੀ ਸੱਜਰ ਸੂਈ ਮੱਹਿ ਦੇ ਕੱਟਰੂ ਜਿੱਡਾ ਸੀ। ਉਹਨਾਂ ਦੇ ਬਾਰ ਵਿੱਚ ਖੜ੍ਹ ਕੇ ਬੋਲ ਮਾਰਿਆ ਤੇ ਨਾਲ਼ ਹੀ ਬਾਰੀ ਭੇੜ ਲਈ। ਲੱਤਾਂ ਨੂੰ ਪਾਸੇ ਈ ਰੱਖਿਆ, ਕਿਤੇ ਤਖ਼ਤੇ ਦੇ ਹੇਠਾਂ ਘਚੋਰ ਵਿੱਚੋਂ ਦੀ ਮੂੰਹ ਕੱਢ ਕੇ ਨਾ ਗਿੱਟੇ ਤੋਂ ਛੌਂਡਾ ਲਾਹ ਕੇ ਲੈ ਜਾਵੇ। 'ਵਊ-ਵਊ' ਕੁੱਤਾ ਉੱਚੀ ਹੇਕ ਨਾਲ਼ ਭੌਂਕਿਆ। ਜੇ ਖੁੱਲ੍ਹਾ ਹੁੰਦਾ ਤਾਂ ਹੁਣ ਨੂੰ ਗੇਟ ਦੀਆਂ ਅਰਲਾਂ ਕੋਲ਼ ਆ ਜਾਂਦਾ।

'ਬਾਈ ਬਚਨ' ਬੋਲ ਮਾਰਦਾ ਹੋਇਆ ਵਿਹੜੇ ਵਿੱਚ ਖੜ੍ਹੀ ਟਰਾਲੀ ਦੀ ਹੁੱਕ ਤੇ ਇੱਕ ਲੱਤ ਰੱਖ ਕੇ ਬਹਿ ਗਿਆ। ਜਿਵੇਂ ਕਿੱਲੇ ਨਾਲ਼ ਬੰਨ੍ਹਿਆ ਕੁੱਤਾ ਭੌਂਕ ਕੇ, ਤੜਾਫਾ ਮਾਰ ਕੇ ਵੱਢ ਖਾਣ ਨੂੰ ਆਉਂਦਾ ਪਿਆ ਸੀ, ਇਹ ਵੇਖ ਕੇ ਗਲ ਵਿੱਚ ਪਾਈ ਮੋਟੀ ਸੰਗਲੀ ਦੇ ਟੁੱਟਣ ਦਾ ਡਰ ਵੀ ਸੀਨੇ ਵਿੱਚ ਭਬੰਕਾ ਮਾਰ ਗਿਆ, 'ਕਿੰਨਾ ਕੌੜ ਐ'।

'ਕੇੜ੍ਹਾ ਬੀ, ਔਨਾ, ਖੋ-ਜਾ' ਬਚਨ ਬੋਲ ਮਾਰਦਾ ਹੋਇਆ ਵਰਾਂਡੇ ਵਿੱਚ ਆ ਕੇ, ਕੰਧ ਵਿੱਚ ਟੀਪ ਕੀਤੇ ਸ਼ੀਸ਼ੇ ਅੱਗੇ ਸ਼ਤੀਰ ਬਣ ਕੇ ਖੜ੍ਹ ਗਿਆ, 'ਮੂੰ-ਖੜੋ-ਜਾ ਸਾਲਾ ਕਤੀੜ, ਕਵੇਂ ਟੈਂ-ਟੈਂ ਕਰਕੇ ਕੰਨ ਖਾਧੇ ਐ' ਦਾਬਾ ਮਾਰਿਆ ਤਾਂ ਕੁੱਤਾ ਆਪਣੇ ਕਿੱਲੇ ਕੋਲ਼ ਵਿਛੀ ਦਰੀ ਤੇ ਛਹਿ ਕੇ ਬਹਿ ਗਿਆ।

ਬਲੌਰਾ ਇਹ ਵੇਖ ਕੇ ਹੈਰਾਨ ਹੋ ਗਿਆ, ਬਈ ਜੇੜ੍ਹਾ ਕੁੱਤਾ ਉਹਦੇ ਪਿਆਰ ਨਾਲ਼ ਪੁਚਕਾਰੇ ਤੇ ਵੱਢਣ ਤੱਕ ਆਉਂਦਾ ਪਿਆ ਸੀ, ਉਹ ਦਬਕੇ ਨਾਲ਼ ਕਿਵੇਂ ਬੜੇ ਮੋਹ-ਆਦਰ ਨਾਲ਼, ਬਚਨ ਦੇ ਪੈਰ ਚੱਟਣ ਲੱਗ ਪਿਆ।

ਉਹਦੀ ਘੁੰਮਦੀ ਹੋਈ ਨਿਗ੍ਹਾ, ਸੁਆਤ ਨੂੰ ਲੱਗੇ ਤਖ਼ਤਿਆਂ ਤੇ ਪਈ, ਜਿੰਨ੍ਹਾਂ ਨੂੰ ਗੇਰੂਆਂ ਰੋਗਣ ਫੇਰਿਆ ਹੋਇਆ ਸੀ। ਖ਼ਰਾਦ ਕੇ ਤਖ਼ਤਿਆਂ ਤੇ ਹੋਰ ਜਨੌਰ ਵਾਹੇ ਸੀ, ਜਿੰਨ੍ਹਾਂ ਨੂੰ ਹੋਰ ਵੰਨੀ ਦਾ ਰੋਗਣ ਫੇਰਿਆ ਸੀ। ਏਹ ਤਖ਼ਤੇ, ਅਜੈਵ ਦੀ ਬੈ ਕਰੀ ਪੈਲੀ ਵਿੱਚ ਲੱਗੀ ਟਰਾਲੀ ਦੇ ਸ਼ਤੀਰ ਵਿੱਚੋਂ ਚੀਰ ਕੇ ਬਣਾਏ ਸੀ। ਇਹਦੀ ਸੰਘਣੀ ਛਾਂ ਕੋਲ਼ ਦੀ ਲੰਘਦੀ ਜੇਠ-ਹਾੜ ਦੀ ਲੋਅ ਵੀ ਠਰ ਜਾਂਦੀ।

ਕਦੇ ਏਨਾਂ ਖੇਤਾਂ ਵਿੱਚ ਕੰਮ ਕਰਦੀ ਹੋਈ ਨਸੀਬੋ ਆਖਦੀ, 'ਜਿਦੋਂ ਨੂੰ ਬਲੌਰ ਐਨ ਪੂਰਾ ਡਈਆਂ ਤੇ ਹੋਊ-ਗਾ, ਹਾਅ ਟਾਹਲੀ ਵੀ ਕਾਲ਼ੀ-ਭਾਅ ਮਾਰਨ ਲੱਗ ਪੈਣੀ ਆਂ, ਓਦੋਂ ਫੇਰ ਏਹਦੇ ਤਖ਼ਤੇ ਲਾਵਾਂ-ਗੇ ਨਵੇਂ ਘਰ ਨੂੰ...' ਏਸ ਰੀਝ ਨੂੰ ਪੂਰਾ ਕਰਨ ਲਈ ਕੱਚੀ ਪਹੀ ਤੇ ਲੱਗੇ ਨਲਕੇ ਤੋਂ ਪਾਣੀ ਦੀ ਬਾਲਟੀ ਭਰ ਕੇ ਲਿਆਉਂਦੀ, ਤੇ ਇਹਦੀ ਜੜ੍ਹ ਵਿੱਚ ਆ ਕੇ ਮਧਿਆ ਦਿੰਦੀ।

ਬਲੌਰਾ ਮੱਥੇ ਦਾ ਮੁੜ੍ਹਕਾ ਰੋਜ਼ ਈ ਏਸ ਟਾਹਲੀ ਦੇ ਤਣੇ ਨਾਲ਼ ਪੂੰਜਦਾ ਤੇ ਰੀਸ ਨਾਲ਼ ਦੀਸਾਂ ਵੀ। ਲਹੂ ਤੋਂ ਗੂੜ੍ਹੀ-ਸਾਂਝ ਹੋਣ ਕਰਕੇ ਛੇਤੀ ਹੀ ਇਹ ਬਹਾਲ਼ ਹੋ ਗਈ। ਜਦੋਂ ਉਹ ਆਪ ਵਾਹੀ ਕਰਦੇ ਤਾਂ ਇਹਦੀ ਛਾਂਵੇ ਬਹਿ ਦੇ ਦਮ ਮਾਰਦੇ। ਰੋਟੀ-ਟੁਕ ਛਕਦੇ। ਇਹ ਟਾਹਲ਼ੀ ਤਾਂ ਉਹਨਾਂ ਲਈ ਘਰ ਸੀ।

ਪਰ ਤਖ਼ਤੇ ਲਾਉਣ ਵਾਲ਼ੀ ਉਹਨਾਂ ਦੀ ਰੀਝ ਬਚਨ ਨੇ ਪੂਰੀ ਕਰ ਲਈ। ਮੋਰ-

ਮੋਰਨੀਆਂ ਦੀ ਥਾਂਏ ਬਾਜ ਖੁਣਵਾ ਲਏ। ਜਿਨ੍ਹਾਂ ਦੀ ਚੁੰਜ ਤੇ ਪਿੱਤਲ ਦੀਆਂ ਪੱਤਰੀਆਂ ਚਾੜ੍ਹ ਦਿੱਤੀਆਂ ਸੀ।

ਭਾਂਵੇ ਦੀ ਅਜੈਵ ਨੇ ਪੈਲੀ ਗਹਿਣੇ ਕਰ ਦਿੱਤੀ ਸੀ, ਪਰ ਬਲੌਰਾ ਪਾਣੀ ਫੇਰ ਵੀ ਬਾਲਟੀ ਨਾਲ਼ ਭਰ ਕੇ ਆਪ ਪਾ ਆਉਂਦਾ। ਲਮਕ ਰਹੀਆਂ ਲਗਰਾਂ ਨੂੰ ਨਿੱਕੇ-ਨਿੱਕੇ ਹੱਥਾਂ ਵਿੱਚ ਫੜ੍ਹ ਕੇ 'ਠੂਣੇ' ਲੈਂਦਾ। ਉਹਨੂੰ ਅਜੇ ਪੈਲੀ ਦੇ ਗਹਿਣੇ ਹੋਣ ਦੇ ਅਰਥ ਦਾ ਰੱਤੀ ਭਰ ਵੀ ਇਲਮ ਨਹੀਂ ਸੀ। ਨਿਆਣੀ ਮੱਤ ਨਾਲ਼ ਸੋਚਦਾ, 'ਬੀਬੀਗੇ ਆਪਾਂ ਟਾਹਲ਼ੀ ਆਲ਼ੇ ਖੇਤ ਕੰਮ ਕਾਂਹਤੋਂ ਨੀ ਕਰਦੇ..'।

ਅਜੈਵ ਨੇ ਇਹ ਪੈਲੀ ਠੇਕੇ ਤੇ ਦਿੱਤੀ ਹੋਣ ਦੀ ਗੱਲ ਘਰ ਵਿੱਚ ਫੈਲਾ ਦਿੱਤੀ ਸੀ। ਬਲੌਰਾ ਮੋਢੇ ਤੇ ਦਾਤੀ ਰੱਖ ਕੇ ਘਰੋਂ ਨੀਰਾ ਲੈਣ ਗਿਆ ਤਾਂ ਪੈਰਾਂ ਨੂੰ ਪਈ ਆਦਤ ਨਾਲ਼, ਉਹ ਆ ਕੇ ਟਾਹਲੀ ਵਾਲ਼ੇ ਟੱਕ ਵਿੱਚ ਖੜੀ ਬਰਸ਼ੀਮ ਵੱਢਣ ਲੱਗ ਪਿਆ। ਜਿੰਨੀ ਕੁ ਪੰਡ ਆਪ ਵੱਢ ਕੇ ਚੱਕ ਸਕਦਾ ਸੀ, ਸਿਰ ਤੇ ਰੱਖ ਕੇ ਘਰ ਨੂੰ ਆ ਗਿਆ।

ਪੱਠੇ ਕੁਤਰ ਕੇ ਬੱਠਲ ਵਿੱਚ ਪਾ ਕੇ ਕੱਟਰੂ ਅੱਗੇ ਲਿਆ ਰੱਖਿਆ ਤੇ ਢਾਕਾਂ ਤੇ ਹੱਥ ਧਰ ਕੇ ਚੌੜਾ ਹੋ ਕੇ ਖੜ ਗਿਆ। ਚਾਅ ਨਾਲ਼ ਜੇਬ ਪਈਆਂ ਕੱਚ ਦੀਆਂ ਗੋਲੀਆਂ ਹੱਥ ਨਾਲ਼ ਖਣਕਾ ਦਿੱਤੀਆਂ।

ਇਨੇ ਬਚਨ ਨੇ ਆ ਕੇ ਉਹਨੂੰ ਗਿੱਚੀ ਤੋਂ ਏਨੀ ਜ਼ੋਰ ਨਾਲ਼ ਘੁੱਟਿਆ ਕਿ ਮੌਰਾਂ ਵਿੱਚ ਵਲ ਪੈ ਗਿਆ। ਹੁਜਕਾ ਮਾਰ ਕੇ ਧਰਤੀ ਤੇ ਸਿੱਟ ਦਿੱਤਾ, 'ਸਾਲਿਆ ਨਿੱਤ ਈ ਮਾਂ ਘਢੌਣ ਨੂੰ ਪੱਠੇ ਵੱਢ ਲਿਔਨਾ, ਛਾਬਾ ਪੈਸਿਆਂ ਦਾ ਲੈ ਕੇ ਅਜੇ ਪਿਉ ਆਲ਼ਾ ਖੇਤ ਸਮਝੀ ਬੈਠਾਂ'। ਹੇਠਾਂ ਡਿੱਗੇ ਪਏ ਦੇ ਪੈਰ ਨਾਲ਼ ਠੁੱਡਾ ਮਾਰਿਆ।

ਸੁਆਤ ਵਿੱਚ ਬਹਿ ਕੇ, ਚਰਖਾ ਕੱਤਦੀ ਹੋਈ ਨਸੀਬੋ ਵਿੱਚੇ ਹੀ ਪੂਣੀ ਛੱਡ ਕੇ, ਏਧਰ ਭੱਜ ਆਈ, 'ਬਾਉੜੀ ਵੇ ਰੱਬਾ' ਦੂਜਾ ਠੁੱਡਾ ਮਾਰਨ ਲਈ ਬਚਨ ਨੇ ਧਰਤੀ ਤੋਂ ਪੈਰ ਚੱਕਿਆ ਤਾਂ ਉਹਦੀ ਹਿੱਕ ਵਿੱਚ ਧੱਫਾ ਮਾਰ ਕੇ ਪਾਸੇ ਕਰ ਦਿੱਤਾ। ਉਹ ਡਿੱਗਦਾ ਹੋਇਆ ਮਸਾਂ ਹੀ ਸੰਭਲ ਸਕਿਆ। ਸਾਰੀ ਧਰਤੀ ਕੇਰਾਂ ਤਾਂ ਹਲ਼ਦੀ ਰੰਗੀ ਦਿੱਖਣ ਲੱਗ ਪਈ। ਅੱਗੇ ਵੱਧ ਕੇ ਕੋਲ਼ ਹੋਣ ਦੀ ਦਲੇਰੀ ਨਹੀਂ ਬਣੀ।

ਪੀੜ ਨਾਲ਼ ਕੱਠੇ ਹੋਏ ਬਲੌਰੇ ਨੂੰ ਛਾਤੀ ਨਾਲ਼ ਘੁੱਟ ਕੇ, ਉਹਦੇ ਮੱਥੇ ਵਿੱਚ ਫੂਕਾਂ ਮਾਰ ਕੇ ਬੋਲੀ, 'ਏਨੀ ਸਿੰਗ ਤੇ ਮਿੱਟੀ ਨੀ ਚੱਕੀ ਦੀ ਸਾਊ, ਟੋਟਣ ਚ ਮੱਕੀ ਮਾਰ ਕੇ ਜੀਭ ਤਾਲੂਏ ਨਾਲ਼ ਲਾਦੂੰ, ਖਾਖਾਂ ਪਾੜਦੂੰ ਖਾਖਾਂ, ਜੇ ਮੇਰੇ ਲਾਲ ਦੀ ਛਾਂ ਵੀ ਮਿੱਧੀ, ਰੱਬ ਦੇ ਦਿੱਤੇ ਤੇ ਏਨਾ ਹੰਕਾਰ ਨੀ ਕਰੀ-ਦਾ, ਨਿਮਕੇ ਰਈ-ਦੈ..'।

ਹਿੱਕ ਵਿੱਚ ਜ਼ੋਰ ਨਾਲ਼ ਧੱਫਾ ਵੱਜਣ ਕਰਕੇ ਬਚਨ ਦਾ ਅੰਦਰ ਹਿੱਲ ਗਿਆ। ਪਲਚ ਗਿਆ ਤੇ ਖੰਗ ਨੂੰ ਸਾਹ ਰੋਕ ਕੇ ਠੱਲ੍ਹਦਾ ਹੋਇਆ, 'ਕੈ ਦਿਨ-ਹੋ-ਗੇ ਚੋਰੀ ਬਰਸੀਂਮ ਵੱਢੀ ਜਾਂਦੇ ਨੂੰ, ਅੱਜ ਡਿੱਕੇ ਚੜ੍ਹਿਆ' ਹੱਥ ਵਿੱਚ ਫੜੀ ਪੱਲੀ ਸੀਰੀ ਮੂਹਰੇ ਸੁੱਟ ਦਿੱਤੀ, 'ਖੁਰਲੀਆਂ ਸੁੰਬਰ ਕੇ ਲੈ ਜਾ ਓਏ?'

ਸੀਰੀ ਨੇ 'ਆ ਦੇਖੀ ਨਾ ਤਾਅ' ਮੱਝਾਂ ਦੀਆਂ ਖੁਰਲੀਆਂ ਵਿੱਚ ਪਏ ਰਲੇ-

ਰਲਾਏ ਸਾਰੇ ਪੱਠੇ ਹੂੰਝ ਕੇ ਪੱਲੀ ਵਿੱਚ ਪਾ ਕੇ ਬੰਨ੍ਹ ਲਏ। ਤੇ ਪੰਡ ਨੂੰ ਸਿਰ ਤੇ ਧਰ ਕੇ ਬੂਹੇ ਵੱਲ ਮੂੰਹ ਕਰਕੇ ਖੜ ਗਿਆ। ਕੱਟਰੂ ਰੰਭਿਆ। ਬਲੌਰੇ ਨੇ ਅੱਖਾਂ ਵਿੱਚੋਂ ਤਿਮਕਾ ਵੀ ਨਹੀਂ ਸੁੱਟਿਆ ਤੇ ਕੌੜ ਕੇ ਵੇਖੀ ਗਿਆ। ਉਹਦੇ ਸੁਭਾਅ ਦਾ ਗੋਝ ਕਿਸੇ ਨੂੰ ਸਮਝ ਨਹੀਂ ਸੀ ਪਿਆ। ਧਰਤੀ ਤੋਂ ਘਰੂੰਢ ਮਾਰ ਕੇ ਮਿੱਟੀ ਨਾਲ਼ ਹੱਥਾਂ ਦੀਆਂ ਮੁੱਠੀਆਂ ਭਰ ਲਈਆਂ।

'ਏਦੂੰ ਮੁੜ ਕੇ ਜੇ ਫੇਰ ਆਹ ਇੱਲਤ ਕੀਤੀ ਨਾ, ਮੁੰਞ ਦੇ ਰੱਸੇ ਨਾਲ਼ ਨੂੜ ਕੇ, ਕੀੜਿਆਂ ਦੇ ਭੌਣ ਤੇ ਬਹਾ-ਦੂ-ਹੂੰ' ਪਾਣੀ ਦੀ ਬਾਲਟੀ ਨੂੰ ਲੱਤ ਮਾਰ ਕੇ ਡੋਲ੍ਹ ਦਿੱਤਾ ਤੇ ਚਲਾ ਗਿਆ। ਉਹਦੇ ਪਿੱਛੇ ਹੀ ਸਿਰ ਤੇ ਪੰਡ ਰੱਖ ਕੇ ਸੀਰੀ ਚੱਲ ਪਿਆ। ਡੱਬੀ ਮੰਹਿ ਨੇ ਤੜਾਫਾ ਮਾਰ ਕੇ ਕਿੱਲਾ ਪਟਾ ਲਿਆ ਤੇ ਭੱਜ ਕੇ ਸੀਰੀ ਵੱਲ ਗਈ, ਪਰ ਨਸੀਬੋ ਨੇ ਅੱਗਾ ਵਲ ਕੇ ਬੂਹਾ ਬੰਦ ਕਰ ਲਿਆ। ਤਖਤਿਆਂ ਨਾਲ਼ ਪਿੱਠ ਲਗਾ ਕੇ ਰੋਣ ਲੱਗੀ।

ਅਜੈਵ ਤੂੜੀ ਵਾਲ਼ੇ ਕੁੱਪ ਕੋਲ਼ ਖੜਾ ਸਭ ਕੁੱਝ ਨਿਰਖ਼ੀ ਗਿਆ। ਜੇਰਾ ਨਹੀਂ ਸੀ ਪਿਆ ਕਿ ਅੱਗੇ ਹੋ ਕੇ ਬਚਨ ਦਾ ਹੱਥ ਰੋਕ ਲਵੇ। ਉਹਦੇ ਵੱਲ ਵੇਖ ਕੇ ਨਸੀਬੋ ਨੇ ਪੱਟਾਂ ਤੇ ਦੋ-ਹੱਥੜੀ ਮਾਰੀ, 'ਵੇ ਤੇਰਾ ਲਹੂ ਨੀ ਖੌਲਿਆ, ਆਹ ਕੁੱਤ-ਖੋਹ ਹੁੰਦੀ ਵੇਖ ਕੇ, ਸ਼ਰੀਕ ਚੁੱਲੇ ਲੱਤ ਚਾਕੇ ਮੂਤ ਗਿਆ'। ਦੋਵੇਂ ਹੱਥਾਂ ਦੇ ਪੱਠੇ ਪੰਜਿਆਂ ਨੂੰ ਅਕੜਾ ਕੇ ਆਪਣੀ ਛਾਤੀ ਕੋਲ਼ ਲਿਆ ਕੇ ਰੋਕ ਲਿਆ, ਡਰ ਸੀ ਕਿਤੇ ਤੈਸ਼ ਵਿੱਚ ਆ ਕੇ ਆਪਣੇ ਖਸਮ ਦੀ ਬੇ-ਹਯਾਈ ਨਾ ਕਰ ਬੈਠੇ।

'ਨਾ ਜਾਵੇ ਓਨ੍ਹਾਂ ਦੇ ਖੇਤ...' ਜੂਏ ਕਰਕੇ ਚਾਰ ਘੁੰਮਾਂ ਪੈਲੀ ਗਹਿਣੇ ਪੈ ਗਈ ਸੀ। ਉਹ ਦਾਰੂ ਪੀ ਕੇ ਗਾਉਣ ਗਾਉਂਦਾ ਹੁੰਦਾ ਸੀ, 'ਪੁੱਤ ਜੱਟਾਂ ਦੇ ਬਲੌਂਦੇ ਬੱਕਰੇ..ਬੁਰਰ..' ਲਲਕਾਰਾ ਮਾਰ ਕੇ ਕੰਨਾਂ ਵਿੱਚ ਟਾਟ ਪਾਉਂਦਾ, 'ਚਿੱਟ ਚਾਦਰੇ ਜ਼ਮੀਨਾ ਗਹਿਣੇ ਬੀ ਜ਼ਮੀਨਾਂ ਗਹਿਣੇ..' ਛੇਤੀ ਹੀ ਬਲੌਰੇ ਨੂੰ ਜ਼ਮੀਨਾਂ ਗਹਿਣੇ ਦਾ ਅਰਥ ਸਮਝ ਆ ਗਿਆ, ਪਰ ਉਦੋਂ ਤੱਕ ਗਹਿਣੇ ਪਈ, ਜ਼ਮੀਨ ਬੈ ਹੋ ਗਈ ਸੀ।

ਨਸੀਬੋ ਨੇ ਦੋਵੇਂ ਹੱਥਾਂ ਵਿੱਚ ਪਾਈਆਂ ਵੰਗਾਂ ਮੱਥੇ ਵਿੱਚ ਮਾਰ ਕੇ ਭੰਨ੍ਹ ਦਿੱਤੀਆਂ। ਜਿਵੇਂ ਲਿਖੇ ਲੇਖ ਪਿੱਟੇ, 'ਓਨ੍ਹਾਂ ਦੇ ਖੇਤ' ਘੱਗੀ ਹੋਈ ਅਵਾਜ਼ ਨਾਲ਼ ਏਨੇ ਜ਼ੋਰ ਨਾਲ਼ ਕਿਹਾ ਕਿ ਪੈਰਾਂ ਵਿੱਚਲੀ ਧਰਤੀ ਨੂੰ ਹੰਦਾਲੀ ਆ ਗਈ, 'ਓਨ੍ਹਾਂ ਦੇ ਖੇਤ ਕਦੇਂ ਹੋ-ਗੇ' ਜਦੋਂ ਅਜੈਬ ਨੀਵੀਂ ਪਾ ਕੇ ਬੌਂਦਲ ਕੇ ਖੜ੍ਹ ਗਿਆ ਤਾਂ ਉਹ ਸਮਝ ਗਈ, 'ਤੀਮੀਂ ਨਾਲ਼ ਬਿਦ ਵੱਧ ਪੈ ਕੇ, ਜਮਾਕ ਜੰਮਿਆਂ ਕਾਈ ਮਰਦ ਨੀ ਬਣ ਜਾਂਦਾ, ਕਿਸੇ ਦੀ ਪੀੜ ਆਵਦੇ ਪਿੰਡੇ ਤੇ ਜਰਨੀ ਪੈਂਦੀ ਐਂ'।

ਤੂੜੀ ਦਾ ਨਾੜ ਕੰਨ ਵਿੱਚ ਫੇਰਦੇ ਹੋਇਆਂ, ਅਜੈਵ ਨੇ ਪੂਰੇ ਤਿੜਆਟ ਨਾਲ਼ ਗੱਲ ਤੋਰੀ, 'ਮਖਿਆ ਜੇ ਆਪਾਂ ਕਿੱਲਾ ਬੈ ਧਰ ਕੇ ਗਹਿਣੇ ਪਈ ਚਾਰੇ ਘੁੰਮਾਂ ਪੈਲੀ ਨਾ ਛੁਡਾ ਲੀਗੇ, ਕੀ ਆਨੀ ਆਂ'।

ਜਦੋਂ ਉਹਦੇ ਵੱਲ ਕੁਲਜੀ ਜਾਂਦੀ ਨੇ ਮੂੰਹ ਵਿੱਚੋਂ 'ਕੁਲੱਛਣਿਆਂ' ਕਿਹਾ ਤਾਂ ਉਹਦੇ ਕੋਲ਼ ਅਜੈਵ ਦੀ ਖੜਣ ਦੀ ਦਲੇਰੀ ਨਹੀਂ ਪਈ। ਤੇ ਸਿਰ ਵਿੱਚ ਮੁੱਕੀ ਮਾਰ ਕੇ

ਤੁਰ ਪਿਆ। 'ਏਹ ਰੱਬ ਵੀ ਹੁਣ ਲੋਕਾਂ ਚ ਵੜਿਆ ਫਿਰਦੈ, ਸਾਡੇ ਢਿੱਡ ਨਾਲ਼ ਆਢਾ ਲਾਉਣ ਲਈ, ਪਤਾ ਨ੍ਹੀ ਮਰ ਕੇ ਵੀ ਖਹਿੜਾ ਛੁੱਟੂ ਕੇ ਨਾਂਹ'। ਉਹ ਭੁੰਜੇ ਪਏ ਬਲੌਰੇ ਦੇ ਗੋਢੇ ਤੇ ਸਿਰ ਧਰ ਕੇ ਰੋਂਦੀ ਰਹੀ।

ਬਲੌਰੇ ਨੇ ਪਹਿਲੀ ਵਾਰ ਏਸ ਦਿਨ, ਰੱਬ ਵੱਲ ਲਾਲ਼ ਅੱਖ ਨਾਲ਼ ਧੌਣ ਚੱਕ ਕੇ ਵੇਖਿਆ ਸੀ, ਜਿਵੇਂ ਕੋਈ ਸ਼ਰੀਕ ਹੁੰਦਾ। ਨੀਵੀਂ ਪਾ ਕੇ ਤੁਰਨ ਦੀ ਆਦਤ ਏਨੀ ਪੱਕ ਚੁੱਕੀ ਸੀ ਕਿ ਭੋਰਾ ਧੌਣ ਉੱਤੇ ਚੱਕਣ ਨਾਲ਼ ਵੀ ਗਿੱਚੀ ਦੇ ਮਣਕੇ ਦੁੱਖਣ ਲੱਗ ਪੈਂਦੇ ਸੀ। ਪਰ ਅੱਜ ਤੋਂ ਬਾਦ ਉਹਨੇ ਕਦੇ ਵੀ ਨੀਵੀਂ ਨਹੀਂ ਸੀ ਪਾਈ। ਨਸੀਬੋ ਦੀ ਆਖੀ ਗੱਲ, ਉਹਦੀ ਹਿੱਕ ਵਿੱਚ ਬਰੰਜੀ ਬਣ ਦੇ ਠੋਕੀ ਗਈ। ਜੀਹਨੂੰ ਰਹਿੰਦੀ ਉਮਰ ਤੱਕ ਕਿਸੇ ਵੀ ਦਲੀਲ ਦਾ ਜਮੂੰਰ ਪੱਟ ਨਹੀਂ ਸੀ ਸਕਿਆ।

ਉਹਨੇ ਆਪਣੇ ਗੋਢਿਆਂ ਤੇ ਨਸੀਬੋ ਦੇ ਵਹਿ ਰਹੇ ਹੰਝੂਆਂ ਦੇ ਨਿੱਘ ਨੂੰ ਕਿਸੇ ਸੇਕ ਵਾਂਗ ਮਹਿਸੂਸ ਕੀਤਾ ਤੇ ਬੋਲਿਆ, 'ਮਰ ਕੇ ਤਾਂ ਹਰ ਬੰਦੇ ਦਾ ਖਹਿੜਾ ਛੁੱਟ ਈ ਜਾਂਦੈ ਬੇਬੇ, ਆਪਾਂ ਤਾਂ ਜਿਉਂਦੇ-ਜੀਅ ਰੱਬ ਤੋਂ ਖਹਿੜਾ ਛੁਡੌਣਾ, ਜੇ ਆਪਾਂ ਇਉਂ ਈ ਚਿੱਤ ਦੀ ਚਿੱਤ ਵਿੱਚ ਲੈ ਕੇ ਮਰ-ਗੇ ਨਾ, ਫੇਰ ਤਾਂ ਰੱਬ ਨੂੰ ਸਾਥੋਂ ਖਹਿੜਾ ਛੁਡੌਣਾ ਔਖਾ ਹੋ-ਜੂ...'।

ਉਹਨੇ ਖੁਰਲੀ ਕੋਲ਼ ਖੜੇ ਕੱਟਰੂ ਦੀ ਖ਼ਾਲੀ ਖੁਰਲੀ ਵੇਖੀ ਤੇ ਪੀੜ ਦੀ ਪਰਵਾਹ ਕਰੇ ਬਿਨਾ ਆਪਣੇ ਸਹਾਰੇ ਨਾਲ਼ ਉਠਿਆ। ਠੁੱਡਾ ਵੱਜਣ ਨਾਲ਼ ਨੀਲ ਪੈ ਗਿਆ ਸੀ। ਕੱਟਰੂ ਨੂੰ ਆਪਣਾ ਹੱਥ ਜੀਭ ਨਾਲ਼ ਚੱਟਣ ਲਈ ਦਿੱਤਾ। ਉਹਦੇ ਸਿੰਗ ਵਿੱਚ ਖੁਰਕ ਕਰਦੇ ਦੀ ਨਿਗਾਹ, ਜਦੋਂ ਬਾਹਰਲੇ ਬੂਹੇ ਕੋਲ਼ ਪੱਲੀ ਵਿੱਚੋਂ ਡੁੱਲ੍ਹੇ ਪੱਠਿਆਂ ਦੇ ਰੁੱਗ ਪਈ ਤਾਂ ਜੇਰਾ ਕਰਿਆ, ਜੀਹਦੇ ਵਿੱਚ ਜਾਂਦਾ ਹੋਇਆ ਬਚਨਾ ਠੁੱਡਾ ਮਾਰ ਕੇ ਖਿਲਾਰ ਗਿਆ ਸੀ। ਏਸ ਰੁੱਗ ਨੂੰ ਝੱਗੇ ਦੀ ਝੋਲੀ ਵਿੱਚ ਭਰ ਕੇ ਕੱਟਰੂ ਅੱਗੇ ਅੱਢ ਦਿੱਤਾ। ਕੱਟਰੂ ਉਹਦੀ ਝੋਲੀ ਵਿੱਚ ਮੂੰਹ ਮਾਰ ਕੇ ਪੱਠੇ ਖਾਂਦਾ ਤੇ ਜਦ ਮੂੰਹ ਨੀਲ ਨਾਲ਼ ਲੱਗਦਾ ਤਾਂ ਪੀੜ੍ਹ ਹੋਰ ਟਸਕ ਪੈਂਦੀ।

***   ***   ***

ਅਜੈਵ ਨੇ ਕਈ ਦਿਨਾਂ ਤੋਂ ਸਾਫੇ ਦੇ ਲੜ ਨਾਲੋਂ ਲੀਰ ਪਾੜ ਕੇ, ਆਪਣੇ ਸੱਜੇ ਅੰਗੂਠੇ ਤੇ ਪੱਟੀ ਬੱਧੀ ਹੋਈ ਸੀ। ਰੋਟੀ ਖਾਣ ਤੋਂ ਪਹਿਲਾਂ ਉਹਨੇ ਅਵਾਜ਼ ਮਾਰ ਕੇ ਹੱਥ ਧਵਾਉਣ ਲਈ ਕਿਹਾ, 'ਮਖਿਆ ਲਿਆ ਭੋਰਾ ਕੋਸਾ ਜਾ ਪਾਣੀ' ਦੋਵਾਂ ਹੱਥਾਂ ਦੀ ਵੱਡੀ ਸਾਰੀ ਚੂਲ਼ੀ ਪਾਵੇ ਤੋਂ ਹੇਠਾਂ ਲਮਕਾ ਲਈ।

ਜਦ ਨਸੀਬੋ ਹੱਥ ਧਵਾਉਣ ਲੱਗੀ ਤਾਂ ਹੱਥਾਂ ਵਿੱਚੋਂ ਗੜਵੀ ਥੁੜਕ ਦੇ ਹੇਠਾਂ ਡਿੱਗ ਪਈ। ਰੋ-ਰੋ ਕੇ ਸੁੱਜੀਆਂ ਅੱਖਾਂ ਪੋਚਾ ਬਣ ਗਈਆਂ। ਪੱਟੀ ਢਿੱਲੀ ਹੋਣ ਕਰਕੇ, ਪਾਣੀ ਦੀ ਧਾਰ ਨਾਲ਼, ਹੱਥ ਮਲ ਕੇ ਧੋਂਦਿਆਂ ਤੋਂ, ਅੰਗੂਠੇ ਤੋਂ ਲਹਿ ਗਈ ਸੀ। ਲੰਮੀ ਚੀਖ ਮਾਰ ਕੇ ਪਾਣੀ ਦੇ ਕੀਤੇ ਚਿੱਕੜ ਵਿੱਚ ਈ ਬਹਿ ਗਈ, 'ਥੂ ਵੇ ਰੱਬਾ.. ਕਾਸੇ ਥਾਊਂ ਜੋਗਾ ਨ੍ਹੀ ਛੱਡਿਆ, ਕਾਹਤੋਂ ਸਾਡੇ ਸਿਵਿਆਂ ਦੀ ਥਾਂ ਵੀ ਬੈ ਕਰਨੀ ਲਈ ਐ...'।

'ਹੁਣੇ-ਹੁਣੀਂ ਤੈਨੂੰ ਕੀ ਸੂਲ ਫੁਰ ਗਿਆ' ਅਜੈਵ ਸਮਝ ਗਿਆ, ਜਦੋਂ ਉਹ ਟਿੱਕੇ-ਟੱਕ ਅਗੂੰਠੇ ਤੇ ਲੱਗੀ ਨੀਲੀ ਸਿਆਹੀ ਵੱਲ ਡੌਰ-ਭੌਰ ਹੋ ਕੇ ਵੇਖੀ ਗਈ। ਚਿਹਰੇ ਦਾ ਮਾਸ ਅੰਬ ਗਿਆ। ਅੱਖ ਵਿੱਚ ਪਿਆ ਮੱਛਰ ਵੀ ਨਹੀਂ ਰੜਕਿਆ ਸੀ। ਉਹਨੇ ਨਸੀਬੋ ਦੇ ਸਿਰ ਹੇਠੋਂ ਪੱਟ ਦਾ ਸਿਰਹਾਣਾ ਕੱਢ ਲਿਆ, 'ਹੂੰ--'।

'ਵੇ ਓਅ ਟਾਲ੍ਹੀ ਨੀ ਐਸ ਘਰ ਦਾ ਪਰਦਾ ਕੱਜ ਦੀ ਵੇ ਬਲੌਰਿਆ ਆਂਦਰਾਂ ਚ ਸੀਰ ਬਿੰਨ੍ਹਤਾ ਵੇ, ਮੇਰੇ ਢਿੱਡੋਂ ਜੰਮ ਕੇ ਪਤਾ ਨ੍ਹੀ ਸੋਡੇ ਨਾਲ਼ ਕੇੜ੍ਹਾ ਵੈਰ ਕੱਢਿਆ ਵੇ' ਉਹ ਵੈਣ ਪਾਉਂਦੀ ਅਕਾਸ਼ ਦੇ ਤਾਰਿਆਂ ਵੱਲ ਝਾਕ ਕੇ ਢਿੱਡ ਪਿੱਟਣ ਲੱਗ ਪਈ।

ਅਜੈਵ ਨੇ ਪੈਲੀ ਵੇਚਣ ਵਾਲ਼ੀ ਚੋਰੀ ਫੜ੍ਹੀ ਜਾਣ ਕਰਕੇ, ਸੱਜੇ ਹੱਥ ਤੇ ਉਹਦੀ ਗੁੱਤ ਨੂੰ ਵੱਟ ਚਾੜ ਕੇ, ਚਪੇੜਾਂ ਨਾਲ਼ ਉਹਦਾ ਮੂੰਹ ਭੰਨ੍ਹ ਸੁੱਟਿਆ। ਉਹਦੀ ਲੇਰ ਸੁਣ ਕੇ ਘਰਾਂ ਅਤੇ ਵੀਹੀ ਦੇ ਅਵਾਰਾ ਕੁੱਤੇ ਭੌਂਕੇ।

'ਬੂ-ਹਾਅ' ਸੁਣ ਕੇ ਬਲੌਰਾ ਮੰਜੇ ਤੋਂ ਖੜ੍ਹਾ ਹੋਇਆ, ਭਾਂਵੇ ਦੀ ਢਿੱਡ ਵਿੱਚ ਕਸਾ ਪੈਣ ਕਰਕੇ ਹੁੰਦੀ ਪੀੜ ਨਾਲ਼, ਲੱਤਾਂ ਤੋਂ ਭਾਰ ਵੀ ਨਹੀਂ ਸੀ ਚੁੱਕਿਆ ਜਾਂਦਾ, ਉਹ ਫੇਰ ਵੀ ਗੋਢੇ ਤੇ ਹੱਥ ਧਰ ਕੇ, ਲੰਗ ਮਾਰ ਕੇ ਤੁਰਦੇ ਹੋਏ ਨੇ, ਤਖਤੇ ਦੀ ਚੂਲ਼ ਕੋਲ਼ ਪਈ ਸੋਟੀ ਚੱਕ ਕੇ, ਜੋ ਦੂਜੀ ਸੁਆਤ ਵਿੱਚ ਵੀ ਲੱਭੀ ਸੀ, ਦੂਰੋਂ ਈ ਅਜੈਵ ਦੇ ਵੱਲ ਸੁੱਟ ਕੇ ਫੜ੍ਹਾਈ। ਤੇ ਆਪਣੇ ਹੱਥ ਉਹਦੇ ਅੱਗੇ ਕਰ ਦਿੱਤੇ, ਜਿਵੇਂ ਝੋਲੇ ਵਿੱਚ ਫੱਟੀ ਨਾ ਹੋਣ ਦੀ ਸੂਰਤ ਵਿੱਚ ਮਾਸਟਰ ਅਰਜਨ ਰਾਮ ਅੱਗੇ ਕਰਦਾ ਸੀ।

ਅਜੈਵ ਵਿੱਚ ਭੋਰਾ ਜੇਰਾ ਵੀ ਨਹੀਂ ਪਿਆ, ਕਿਸੇ ਨੂੰ ਕੁਛ ਆਖ ਸਕੇ। ਰਾਤ ਦੀ 'ਟੀਂ ਟੀਂ..' ਉਹਨੂੰ ਸਾਫ਼ ਸੁਣਾਈ ਦੇਣ ਲੱਗੀ। ਕਚੀਚੀ ਲੈ ਕੇ ਉਹਨੇ ਸੋਟੀ ਹੱਥ ਵਿੱਚ ਫੜ ਲਈ ਤੇ ਕਮਲ-ਵਾਅ ਚ ਆਪਣੇ ਹੀ ਗਿੱਟੇ-ਪੈਰ ਕੁੱਟਣ ਲੱਗ ਪਿਆ। ਉੱਚੀ-ਉੱਚੀ ਝਾਂਗਰਾਂ ਵੀ ਮਾਰੀ ਗਿਆ। ਸੋਟੀ ਟੁੱਟ ਕੇ ਫ਼ਾਕੜਾਂ ਹੋ ਗਈ। ਕੋਠੇ ਤੇ ਜਾ ਕੇ ਪੈ ਗਿਆ।

ਤੇ ਅੱਜ,

ਜਾਣ ਕਿ ਹੁਣ...!

ਬਲੌਰੇ ਦੀ ਨਿਗ੍ਹਾ ਇਨ੍ਹਾਂ ਟਾਹਲੀ ਦੇ ਤਖ਼ਤਿਆਂ ਤੇ ਪੈਂਦੇ ਸਾਰ ਈ ਇੰਨਾ ਕੁਝ ਪਲ-ਛਿਣ ਵਿੱਚ, ਉਹਦੀ ਸੁਰਤ ਵਿੱਚ ਬੀਤ ਗਿਆ। ਤਖ਼ਤੇ ਉਹਦੀ ਰੂਹ ਨੂੰ ਔਤਰੀ ਰੀਝ ਨਾਲ਼ ਘੂਰਦੇ ਰਹੇ। ਉਹਨੇ ਆਪਣੀ ਜੇਬ ਵਿੱਚ ਪਾਂਡੋ-ਮਿੱਟੀ ਦੀ ਰੋੜੀ ਨੂੰ ਦੇਖਿਆ ਤੇ ਚਿੱਤ ਕੀਤਾ, ਇਹਦੇ ਨਾਲ਼ ਤਖ਼ਤੇ ਤੇ ਮੂੰਹ, ਅੱਖਾਂ ਤੇ ਨੱਕ ਉਲੀਕ ਦੇਵੇ।

ਬਚਨ ਪੱਗ ਨੂੰ ਦੋਵਾਂ ਹੱਥਾਂ ਨਾਲ਼ ਪਲੋਸਦਾ ਹੋਇਆ, ਉਹਨੂੰ ਵੇਖ ਕੇ ਬੋਲਿਆ, 'ਓਏ ਤੂੰ, ਮੰਵੀ ਬੌਂਦਲ ਗਿਆ ਸਾਂ, ਹਾ ਹਾ ਹਾ, ਮੈਂ ਕਿਹਾ ਪਤਾ ਨੀ ਕੋਈ ਬੰਦਾ' ਗੱਲ ਚੱਬ ਕੇ ਆਖੀ, 'ਕਵੇਂ ਘੱਲਿਆ ਰੇਜ ਨੇ'।

ਬਲੌਰੇ ਕੇ ਘਰ ਦੀ ਛਿਪਦੇ ਪਾਸੇ ਵਾਲ਼ੀ ਕੰਧ ਇਹਨਾਂ ਨਾਲ਼ ਵੀ ਸਾਂਝੀ ਸੀ।

ਤੇ ਦੂਜੀ ਕੰਧ ਮੋਦਨ ਕਿਆਂ ਨਾਲ਼। ਉਹਨੂੰ ਆਪਣੇ ਲਹੂ ਵਿੱਚ ਘੁਲੀ ਕੋਈ ਚੀਜ਼ ਬਚਨ ਦੇ ਜਬਾੜ੍ਹੇ ਵਿੱਚ ਕੜੱਕ ਕਰਕੇ ਫੁੱਟ ਦੀ ਸੁਣਾਈ ਦਿੱਤੀ। 'ਸੀਲਰ ਹੈ-ਗੇ ਆ' ਇੰਨਾ ਬੋਲ ਕੇ ਸੋਚਾਂ ਵਿੱਚ ਪੈ ਗਿਆ ਕਿ ਉਹ ਬੰਦਾ ਵੀ ਨਹੀਂ ਰਿਹਾ।

'ਸਾਡੀ ਕੀ ਮਜ਼ਾਲ ਐ ਸਰਦਾਰੋ ਥੋਨੂੰ ਜਵਾਵ ਦੇਦੀਗੇ, ਹੋਰ ਵੀ ਕੁਛ ਲੈ ਕੇ ਜਾਣਾ' ਬਚਨ ਨੇ ਖਿਝ ਕੇ ਪਤਾ ਨਹੀਂ, ਕਿਸ ਸ਼ੈਅ ਦਾ ਬਦਲਾ ਲਿਆ। ਉਹਦੇ ਮੂੰਹ ਵੱਲ ਸੈਲ੍ਹੀ ਮਾਰ ਕੇ ਮੁੱਛ ਨੂੰ ਤਾਅ ਦਿੱਤੀ, 'ਦੱਸੋ'।

'ਮੈਨੂੰ ਕੁਝ ਦੇਣ ਦੀ ਅਕਾਤ ਤਾਂ ਰੱਬ ਦੀ ਵੀ ਨਈਂ ਜੀਹਦਾ ਦਿੱਤਾ ਵਿਆ ਤੇਰੇ ਘਰੇ ਏਹ ਸਵ ਕੁੱਛ ਐ, ਤੇ ਜੀਹਦੀ ਤੈਨੂੰ ਆਕੜ ਵੀ ਚੜ੍ਹੀ ਐਂ' ਉਹਨੇ ਗਲ ਦੀਆਂ ਰਗਾਂ ਨੂੰ ਘੁੱਟ ਕੇ ਸਾਹ ਨੂੰ ਘੁੱਟ ਲਿਆ 'ਤੇ ਬਿੰਦ ਦੀ ਬਿੰਦ ਅਕਾਸ਼ ਵੱਲ ਵੇਖ ਕੇ, ਫੇਰ ਸਿੱਧਾ ਬਚਨ ਦੀ ਅੱਖ ਵਿੱਚ ਖੁਦ ਨੂੰ ਰੜਕਾਇਆ, 'ਤੂੰ ਤਾਂ ਆਪ ਓਦੀ ਬਣਾਈ ਹੋਈ ਛੋਟੀ ਜੇਹੀ ਚੀਜ਼ ਐਂ ਬਾਈ' ਅੰਗੂਠੇ ਤੇ ਉਂਗਲ ਵਿੱਚ ਚੂੰਡੀ ਭਰ ਕੇ ਇਸ਼ਾਰਾ ਕੀਤਾ 'ਛੋਟੀ ਚੀਜ਼' ਤੇ ਅੱਖ ਮੀਚ ਕੇ, ਦੂਜੀ ਅੱਖ ਨਾਲ਼ ਏਸ ਵਿਰਲ ਵਿੱਚੋਂ ਦੀ ਉਹਨੂੰ ਵੇਖਣ ਲੱਗਿਆ।

ਬਚਨ ਦਾ ਦਿਲ ਕੀਤਾ ਕਿ ਕੁੱਤੇ ਦਾ ਸੰਗਲ ਖੋਲ੍ਹ ਕੇ ਲਗਾ ਦੇਵਾਂ। ਹੱਡੀਆਂ ਨੂੰ ਕੇਰਾਂ ਤਾਂ ਰੇਤੇ ਵਿੱਚ ਰੋਲ਼ ਦੇਵਾਂ। ਬਾਦ ਦੀ ਬਾਦ ਵਿੱਚ ਵੇਖੀ ਜਾਊ।

ਬਲੌਰੇ ਦੇ ਚਿੱਤ ਵਿੱਚ ਫੁਰਿਆ ਕਿ ਕੁੱਤਾ ਸੰਗਲ ਤੁੜਾ ਕੇ, ਉਹਨੂੰ ਵੱਢ ਖਾਣ ਨੂੰ ਆਵੇ, ਤਾਂ ਉਹ ਦੋਵਾਂ ਹੱਥਾਂ ਨਾਲ਼ ਇਹਦੇ ਜਬਾੜੇ ਪਾੜ ਕੇ ਰੱਖ ਦੇਵੇ।

ਇੰਨੇ ਕੰਧੋਲੀ ਉੱਤੋਂ ਦੀ ਵੇਖ ਕੇ ਪੇੜਾ ਕਰਦੀ ਸ਼ਿਆਮੋ ਨੇ ਹਾਕ ਮਾਰੀ, 'ਵੇ ਜੂਪ' ਅੱਗੋਂ ਕੋਈ ਸੁਰ ਨਾ ਮਿਲਿਆ ਤਾਂ ਫੇਰ ਖਿੱਝ ਕੇ ਬੋਲੀ, 'ਜੂਪ ਵੇ.. ਕਿੱਥੇ ਫੁੜਕ ਗਿਆਂ, ਮੂੰਹੋਂ ਫੁੱਟ ਤੰਦੂਆਂ ਤਾਂ ਨ੍ਹੀ ਛੋਹ ਗਿਆ' ਤਵੇ ਦੀ ਰੋਟੀ ਦਾ ਪਾਸਾ ਪਲਟ ਕੇ, ਤੁਰ ਕੇ ਵਿਹੜੇ ਵਿੱਚ ਆ ਗਈ।

ਵੱਛੀ ਦੇ ਦਾਗੇ ਸਿਗਾਂ ਤੇ ਹਲਦੀ ਲਾਉਂਦਾ ਹੋਇਆ ਬੋਲਿਆ, 'ਬੋਲ ਭਾਬੀ'।

'ਵੇ ਅੱਜ ਰੋਟੀ ਕੇੜ੍ਹੇ ਖੇਤ ਲੈ ਕੇ ਜਾਣੀ ਐ' ਰੋਟੀ ਦੇ ਸੜ ਜਾਣ ਦੇ ਫ਼ਿਕਰ ਨਾਲ਼ ਕਾਅਲ਼ ਨਾਲ਼ ਪੁੱਛਿਆ।

'ਬਲੌਰੇ ਕੇ ਖੇਤ' ਸਾਰੇ ਘਰ ਵਿੱਚ ਇਹ ਪੈਲੀ, ਜੋ ਅਜੈਵ ਨੇ ਜਵਾਨੀ ਵਿੱਚ ਬੈ ਕੀਤੀ ਸੀ, ਪਰ ਅੱਲ ਅੱਜ ਵੀ 'ਬਲੌਰੇ ਕੇ ਖੇਤ' ਦੀ ਪੈਂਦੀ। ਇਹ ਸੁਣ ਕੇ ਬਲੌਰੇ ਨੇ ਗੁੱਸੇ ਦੀ ਜੁਗਾਲੀ ਥੁੱਕ ਦਿੱਤੀ ਤੇ ਚਾਅ ਨਾਲ਼ ਪੈਲ੍ਹਾਂ ਪਾਉਂਦਾ ਹੋਇਆ, ਅੰਗਰੇਜ਼ ਦੇ ਘਰ ਜਾਣ ਦੀ ਬਿਜਾਏ, ਆਪਣੇ ਘਰ ਨੂੰ ਆ ਗਿਆ।

ਲੱਸੀ ਵਿੱਚ ਖੰਡ ਘੋਲ ਕੇ, ਡਕਾਰ ਆਉਣ ਤੱਕ ਪੀਤੀ ਤੇ ਖੁਸ਼ੀ ਲਾਲ਼ ਖੀਵਾ ਹੋ ਗਿਆ, 'ਪੈਲੀ ਅਜੇ ਵੀ ਮੇਰੇ ਨਾਉ ਬੋਲਦੀ ਐ'।

*** *** ***

## ਫੜਵੇਜ਼ੀ

ਦੀਸਾਂ ਵੀ ਹੁਣ ਖੇਤ ਰੋਟੀ ਲੈ ਕੇ ਨਹੀਂ ਸੀ ਗਈ। ਘੀਚਰ ਕੱਸੀ ਦੇ ਪੁਲ ਦੀ ਥਾਂ ਰੱਖੇ, ਵਣ ਦੇ ਸਿਉਂਕ ਖਾਧੇ ਵੱਡੇ ਸ਼ਤੀਰ ਕੋਲ਼ ਖੜਿਆ, ਉਹਦੀ ਝਾਕ ਵਿੱਚ ਹੀ ਰਹਿੰਦਾ। ਹੱਥ ਵਿੱਚ ਫੜੀ ਖੁੰਢੀ ਗੰਡਾਸੀ ਨਾਲ਼ ਖਤਾਨਾਂ ਵਿੱਚ ਖੜ੍ਹੀ ਖੜ-ਸੁਕ ਕਿੱਕਰ ਦੇ ਮੁਰਚੇ ਵੱਢੀ ਜਾਂਦਾ।

ਕਦੇ ਗੰਡਾਸੀ ਦੇ ਦਸਤੇ ਵਿੱਚ ਦੀਸਾਂ ਲਈ ਖਰੀਦ ਕੇ ਲਿਆਦੀਆਂ ਕੱਚ ਦੀਆਂ ਵੰਗਾਂ ਨੂੰ ਪਾ ਕੇ ਹਿਲਾਈ ਜਾਂਦਾ। ਇਨ੍ਹਾ ਦੀ ਹੁੰਦੀ ਛਣਕਾਰ ਨੂੰ ਕੰਨਾਂ ਦੀ ਟੇਕ ਲਗਾ ਕੇ ਸੁਣਦਾ। ਕਿਸੇ ਤੀਵੀਂ ਵਿੱਚੋਂ ਦੀਸਾਂ ਦਾ ਭੁਲੇਖਾ ਪੈਂਦਾ ਤਾਂ ਉਹਨੂੰ ਬਲਾਉਣ ਦਾ ਹੀਆ ਕਰਦਾ।

'ਆ ਤੇ ਜਵਾਂ ਈ ਉਹੀ ਤੋਰ ਤੁਰ ਦੀ ਐ' ਉਹਦੀ ਹਿੱਕ ਵਿੱਚ ਖਾਰ ਪੈਣ ਲੱਗ ਪੈਂਦੀ। ਜਿਵੇਂ ਪਰਨਾਲੇ ਦੀ ਧਾਰ ਹੇਠਾਂ ਪੋਚੇ ਦਾ ਡਲਾ ਖੁਰਦਾ ਹੈ।

ਇਨੇ ਉਹਨੂੰ ਦੀਸਾਂ ਖੇਤ ਵਿੱਚੋਂ ਚਿੱਬੜ ਤੋੜ ਕੇ ਘਰ ਨੂੰ ਲਈ ਆਉਂਦੀ ਟੱਕਰ ਪਈ। ਤੂਤ ਦੀ ਖੁੰਗੀ ਨੂੰ ਕੁਰੇਦ-ਕੁਰੇਦ ਕੇ ਬਣਾਏ ਤੀਵਤ ਨੂੰ, ਕਾਲ਼ੀ ਡੋਰੀ ਨਾਲ਼ ਪਰੋ ਕੇ ਗਲ ਵਿੱਚ ਪਾਇਆ ਸੀ। ਜੁੱਤੀ ਲਾਹ ਕੇ, ਵਿੱਚੋਂ ਭੱਖੜੇ ਦਾ ਕੰਢਾ ਕੱਢਦੀ ਹੋਈ ਬੋਲੀ, 'ਊਤਾ ਜਿਆ, ਏਥੇ ਈ ਡੂੰਨ ਬਣ ਕੇ ਖੜੋਤਾ ਰਹਿਨਾ, ਪਾਸ਼ੋ ਕੇ ਗੌਣ ਤੇ ਆਜਿਆ ਕਰੀਂ"।

'ਹੁਣ ਨੀ ਓਵੇਂ ਤੇਰੇ ਮੱਥੇ ਲੱਗਣ ਜੋਗਾ' ਤੇ ਫੇਰ ਉਹ ਗੰਡਾਸੀ ਦੀ ਧਾਰ ਤੇ ਚੂੰਡੀ ਭਰ ਕੇ ਫੇਰੀ ਗਿਆ।

'ਨਿਗ੍ਹਾ ਮੂਹਰੇ ਤੇ ਰਹਿ ਜੇ ਉਵੇਂ ਮੱਥੇ ਲੱਗਣ ਜੋਗਾ-ਨੀ' ਉਹ ਪੱਬਾਂ ਨਾਲ਼ ਮਿੱਟੀ ਪੱਟ ਕੇ, ਗਿੱਠ-ਗਿੱਠ ਪਿੱਛੇ ਸੁੱਟਦੀ ਹੋਈ, ਅੱਗੇ ਤੁਰ ਗਈ। ਉਹ ਗੰਡਾਸੀ ਨਾਲ਼ ਉਹਦੀ ਪੈੜ ਤੇ ਜ਼ੋਰ-ਜ਼ੋਰ ਨਾਲ਼ ਵਾਰ ਕਰਨ ਲੱਗ ਪਿਆ।

*** *** ***

ਬਰਾਂਡੇ ਵਿੱਚ ਬਹਿ ਕੇ ਸ਼ਗਨਾਂ ਦੇ ਗੀਤ ਗਾਈ ਜਾਂਦੀਆਂ ਬੁੜੀਆਂ ਦੀ ਅਵਾਜ਼ ਵਿੱਚੋਂ, ਜਦ ਪਾਸ਼ੋ ਨੇ ਆਪਣੀ ਸਹੇਲੀ ਦੀਸਾਂ ਦੀ ਅਵਾਜ਼ ਸੁਣੀ ਤਾਂ ਉਹ ਚੁਬਾਰੇ ਵਿੱਚੋਂ ਬਾਹਰ ਆ ਕੇ, ਬਨੇਰੇ ਤੋਂ ਲੰਮੀ ਧੌਣ ਕਰਕੇ ਉਹਨੂੰ ਭਾਲਣ ਲੱਗੀ। ਜੇ ਕਿਤੇ ਅੱਖ ਮਿਲ ਜਾਵੇ ਤਾਂ ਸੈਨਤ ਨਾਲ਼ ਉਹਨੂੰ ਉੱਤੇ ਹੀ ਬੁਲਾ ਲਵੇ। ਨਹੁੰ ਨਾਲ਼ ਬਨੇਰੇ ਦੀ ਵਿਰਲ ਵਿੱਚੋਂ ਗਾਰੇ ਦੀ ਰੋੜੀ ਪੱਟ ਕੇ ਦੀਸਾਂ ਦੇ ਸਿਰ ਵਿੱਚ ਟਿਕਾ ਕੇ ਮਾਰੀ, ਜੋ ਮੂਰਤੀ ਨਾਲ਼, ਬੋਲ ਰਲਾ ਕੇ ਗੀਤ ਗਾਈ ਜਾਂਦੀ ਸੀ। ਦੀਸਾਂ ਨੇ ਆਪਣੇ ਸਿਰ ਵਿੱਚ ਹੱਥ ਫੇਰ ਕੇ ਅਕਾਸ਼ ਵੱਲ ਵੇਖਿਆ ਤਾਂ ਬਨੇਰੇ ਤੇ ਹੱਥ ਵਿੱਚ ਸੀਖ ਬਾਲ ਕੇ ਖੜ੍ਹੀ ਪਾਸ਼ੋ ਦਿਸ ਪਈ।

ਛੇਤੀ ਨਾਲ਼ ਗਾਉਣ ਪੂਰਾ ਕਰਕੇ ਉਹ ਚੁਬਾਰੇ ਵਿੱਚ ਆ ਗਈ। ਪਾਸ਼ੋ ਨੇ ਬਾਹੋਂ ਫੜ ਕੇ ਉਹਨੂੰ ਪਲੰਘ ਤੇ ਸਿੱਟ ਲਿਆ ਤੇ ਫੇਰ ਤਖ਼ਤਿਆਂ ਦੀ ਅਰਲ ਜੜ ਕੇ,

ਉਹਦੇ ਕੋਲ਼ ਬਹਿ ਗਈ, 'ਜੇ ਤੂੰ ਨਾ ਮੇਰੇ ਨਾਲ਼ ਗਾਢੀ ਪਾਉਂਦੀ, ਸਹੁੰ ਗੁੱਗੇ-ਪੀਰ ਦੀ, ਮੰਵੀਂ ਕੰਧਾਂ-ਕੋਠੇ ਲੰਘਦੀ ਨੇ ਉਮਰ ਟਪਾ ਦੇਣੀ ਸੂ, ਘਰ ਦੀ ਪੱਟੀ ਮੇਸ ਹੋਣੋਂ ਤੈਂ ਬਚਾਈ ਊ..'।

ਲਾਲਟੈਣ ਦੇ ਮਿੱਸੇ ਚਾਨਣ ਵਿੱਚ ਦੀਸਾਂ ਦਾ ਸਾਂਵਲਾ ਚਿਹਰਾ ਸੋਨੇ ਦੀ ਭਾਅ ਮਾਰੀ ਗਿਆ, 'ਜੇ ਮੰਵੀ ਇਉਂ ਆਵਦਾ ਪੁੰਨ ਖੱਟ ਲੈਂਦੀ, ਫੇਰ ਘਾਟੇ ਈ ਕਾਹਦੇ ਸੀ...'।

'ਜੇ ਕੇਰਾਂ ਜੱਟੀ ਨੇ ਚਿੱਤ ਚ ਠਾਣ-ਲੀ, ਸੋ ਠਾਣ ਲਈ, ਫੇਰ ਓਹੀ ਪੰਧ ਬਣਦਾ' ਪਾਸ਼ੋ ਨੇ ਲਾਲਟੈਣ ਦੀ ਫਿਰਕੀ ਨੂੰ ਘੁੰਮਾ ਕੇ ਬੱਤੀ ਨੀਵੀਂ ਕੀਤੀ ਤਾਂ ਕਿੰਨੇ ਈ ਟਟਿਆਣੇ ਖੰਭਾਂ ਨਾਲ਼ ਚਾਨਣ ਦੀਆਂ ਲਕੀਰਾਂ ਹਨੇਰੇ ਵਿੱਚ ਵਾਹੁੰਦੇ ਦਿਸੇ। ਝਮੁੱਟ ਮਾਰ ਕੇ ਇੱਕ ਟਟਿਆਣਾ ਫੜ ਲਿਆ। ਹੱਥਾਂ ਦੀ ਬੁੱਕ ਵਿੱਚ ਉਹਦੇ ਹੁੰਦੇ ਚਾਨਣ ਨੂੰ ਵੇਖਣ ਲੱਗ ਪਈ, 'ਘਰੇ ਕਹਿ-ਤਾ ਸੀਗਾ ਮੈਂ ਤਾਂ, ਵਿਆ ਕਰਦੋ ਮੇਰਾ, ਫੇਰ ਨਾ ਕਿਹਾ ਜੇ ਦੱਸਿਆ ਨਹੀਂ'।

ਕੱਚੇ ਧੂੰਏਂ ਦੀ ਹਵਾੜ ਸਿਰ ਨੂੰ ਚੜ੍ਹਣ ਲੱਗੀ ਤਾਂ ਦੀਸਾਂ ਨੇ ਜੰਗਲੇ ਦੀ ਬਾਰੀ ਖੋਲ੍ਹ ਦਿੱਤੀ, ਜੋ ਗਲ਼ੀ ਵੱਲ ਖੁੱਲ੍ਹਦੀ ਸੀ। ਇਹਦੇ ਵਿੱਚੋਂ ਅੱਧੇ ਪਿੰਡ ਨੂੰ ਵੇਖਿਆ ਜਾ ਸਕਦਾ ਸੀ। ਨਾਲ਼ ਦੇ ਘਰਾਂ ਵਿੱਚ ਤਾਂ ਹਰ ਚੀਜ਼ ਪਈ ਦਿਸ ਪੈਂਦੀ। ਅਕਾਸ਼ ਵਿੱਚ ਚੜ੍ਹੇ ਤਾਰਿਆਂ ਨੂੰ ਵੇਖਣ ਲੱਗੀ, 'ਫੇਰ ਲੜ-ਪੇ ਹੋਣੇ ਐਂ ਘਰ ਦੇ'।

'ਨਈਂ, ਬੀਬੀ ਕਹਿੰਦੀ, ਅਖੇ ਮੇਰੇ ਨਾਲ਼ ਪੈ ਜਿਆ ਕਰ, ਜੇ ਕੱਲੀ ਪੈਣ ਤੋਂ ਡਰਦੀ ਐਂ ਤਾਂ' ਫੇਰ ਥੋੜ੍ਹਾ ਜਿਹਾ ਮੂੰਹ ਵਿੰਗਾ ਕਰਕੇ ਹੱਸੀ, 'ਉਹਨੂੰ ਕੀ ਪਤਾ ਸੂ, ਬੀ ਏਹ ਡਰ ਨ੍ਹੀ ਦਲੇਰੀ ਐ, ਕੱਲੀ ਹੋਣ ਦਾ ਡਰ ਕੰਧਾਂ-ਕੌਲੇ ਲੰਘਾ ਦਿੰਦੈ'।

'ਵੇਖੀ ਕਿਤੇ ਵਲ੍ਹਾ ਚ ਆ-ਜੇਂ, ਮਾਂ ਸੇਲ੍ਹੀ ਨਈਂ ਬਣਦੀ ਕਦੀ ਵੀ, ਊਂਈ-ਮੁੱਚੀ ਦਾ ਢਕਵੰਜ਼ ਕਰਕੇ ਮਾਵਾਂ ਧੀ ਦੇ ਮਨ ਦੀਆਂ ਬਿੜ੍ਹਕਾਂ ਲੈਂਦੀਆਂ'। ਉਹਦੇ ਹੱਥਾਂ ਵਿੱਚ ਆਪਣਾ ਮੂੰਹ ਲੁਕਾ ਲਿਆ।

'ਮੰਵੀ ਆਕ ਨੀ, ਹੱਥੀ ਖੁੰਗ ਕੇ ਗੰਨੇ ਚੂਪੇ ਐ' ਪਾਸ਼ੋ ਗੁੱਤ ਵਿੱਚ ਗੁੰਦੀ ਪੀਲ਼ੀ ਡੋਰੀ ਦੇ ਫੁੱਲਾਂ ਨੂੰ ਘੁੰਮਾਉਂਦੀ ਹੋਈ ਬੋਲੀ, 'ਬੀਬੀ ਮੇਰੇ ਨਾਲ਼ ਪਈ ਤਾਂ ਮੰਵੀ ਕਹਿ-ਤਾ ਸਤੀ ਕੇ', ਬੀਬੀ ਮੈਥੋਂ ਐਂਵੇ ਫੜ੍ਹਵੇਜ ਨੀ ਹੁੰਦੇ, ਤੇਰੇ ਨਾਲ਼ ਪੈ ਕੇ ਅਜੇ ਵੀ ਕੱਲੀ ਆਂ ਮੈਂ, ਡਰੀ ਜਾਨੀ ਆਂ ਕਿਤੇ ਹੋਰ ਈ ਨਾ ਚੰਦ ਚਾੜ੍ਹ ਦਿਆਂ'।

'ਫੇਰ ਕੁਛ ਬੋਲੀ ਨੀ'।

'ਬੋਲਨਾ ਕੀ ਸੀ ਪੀਰੂ ਘੁੰਮਿਆਰ ਦਾ ਸਿਰ, ਅਗਲੇ ਦਿਨ ਦੇ ਛਿਪਣ ਤੋਂ ਪਹਿਲਾਂ, ਮੇਰੇ ਗਿੱਟਿਆਂ ਨੂੰ ਵੱਡੇ ਘੁੰਗਰੂ ਆਲ਼ੀ ਪੰਜ਼ੇਬ ਲਿਆ ਕੇ ਬੰਨ੍ਹ-ਤੀ, ਜਵੇਂ ਮੱਝ ਦੇ ਗਲਾਂਵੇ ਡਹਿਆ ਪਾਇਆ ਹੁੰਦੈ, ਜਿਦੋਂ ਵੀ ਪਾਸਾ ਲੈਨੀ ਆਂ, ਛਣ-ਛਣ ਸੁਣ ਕੇ ਟੱਬਰ ਉੱਠ ਖੜ੍ਹੋ-ਦੈਂ'। ਇੰਨੇ ਹੀ ਦੂਜੀ ਫਿਰਨੀ ਤੋਂ ਕੁੱਤਿਆਂ ਦੇ ਭੌਂਕਣ ਦੀ ਅਵਾਜ਼ ਸੁਣੀ ਤਾਂ ਉਹਨੇ ਮਨ ਵਿੱਚ ਸੋਚਿਆ, 'ਕੁੱਤੇ ਵੀ ਚੋਰਾਂ ਦੀ ਨਹੀਂ, ਸਗੋਂ ਬੁੜੀਆਂ ਦੀ ਰਾਖ਼ੀ ਕਰਨ ਲਈ ਰੱਖੇ ਜਾਂਦੇ ਆਂ'।

ਉਹਨੇ 'ਬੀਬੀ' ਨੂੰ ਜ਼ਿਦ ਨਾਲ਼ ਪਜ਼ੇਬਾਂ ਲਾਹੁਣ ਲਈ ਕਿੰਨੇ ਵਾਰ ਕਿਹਾ ਸੀ, ਪਰ ਅੱਗੋਂ ਉਹ ਟਾਲ ਮਾਰ ਕੇ ਆਖ ਦਿੰਦੀ, 'ਪਾਈ ਰੱਖ ਧੀਏ, ਆਹੀ ਦਿਨ ਹੁੰਦੇ ਐ, ਪਹਿਨ-ਪਚਰ ਕੇ ਹੰਢਾਉਣ ਦੇ'।

ਹੇਠਾਂ ਬਰਾਂਡੇ ਵਿੱਚੋਂ ਗੀਤ ਗਾਉਂਦੀਆਂ ਬੁੜੀਆਂ ਵਿੱਚੋਂ ਕਿਸੇ ਨੇ ਕਸ਼ੂਤੀ ਝਹੇਡ ਕੀਤੀ, ਤਾਂ ਉਹਨਾਂ ਦੇ ਹਾਸੇ ਦੀ ਉੱਚੀ ਹੋਈ ਅਵਾਜ਼ ਸੁਣ ਕੇ, ਉਹ ਦੋਵੇਂ ਚੁਬਾਰੇ ਵਿੱਚੋਂ ਬਾਹਰ ਆ ਗਈਆਂ ਤੇ ਪੌੜੀਆਂ ਤੇ ਖੜ੍ਹ ਕੇ, ਉਹਨਾਂ ਵੱਲ ਕਿਸੇ ਨਿਰਖ ਨਾਲ਼ ਵੇਖਣ ਲੱਗੀਆਂ। ਦੋਵਾਂ ਦੀ ਨੇਠੀ ਵੇਖ ਕੇ ਸ਼ਿਆਮੋ ਨੇ ਅਗਲਾ ਗਾਉਣ ਸ਼ੁਰੂ ਕੀਤਾ, 'ਰੱਬ ਨੇ ਬਣਾਈਆਂ ਜੋੜੀਆਂ, ਚਿੱਟੇ ਚੌਲ਼ ਜਿਨ੍ਹਾਂ ਪੁੰਨ ਕੀਤੇ' ਫੇਰ ਪਿੱਛੇ ਇੱਕ ਸੁਰ ਵਿੱਚ ਕਿੰਨੀਆਂ ਹੀ ਅਵਾਜ਼ਾਂ ਗੂੰਜ ਪਈਆਂ।

ਕਿਸੇ ਮੋਹ ਨਾਲ਼ ਪਾਸ਼ੋ ਨੇ ਦੀਸਾਂ ਦਾ ਹੱਥ ਘੁੱਟ ਕੇ ਫੜ੍ਹ ਲਿਆ ਤੇ ਇੱਕ ਦੂਜੇ ਵੱਲ ਝਾਕਣ ਲੱਗ ਪਈਆਂ। ਇੰਨੇ ਮੂਰਤੀ ਨੇ ਵੀ ਨਵੀਂ ਤੰਦ ਰਲਾ ਦਿੱਤੀ, 'ਬੇਬੇ ਫਿਰੇ ਮੇਰਾ ਵਰ ਟੋਲ਼ ਦੀ, ਨੀ ਮੈਂ ਨਿੱਤ ਨਵਾਂ ਈ ਹੰਢਾਵਾਂ, ਭੋਲ਼ੀ ਮਾਂ ਫਿਰੇ ਵਰ ਟੋਲ-ਦੀ'।

ਨਸੀਬੋ ਨੇ ਹੱਥ ਵਿੱਚ ਫੜ੍ਹੀ ਸੋਟੀ ਨੂੰ ਪਾਵੇ ਨਾਲ਼ ਖੜਕਾ ਕੇ ਡਰਾਵਾ ਮਾਰਿਆ, 'ਨੀ ਗੰਦ ਨਾ ਪਾਓ'।

ਦੀਸਾਂ ਨੇ ਸਾਰੇ ਵਿਹੜੇ ਵਿੱਚ ਤਰਦੀ ਨਜ਼ਰ ਮਾਰ ਕੇ ਵੇਖਿਆ, ਘੀਚਰ ਕਿਤੇ ਵੀ ਨਹੀਂ ਸੀ ਲੱਭਿਆ। ਟੰਬੇ ਨਾਲ਼ ਮੇਖਾਂ ਗੱਡ ਕੇ ਬੰਨ੍ਹੀਆਂ ਲਾਲਟੈਣਾਂ ਦੇ ਚਾਨਣ ਵਿੱਚ ਬੁੜ੍ਹੀਆਂ ਨਾਲ਼ ਆਏ ਬੰਦੇ ਦਾਰੂ ਪੀਂਦੇ ਹੋਏ, ਬਾਰਾਂ-ਬੀਟੀ ਖੇਡੀ ਜਾਂਦੇ ਸੀ। ਨਿੱਕੇ-ਨਿੱਕੇ ਨਿਆਣੇ ਇੱਕ-ਦੂਜੇ ਦੇ ਪਿੱਛੇ ਭੱਜਦੇ ਪਏ ਸੀ। ਪਾਸ਼ੋ ਨੇ ਉਹਦੇ ਦਿਲ ਦੀ ਰਮਜ਼ ਪਛਾਣ ਲਈ ਤੇ ਆਪ ਵੀਂ ਉਹਦੀ ਭਾਲ ਕਰਨ ਲੱਗ ਪਈ।

ਇੰਨੇ ਕੋਇਲ ਦੀ ਕੂਕ ਸੁਣ ਕੇ ਉਹ ਦੋਵੇਂ ਪਸ਼ੂਆਂ ਵਾਲ਼ੇ ਵਾੜੇ ਵਿੱਚ ਪਿਸ਼ਾਬ ਦਾ ਪੱਜ ਬਣਾ ਕੇ ਤੁਰ ਪਈਆਂ। ਸਰੋਂ ਦੇ ਤੇਲ ਦਾ ਦੀਵਾ ਬਾਲ ਕੇ, ਦੀਸਾਂ ਨੇ ਤਲੀ ਤੇ ਜਚਾ ਕੇ ਰੱਖ ਲਿਆ ਤੇ ਕੰਧ ਤੋਂ ਉੱਚਾ ਕਰ ਦਿੱਤਾ।

ਚਾਨਣ ਦੀ ਓਟ ਲੈ ਕੇ ਘੀਚਰ ਰੂੜੀਆਂ ਦੇ ਓਲ੍ਹੇ ਛਹਿ ਕੇ, ਕੰਧ ਦੇ ਆਲ਼ੇ ਕੋਲ਼ ਆ ਗਿਆ, ਜੀਹਦੇ ਵਿੱਚ ਤਲੀ ਤੋਂ ਚੱਕ ਕੇ ਦੀਵਾ ਧਰ ਦਿੱਤਾ ਸੀ। ਦੀਵੇ ਦਾ ਚਾਨਣ ਦੋਵਾਂ ਦੇ ਚਿਹਰਿਆਂ ਨੂੰ ਲਿਸ਼ਕਾਉਣ ਲੱਗ ਪਿਆ। ਆਲ਼ੇ ਵਿੱਚ ਦੀ ਦੀਸਾਂ ਨੂੰ ਕਿੰਨੇ ਦਿਨਾਂ ਬਾਦ ਛੋਹਿਆ ਸੀ।

ਖੁਸ਼ਕੀ ਨਾਲ਼ ਸੰਘ ਵਿੱਚ ਚੀਪੜ ਹੋਈ ਜੀਭ੍ਹ ਨੂੰ ਥੋੜ੍ਹਾ ਔਖ ਨਾਲ਼ ਪੱਟਿਆ, 'ਜੇ ਦਾਤੇ ਨੇ ਮਰਜ਼ੀ ਨਾਲ਼ ਸਾਨੂੰ ਜਿਉਂਣ ਈ ਨਹੀਂ ਸੀ ਦੇਣਾ, ਫੇਰ ਜੰਮਿਆ ਕਾਹਤੋਂ, ਜੇ ਜੰਮੇ ਬਿਨ ਸੌਰਦਾ ਨਈਂ ਸੀ ਫੇਰ ਆ ਮੋਹ ਆਲ਼ੀ ਕਵੱਸਤੀ ਤਾਂ ਗਲਾਂਵੇ ਨਾ ਪਾਉਂਦਾ'।

'ਹਏ' ਘੀਚਰ ਨੇ ਉਹਦਾ ਹੱਥ ਜ਼ੋਰ ਨਾਲ਼ ਘੁੱਟਿਆ, 'ਆਸ਼ਕ ਮੂਹਰੇ ਰੱਬ ਦੀ ਕੀ ਮਜ਼ਾਲ ਐ ਬੀ ਖੰਗ-ਜੇ, ਬਸ ਚਿਤ ਆਵਦਾ ਈ ਨਹੀਂ ਮੰਨਿਆ, ਐਂਵੇ ਨਾ ਫੈਸਲ ਕਿਹਾ ਕਰ ਜੱਟ ਨੂੰ, ਜਿੱਦੇਂ ਪਰਤਿਆਵਾ ਲੈਣਾ ਹੋਏ, ਮਰਜ਼ੀ ਲੈ-ਲੀ'।

'ਬੱਸ ਵੇ, ਕਾਤੋਂ ਲਾਚੜੀ ਜਾਨੈਂ"।

ਉਹਦੀ ਤਲੀ ਤੋਂ ਘੋਰਕੰਢੇ ਕਰਦਾ ਹੋਇਆ ਬੋਲ਼ ਪਿਆ, 'ਏਹ ਗੱਲ ਤਾਂ ਲੀਲੀ ਛੱਤ ਆਲ਼ਾ ਵੀ ਨਈਂ ਦੱਸ ਸਕਦਾ, ਫੇਰ ਮੇਰਾ ਤਾਂ ਮਾਂਜਨਾ ਈ ਕੀ ਐ ਤੇਰੇ ਮੂਹਰੇ...'।

ਪਾਸ਼ੋ ਨੇ ਨਲਕਾ ਗੇੜ ਕੇ, ਪੈਰ ਮਾਂਜ ਕੇ ਧੋਤੇ, ਤੇ ਸਲਵਾਰ ਦੇ ਪਹੁੰਚੇ ਉੱਤੇ ਚੱਕ ਕੇ, ਦੀਸਾਂ ਨਾਲ਼ ਕਵੇਲਾ ਹੁੰਦਾ ਵੇਖ ਕੇ ਘਰ ਨੂੰ ਆ ਗਈ। ਜਦੋਂ ਉਹ ਮੂਰਤੀ ਕੋਲ਼ ਦੀ ਲੰਘਣ ਲੱਗੀ ਤਾਂ ਉਹਨੇ ਨਘੋਚ ਕੱਢੀ, 'ਕੁੜੇ ਬੀਬੀ ਦਾਜ ਚ ਭਲਾਂ ਕੀ-ਕੀ ਲੈ ਕੇ ਜਾਏਂਗੀ' ਅੱਗੋਂ ਉਹਨੇ ਕੋਈ ਉਤਰ ਨਾ ਦਿੱਤਾ, ਤਾਂ ਨਿਹੋਰੇ ਨਾਲ਼ ਬੋਲੀ, 'ਕਾਹਦੀ ਆਕੜ ਚ ਆਫਰਗੀ ਏਂ।'

'ਲੈ ਕੇ ਕੀ ਜਾਣਾ ਭਾਬੀ, ਨਾਲ਼ੇ ਕੋਈ ਲਜਾ ਸਕਿਆ, ਏਹ ਪੁੱਛ ਏਥੇ ਛੱਡ ਕੇ ਕਿੰਨਾ ਕੁੱਛ ਜਾਊਂ-ਗੀ?' ਉਹ ਆਪਣਾ ਪੈਰ ਹਿਲਾਉਣ ਲੱਗੀ ਤਾਂ ਪਜੇਬਾਂ ਦੀ ਛਣ-ਛਣ ਚੰਗੀ ਨਹੀਂ ਲੱਗੀ। ਬੰਦਾ ਮਰਨ ਵੇਲੇ ਸਭ ਕੁਝ ਛੱਡਦਾ ਹੈ, ਪਰ ਤੀਵੀਂ ਜਿਉਂਦੇ ਜੀ ਛੱਡਦੀ ਹੈ।

ਉਹ ਚੁਬਾਰੇ ਵਿੱਚ ਆ ਗਈ। ਪੈਰ ਨੂੰ ਪਲੰਘ ਦੀ ਬਾਹੀ ਤੇ ਰੱਖ ਲਿਆ ਅਤੇ ਫੇਰ ਵੱਟੇ ਨਾਲ਼ ਝਾਜਰਾਂ ਦਿਆਂ ਬੋਰਾਂ ਵਿੱਚੋਂ ਰੋੜ ਕੱਢਣ ਲੱਗ ਪਈ।

*** *** ***

ਪਾਸ਼ੋ ਦੇ ਵਿਆਹ ਵਿੱਚ ਡੱਕ ਦੇ ਦਾਰੂ ਪੀਣ ਨਾਲ਼ ਬਲੌਰੇ ਨੂੰ ਅਜੇਹੀ ਹੱਡ-ਭੰਨਣੀ ਲੱਗੀ, ਦੋ ਦਿਨਾਂ ਤੀਕ ਉਹਤੋਂ ਉਠਿਆ ਨਹੀਂ ਗਿਆ। ਖੇਸ ਦਾ ਲੜ ਦੱਬ ਕੇ ਪਿਆ ਰਿਹਾ। ਨਸੀਬੋ ਦਿਨ ਵਿੱਚ ਦੋ-ਤਿੰਨ ਵਾਰ ਗੁੜ ਦਾ ਸਰਬਤ ਬਣਾ ਕੇ ਪਿਆਉਂਦੀ। ਢਿੱਡ ਵਿੱਚ ਸੁੱਤੀ ਪਈ ਪੁਰਾਣੀ ਸੱਟ ਫੇਰ ਜਾਗ ਪਈ। ਸਾਫ਼ੇ ਵਿੱਚ ਮੋਟੀ ਗੰਢ ਮਾਰ ਕੇ, ਤੇ ਗੰਢ ਨੂੰ ਪੀੜ ਵਾਲ਼ੀ ਥਾਂ ਰੱਖ ਕੇ, ਘੁੱਟ ਕੇ ਲੱਕ ਨੂੰ ਬੰਨ੍ਹ ਲਿਆ। ਗੋਢੇ ਮੋੜ ਕੇ ਹਿੱਕ ਨਾਲ਼ ਲਾ, ਓਤਦੀ ਬਾਹਵਾਂ ਦੀ ਬੁੱਕਲ ਮਾਰ ਲਈ।

ਓਦਣ..!

ਜਿਸ ਦਿਨ, ਕਿੱਕਰ ਦੀ ਲਗਰ ਨਾਲੋਂ ਦਾਤਣ ਤੋੜ ਕੇ ਬਲੌਰੇ ਨੂੰ, ਮੀਂਹ ਵਿੱਚ ਕੋਈ ਕੋਠਾ ਡਿੱਗਣ ਜਿੰਨੀ ਧਮਕਾਰ ਸੁਣੀ ਤਾਂ, ਧੂੜ੍ਹ ਦੇ ਗੁਬਾਰ ਵਿੱਚ ਦੀ, ਉਹਨੂੰ ਪੰਛੀਆਂ ਦੀ ਡਰ ਕੇ ਉੱਡਦੀ ਹੋਈ ਉਡਾਰ ਵਿਖਾਈ ਦਿੱਤੀ। ਉਹਨੇ ਮੋਢੇ ਜਿੰਨੀ ਉੱਚੀ ਜਵਾਰ ਦੇ ਉਤੋਂ ਦੀ, ਟਾਹਲੀ ਦਾ ਸ਼ਤੀਰ ਡਿੱਗਿਆ ਪਿਆ ਵੇਖਿਆ। 'ਜ਼ੋਰ ਲਗਾਦੇ..ਹਈ ਸ਼ਾ..ਹੇ-ਲਾ' ਇੱਕ ਬੌਣਾ ਬੰਦਾ ਕੁਹਾੜੀ ਨਾਲ਼ ਜੜ੍ਹਾਂ ਦੇ ਮੋਛੇ ਪਾਈ ਜਾਂਦਾ ਸੀ, ਜੀਹਦੀ ਤਿੰਗ ਕੇ ਟੱਕ ਮਾਰਨ ਕਰਕੇ ਆਉਂਦੀ 'ਹੂੰਗਰ' ਦੀ ਅਵਾਜ਼, ਬਲੌਰੇ ਦੇ ਮੱਥੇ ਵਿੱਚ ਵੱਜੀ ਪੁਰਾਣੀ ਸੱਟ ਜਿਵੇਂ ਫੇਰ ਚੇੜ੍ਹ ਗਈ।

ਵਾਹਰ ਕਰਵਾਉਣ ਲਈ ਭੱਜ ਕੇ ਉਹਨਾਂ ਬੰਦਿਆਂ ਵੱਲ ਜਾਣ ਲੱਗਿਆ ਤਾਂ ਵੱਟ ਨਾਲ਼ ਠੇਡਾ ਖਾ ਕੇ, ਮੱਥੇ ਦੀ ਤੇੜ ਪਰਨੇ ਡਿੱਗ ਪਿਆ। ਬੇ-ਸੁਰਤ ਹੋ ਕੇ ਏਥੇ ਪਿਆ ਰਿਹਾ। ਸਾਂਝੀ ਵੱਟ ਤੇ ਉਹ ਅੱਧਾ ਆਪਣੇ ਵਾਹਣ ਵਿੱਚ ਪਿਆ ਸੀ, ਅੱਧਾ

ਬਚਨ ਕਿਆਂ ਨੂੰ ਬੈ ਕੀਤੇ ਹੋਏ ਵਾਹਣ ਵਿੱਚ। ਜਦੋਂ ਹੋਸ਼ ਪਰਤੀ ਤਾਂ ਪੈਰ ਘੜੀਸ ਕੇ ਤੁਰਦਾ ਹੋਇਆ, ਪੱਟੀਆਂ ਟਾਹਲੀਆਂ ਕੋਲ਼ ਚਲਾ ਗਿਆ। ਝੜੇ ਪੱਤਿਆਂ ਨੂੰ ਰੁੱਗ ਭਰ-ਭਰ ਕੇ ਹਵਾ ਵਿੱਚ ਉਡਾਇਆ। ਟੋਏ ਦੀ ਮਿੱਟੀ ਨੂੰ ਮੂੰਹ-ਮੱਥੇ ਤੇ ਮਲਣ ਲੱਗਿਆ। ਫੇਰ ਝੱਗੇ ਦੀ ਝੋਲੀ ਬੰਨ੍ਹ ਕੇ, ਜੜਾਂ ਨਾਲ਼ੋਂ ਝੜੀ ਮਿੱਟੀ ਵਿੱਚ ਭਰ ਲਈ। ਸਾਫੇ ਦੇ ਲੜ ਵਿੱਚ ਜੜ੍ਹਾਂ ਬੰਨ੍ਹ ਕੇ ਗ਼ਲ ਨਾਲ਼ ਲਮਕਾ ਲਈਆਂ। ਇੱਕ ਵੱਡੀ ਸਾਰੀ ਟਾਹਣੀ ਮੋਢੇ ਤੇ ਤਾਣ ਕੇ, ਉਹਦੀ ਛਾਂਵੇ ਤੁਰਦਾ ਹੋਇਆ, ਘਰ ਆ ਕੇ ਸੁਆਤ ਦੇ ਬੂਹੇ ਅੱਗੇ ਪੈ ਗਿਆ।

ਮੋਢੇ ਤਾਣੀ ਟਾਹਣੀ ਨੂੰ ਇੱਥੇ ਟੋਆ ਪੱਟ ਕੇ ਗੱਡ ਲਿਆ, ਤੇ ਆਪ ਸਾਰੀ ਰਾਤ ਇਹਦੇ ਪਰਛਾਂਵੇ ਹੇਠ ਮੂਧੇ ਮੂੰਹ ਪਿਆ ਰਿਹਾ। ਉਹਨੂੰ ਬੁਲਾ ਲੈਣ ਦੀ ਕਿਸੇ ਵਿੱਚ ਹਿੰਮਤ ਨਹੀਂ ਸੀ। ਜਦੋਂ ਪਹੁ-ਫੁੱਟੀ ਤਾਂ ਉਹਦੀ ਜਾਗ ਖੁੱਲ੍ਹ ਗਈ। ਉਹ ਕਿੰਨਾ ਚਿਰ ਕੋਲ਼ ਦੀ ਲੰਘਦਿਆਂ ਕੀੜੀਆਂ ਵੱਲ ਝਾਕੀ ਗਿਆ, ਜੋ ਉਹਦੀ ਢਿੱਲੀ ਹੋਈ ਮੁੱਠੀ ਵਿੱਚੋਂ ਦਾਣੇ ਕੱਢ-ਕੱਢ ਕੇ ਲਿਜਾ ਰਹੀਆਂ ਸਨ।

ਉਹਨੇ ਧਰਤੀ ਤੇ ਖਿਲਰੀ ਝੋਲੀ ਵਾਲ਼ੀ ਮਿੱਟੀ ਨੂੰ ਹੱਥ ਨਾਲ਼ ਇਕੱਠਾ ਕਰਕੇ, ਝੋਲੀ ਵਿੱਚ ਪਾ ਲਿਆ, ਤੇ ਸਿੱਧਾ ਈ ਪੀਰੂ ਘੁਮਿਆਰ ਕੋਲ਼ ਆ ਗਿਆ।

'ਚੱਕਾ ਚੋਅ' ਆਪਣੀ ਝੋਲੀ ਦੀ ਸਾਰੀ ਮਿੱਟੀ ਉਹਦੇ ਕੋਲ਼ ਪਈ, ਮਿੱਟੀ ਗੁੰਨਣ ਵਾਲ਼ੀ ਪਰਾਂਤ ਵਿੱਚ ਪਾ ਦਿੱਤੀ। ਇਹਦੇ ਨਾਲ਼ ਕੁੱਜਾ ਬਣਾ ਕੇ ਚਾਅ ਨਾਲ਼ ਘਰ ਲੈ ਆਇਆ। ਜੀਹਦੇ ਨਾਲ਼ ਉਹ ਹੁਣ ਕਦੇ ਕਦੇ ਗੱਲਾਂ ਕਰਦਾ, ਜੋ ਕਿਸੇ ਨਾਲ਼ ਨਹੀਂ ਕਰ ਸਕਦਾ।

ਪਾਡੋਂ ਮਿੱਟੀ ਨਾਲ਼ ਅੱਖਾਂ ਮੂੰਹ ਬਣਾ ਕੇ ਕੋਈ ਮੜ੍ਹੰਗਾ ਬਣਾ ਲੈਂਦਾ।

ਤੇ ਅੱਜ,

ਜਾਣੀ ਕਿ ਹੁਣ--।

ਸੁਆਤ ਵਿੱਚ, ਇੱਕ ਬੋਰੀ ਵਿੱਚ ਪਾ ਕੇ ਰੱਖੀਆਂ ਟਾਹਲੀ ਦੀਆਂ ਜੜ੍ਹਾਂ ਵੇਖ ਕੇ, ਢਿੱਡ ਦੀ ਪੀੜ ਹੋਰ ਡੂੰਘੀ ਹੋ ਗਈ।

ਪਰ ਦਾਰੋ ਦੀਆਂ ਝਾਂਜਰਾਂ ਦੀ ਅਵਾਜ਼ ਸੁਣ ਕੇ, ਉਹਨੂੰ ਸਾਰੀ ਪੀੜ ਭੁੱਲ ਗਈ। ਉਹ ਸੁਆਤ ਵਿੱਚੋਂ ਬਾਹਰ ਆ ਕੇ, ਕੰਧ ਕੋਲ਼ ਗੱਡੇ ਕਿੱਲੇ ਤੇ ਖੱਬਾ ਪੈਰ ਧਰ ਕੇ ਬਹਿ ਗਿਆ। ਹੱਥ ਨਾਲ਼ ਥਾਂ ਸੁੰਬਰ ਕੇ, ਫੂਕ ਮਾਰ ਕੇ ਡੱਕੇ ਦੀ ਟੋਅ ਨਾਲ਼ ਲਕੀਰਾਂ ਮਾਰ ਕੇ, ਚਿੱਤ ਵਿੱਚ ਦਾਰੋ ਦੀ ਸ਼ਕਲ ਵਾਹੁਣ ਲੱਗ ਪਿਆ। ਇੰਨੇ ਹੀ ਉਹਦੇ ਕੋਲ਼ ਕੰਧ ਟੱਪ ਕੇ ਆਈ ਗੇਂਦ ਚੱਕਣ ਆਇਆ ਧੱਤੂ, ਉਹਨੂੰ ਇਉਂ ਜਮੂਰਾ ਜਿਹਾ ਬਣ ਕੇ ਬੈਠਾ ਵੇਖ ਕੇ ਹੱਸ ਪਿਆ।

ਲਕੀਰਾਂ ਵੱਲ ਵੇਖਦਾ ਹੋਇਆ ਕੋਈ ਸਿਆਣ ਕੱਢਣ ਦੀ ਕੋਸ਼ਿਸ਼ ਵਿੱਚ ਬੋਲਿਆ, 'ਚਾਚਾ ਓਏ, ਆਹ ਕੀ ਬਣਾਈ ਜਾਨਾਂ'।

ਉਹ ਧੌਣ ਹਿਲਾਏ ਬਿਨਾ ਹੀ ਅੱਖਾਂ ਨੂੰ ਐਨ ਕੋਇਆਂ ਨਾਲ਼ ਲਾਅ ਕੇ, ਵੇਖਦਾ ਬੋਲਿਆ, 'ਤੇਰੀ ਬੀਬੀ ਬਣਾਈ ਜਾਨਾਂ'।

ਧੱਤੂ ਨੇ ਗੋਢਿਆਂ ਤੋਂ ਹੱਥ ਚੱਕ ਕੇ ਲੱਕ ਤੇ ਰੱਖ ਲਏ ਤੇ ਨਘੋਚ ਕੱਢੀ, 'ਬੀਬੀ ਦੇ ਤਾਂ ਏਥੇ ਤਿਲ ਵੀ ਐ' ਉਹਨੇ ਸੱਜੀ ਗੱਲ੍ਹ ਵਾਲ਼ੇ ਪਾਸੇ ਨੱਕ ਦੀ ਜੜ੍ਹ ਤੇ ਉਂਗਲ ਧਰ ਦਿੱਤੀ।

'ਏਥੇ..!' ਬਲੌਰੇ ਨੇ ਜਾਣ ਕੇ ਹੁਣੇ ਵਾਹੀ ਮੂਰਤ ਦੇ ਦੂਜੇ ਪਾਸੇ ਡੱਕਾ ਲਾਇਆ ਤਾਂ ਧੱਤੂ ਆਪ ਵੀ ਔਂਦਲ ਗਿਆ, ਤੇ ਫੇਰ ਭੱਜ ਕੇ ਸਾਂਝੀ ਕੰਧ ਨਾਲ਼ ਬਣੀ ਖੁਰਲੀ ਤੇ ਚੜ੍ਹ ਕੇ, ਬੋਲ ਮਾਰਿਆ, 'ਬੀਬੀ-ਗੇ..ਨੀ ਬੀਬੀ..'।

ਪੇੜਾ ਕਰਦੀ ਦਾਰੋ ਨੇ ਚੁੱਲ੍ਹੇ ਕੋਲ਼ੋਂ ਉਠ ਕੇ, ਜਦੋਂ ਖੱਬੇ ਹੱਥ ਨਾਲ਼ ਮੱਥੇ ਨੂੰ ਖੁਰਕਿਆ ਤਾਂ ਚੁੰਨੀ ਲਹਿ ਗਈ। ਧੌਣ ਝਟਕੇ ਨਾਲ਼ ਹਿਲਾ ਕੇ ਪੁੱਛਿਆ, 'ਕੀ ਐ ?'

'ਕੁੱਛ ਨੀ' ਧੱਤੂ ਬਿੰਦ ਦੀ ਬਿੰਦ ਉਹਦਾ ਚਿਹਰਾ ਵੇਖ ਕੇ ਹੇਠਾਂ ਉਤਰ ਗਿਆ ਤੇ ਭੱਜ ਕੇ ਬਲੌਰੇ ਦੇ ਹੱਥ ਵਿੱਚੋਂ ਡੱਕਾ ਫੜ੍ਹ ਕੇ ਮੂਰਤ ਦੀ ਖੱਬੀ ਗੱਲ੍ਹ ਤੇ ਤਿਲ ਲਾ ਦਿੱਤਾ, 'ਐਥੇ ਐ'।

ਬਲੌਰੇ ਨੇ ਉਹਦੇ ਹੱਥ-ਪੈਰ ਆਪਣੇ ਦੋਵੇਂ ਹੱਥਾਂ ਵਿੱਚ ਫੜ੍ਹ ਕੇ ਟੋਹੇ ਤੇ ਅੱਖਾਂ ਵਿੱਚ ਵੇਖ ਕੇ ਬੋਲਿਆ, 'ਸਕੂਲੇ ਜਾਣ ਲੱਗਿਆ ਤੂੰ ਰੋਨਾ ਕਾਹਤੋਂ ਹੁੰਨਾ..'।

'ਮੇਰਾ ਭਾਪਾ ਚੀਜ਼ੀ ਖਾਣ ਨੂੰ ਠਿਆਨੀ ਨ੍ਹੀ ਦਿੰਦਾ' ਧੱਤੂ ਨੇ ਬੁੱਲ੍ਹ ਨੱਕ ਨੂੰ ਚਾੜ ਕੇ ਦੁੱਖ ਕਰਿਆ ਤਾਂ ਬਲੌਰਾ ਆਪਣੇ ਕੁੜਤੇ ਦੀਆਂ ਜੇਬਾਂ ਫਰੋਲ਼ਣ ਲੱਗ ਪਿਆ, 'ਏ..' ਮੂੰਹ ਵਿੱਚ ਅਵਾਜ਼ ਕੱਢੀ ਗਿਆ ਤੇ ਫੇਰ ਠਿਆਨੀ ਗੀਝੇ ਚੋਂ ਕੱਢ ਕੇ ਉਹਦੀ ਤਲੀ ਤੇ ਰੱਖ ਕੇ, ਮੁੱਠੀ ਮੀਚ ਦਿੱਤੀ, 'ਆ ਚੱਕ, ਮੈਥੋਂ ਲੈ ਜਿਆ ਕਰ ਠਿਆਨੀ, ਚੰਗੋ ਰੋਇਆ ਨਾ ਕਰ..' ਪੁੱਤ ਕਹਿੰਦਾ ਆਪਣੇ ਜੀਭ ਨੂੰ ਰੋਕਣ ਲੱਗਿਆ ਤਾਂ ਦੰਦਾਂ ਹੇਠ ਟੁੱਕੀ ਗਈ।

ਇਸ ਦਿਨ ਤੋਂ ਬਾਦ ਧੱਤੂ ਰੋਜ਼ ਹੀ ਠਿਆਨੀ ਲੈ ਕੇ ਜਾਣ ਲੱਗ ਪਿਆ। ਜੇ ਬਲੌਰਾ ਸੁੱਤਾ ਪਿਆ ਹੁੰਦਾ ਤਾਂ ਉਹਦੇ ਮੰਜੇ ਦੇ ਪਾਵੇ ਤੇ ਠਿਆਨੀ ਪਈ ਹੁੰਦੀ ਸੀ।

*** *** ***

ਬਲੌਰੇ ਨੇ ਕੰਧ ਦੀਆਂ ਵਿਰਲਾਂ ਵਿੱਚੋਂ ਦੀ ਛਣਕੇ ਆਉਂਦੀ ਧੁੱਪ ਦਾ ਨਿੱਘ ਆਪਣੇ ਪੁੱਠੇ ਹੱਥ ਤੇ ਮਹਿਸੂਸ ਕੀਤਾ। ਮੀਂਹ ਦੇ ਝੱਖੜਾਂ ਨੇ ਵਿਰਲਾਂ ਵਿੱਚਲਾ ਗਾਰਾ ਖੋਰ ਕੇ ਕੱਢ ਦਿੱਤਾ ਸੀ। ਕੰਧ ਨੂੰ ਇਸ ਹਾਲਤ ਵਿੱਚ ਵੀ ਅਡੋਲ ਖੜ੍ਹੀ ਵੇਖ ਕੇ, ਉਹਦੇ ਬੁੱਲ੍ਹਾਂ ਤੇ ਹੱਲਾਸ਼ੇਰੀ ਦੇਣ ਵਾਲ਼ੀ ਮੁਸਕਾਨ ਆ ਗਈ। ਕੰਧ ਨੂੰ ਸਾਵਾਸ਼ੇ ਦੇ ਕੇ, ਉਹ ਮੋਢੇ ਵਿੱਚ ਪਾਏ, ਕੁੱਜੇ ਵਾਲ਼ੇ ਝੋਲੇ ਦੀਆਂ ਤਣੀਆਂ ਨੂੰ ਠੀਕ ਕਰਦਾ, ਅੰਗਰੇਜ਼ ਕੇ ਘਰ ਵੱਲ ਤੁਰ ਪਿਆ।

ਪਾਣੀ ਵਿੱਚ ਟਾਹਲੀ ਦੀ ਜੜ੍ਹ ਉਬਾਲ ਕੇ ਪੀਣ ਨਾਲ਼, ਉਹਦੇ ਢਿੱਡ ਦੀ ਪੀੜ੍ਹ ਕਾਫ਼ੀ ਘਟ ਗਈ ਸੀ। ਉਹ ਚੁੱਪ-ਚਾਪ ਗੱਡੀ ਜੋੜ ਕੇ ਖੇਤ ਵੱਲ ਨੂੰ ਚੱਲ ਪਿਆ। ਸਾਰੇ ਰਾਹ ਕੁੱਜੇ ਨਾਲ਼ ਗੱਲਾਂ ਕਰਦਾ ਰਿਹਾ। ਪੱਗ ਸਿਰ ਤੋਂ ਲਾਹ ਕੇ ਕੁੱਜੇ ਦੇ ਸਿਰ ਬੰਨ੍ਹ ਦਿੱਤੀ ਤੇ ਬੋਲਿਆ, 'ਕੁੱਜਿਆ ਆਂਹਦੇ ਆ ਬਈ, ਰੱਬ ਮਸਤਿਆ ਵਿਆ ਬੰਦੇ ਦੇ ਅੰਦਰ ਈ ਲੁਕਿਆ ਬੈਠਾ, ਜੇ ਕਿਤੇ ਹੁਰ ਬੈਠਾ ਹੋਵੇ ਤਾਂ ਸਤਿਆ ਬੰਦਾ

ਗਿੱਚੀ ਤੋਂ ਜਾ ਫੜ੍ਹ-ਲੇ' ਇੱਕ ਹੱਥ ਨਾਲ਼ ਆਪਣੀ ਧੌਣ ਵੀ ਫੜ੍ਹ ਲਈ, 'ਜੀਹਦੇ ਘਰੇ ਰਹੀਏ ਉਹਦਾ ਮਾੜਾ ਨ੍ਹੀ ਤਕਾਈ ਦਾ' ਅਕਾਸ਼ ਵੱਲ ਵੇਖਿਆ ਤੇ ਫੇਰ ਮੜ੍ਹੀ ਤੇ ਬੁੜੀਆਂ ਨੂੰ ਲੱਸੀ ਪਾਉਂਦਾ ਵੇਖ ਕੇ ਚੇੜ੍ਹ ਮੰਨ ਗਿਆ, 'ਏਹ ਕੋਈ ਰੱਬ ਦੀ ਭਲਮਾਣਸੀ ਨੀ, ਬੰਦੇ ਦੇ ਹੱਡਾਂ, ਲਹੂ-ਮਾਸ ਵਿੱਚ ਰਹਿ ਕੇ ਵੀ ਕੰਮ ਨੀ ਆਉਂਦਾ, ਏਹ ਲਹੂ ਪੀ ਕੇ ਨੀ ਵਫ਼ਾ ਕਰਦਾ, ਲੂਣ ਖਾ ਕੇ ਬੰਦਾ ਸਵਾਹ ਕੰਮ ਆਵੂ'।

ਕੁੱਜੇ ਤੇ ਡੰਡਾ ਮਾਰ ਕੇ ਉਹਦੀ ਪੈਂਦੀ ਟੁਣਕਾਰ ਸੁਣੀ।

'ਤੇ ਹੋਰ ਸੁਣ, ਸਗੋਂ ਲੂਤੀਆਂ ਲਾਉਂਦਾ ਮੈਨੂੰ, 'ਉਨ੍ਹੇ ਐਂ ਕਰਤਾ, ਤੂੰ ਅਏਂ ਕਰਦੇ, ਜੇ ਓਨੂੰ ਕੁਛ ਨਾ ਕਰਿਆ ਫੇਰ ਕਿਸੇ ਨੂੰ ਮੂੰਹ ਵਿਖੌਣ ਜੋਗਾ ਨ੍ਹੀ ਰਹਿਣਾ' ਉਹਨੇ ਮਨ ਦੀ ਸੁਣੀ ਗੱਲ ਕੀਤੀ। ਉੱਖਲੀ ਵਿੱਚ ਗੱਡੀ ਦਾ ਪਹੀਆ ਜ਼ੋਰ ਨਾਲ਼ ਵੱਜਣ ਕਰਕੇ ਕੁੱਜਾ ਦੋ ਉਂਗਲਾਂ ਬੁੜਕ ਕੇ ਫੱਟਿਆਂ ਤੇ ਵੱਜਿਆ। ਉਹਨੂੰ ਲੱਗਿਆ, ਕੁੱਜੇ ਨੇ ਹੁੰਗਾਰਾ ਭਰਿਆ ਤੇ ਫੇਰ ਗੱਲ ਕੀਤੀ, 'ਹਾ..ਹੋ, ਜੇ ਬੰਦਾ ਆਵਦੇ ਡਮਾਕ ਤੋਂ ਕੰਮ ਨਾ ਲਵੇ, ਏਹ ਤਾਂ ਬਾਈ ਫੇਰ ਸਾਰਿਆਂ ਨੂੰ ਚੁਵਾਤੀ ਲਾ ਕੇ ਆਪਸ ਵਿੱਚ ਲੜਾ ਕੇ ਮਰਵਾ ਦੇ'।

ਵਹਿੜਕੇ ਦੀ ਬੰਨ੍ਹ ਉੱਤੇ ਰੱਸਾ ਖਿਚ ਕੇ, ਵੱਡੇ ਰਾਹ ਤੋਂ ਗੱਡੀ ਟੱਕ ਵੱਲ ਮੋੜ ਲਈ। ਉਹਦੇ ਗਲ਼ ਵਿੱਚ ਪਾਈ ਟੱਲੀ ਦੀ ਟੁਣਕਾਰ ਵਿੱਚ ਵੀ ਕੋਈ ਲਲਕਾਰ ਲੁੱਕੀ ਪਈ ਸੀ।

'ਸਾਰੀ ਕਵੱਸਤੀ ਪਾਈ ਐਸੇ ਰੱਬ ਨੇ ਐਂ, ਰਿਜਕ ਵੰਡਣ ਵੇਲ਼ੇ ਤੇਰ-ਮੇਰ ਕਰ ਗਿਐ, ਜਿੰਨੇ ਵੀ ਜੱਬ੍ਹ ਐ ਸਾਰੇ ਇਹਦੇ ਈ ਪਾਏ ਵਏ ਐ, ਢਾਕਾਂ ਤੇ ਹੱਥ ਧਰ ਕੇ ਕੱਲਾ ਤਮਾਸ਼ਾ ਈ ਵਿੰਹਦਾ ਕਰਦਾ ਕੁੱਛ ਨੀ, ਨਾਲ਼ੇ ਜੇੜ੍ਹੀ ਸ਼ੈਅ ਦਾ ਜਿਉਂਦੇ ਜੀਅ ਕੋਈ ਫ਼ੈਦਾ ਨ੍ਹੀ ਉਹ ਹੋਈ ਵੀ ਨਾ ਹੋਇਆਂ ਅਰਗੀ ਐ, ਵੈਸੇ ਸੱਚ ਆਖਾਂ ਤਾਂ, ਜਿਨ੍ਹਾਂ ਨੇ ਮਨ ਮਾਰ ਕੇ ਜੱਗ ਜਿੱਤਿਆ, ਓਵੀ ਹੁਣ ਪਿੱਛੋਂ ਆ ਕੇ ਪਛਤਾਈ ਜਾਂਦੇ ਐਂ'।

ਫੇਰ ਉਹ ਪੱਠੇ ਵੱਢਣ ਲੱਗ ਪਿਆ।

ਪੱਠਿਆਂ ਨਾਲ਼ ਗੱਡੀ ਭਰ ਕੇ, ਉਹਨੇ ਵਹਿੜਕੇ ਨੂੰ ਗੱਡੀ ਦੇ ਬੰਬ ਨਾਲ਼ੋਂ ਖੋਲ੍ਹਿਆ ਤਾਂ ਉਹ ਤੜ੍ਹਾਫੇ ਮਾਰਨ ਲੱਗਿਆ। ਗੱਡੀ ਦੇ ਜੂਲ੍ਹੇ ਵਿੱਚ ਕੰਨ੍ਹਾ ਦੇਣ ਤੋਂ ਇਨਕਾਰੀ ਹੋ ਗਿਆ। ਰੱਸਾ ਟੁੱਟ ਗਿਆ ਤੇ ਵਹਿੜਕਾ ਭੱਜ ਕੇ ਪਿੰਡ ਨੂੰ ਆ ਗਿਆ। ਜਦੋਂ ਸੂਏ ਦੀ ਪੱਟੜੀ ਤੇ, ਬੋਹੜ ਕੋਲ਼ ਬੈਠੇ ਬੰਦਿਆਂ ਨੇ ਇਹਨੂੰ ਘੇਰ ਕੇ ਫੜ੍ਹਣ ਦੀ ਕੋਸ਼ਿਸ਼ ਕੀਤੀ ਤਾਂ ਉਹ ਖੜਾ-ਖੜੋਤਾ ਈ ਚਾਰ-ਗਜ਼ ਚੌੜ੍ਹੇ ਸੂਏ ਨੂੰ ਛਾਲ਼ ਮਾਰ ਕੇ ਲੰਘ ਗਿਆ।

ਬਲੌਰਾ ਉਹਦੀ ਛਾਲ ਵੇਖ ਕੇ ਅਸ਼-ਅਸ਼ ਕਰ ਉੱਠਿਆ।

ਸੂਏ ਦੇ ਪਰਲੇ ਪਾਰ ਖੜ੍ਹੇ ਬੰਦਿਆਂ ਨੇ ਜਦੋਂ ਅੱਗਾ ਵਲ ਕੇ ਘੇਰਾ ਪਾ ਲਿਆ ਤਾਂ ਵਹਿੜਕੇ ਨੇ ਅਗਲੇ ਦੋਵੇਂ ਪੌੜ ਓਨ੍ਹਾਂ ਦੇ ਸਿਰ ਜਿੰਨੇ ਉੱਚੇ ਚੱਕ ਕੇ, ਐਸੀ ਬੜ੍ਹਕ

ਮਾਰੀ, ਕਿ ਸਾਰੇ ਪੱਗਾਂ ਬੋਚਦੇ ਹੋਏ 'ਮਾਰਤੇ ਓਏ' ਦੀ ਚੀਖ਼ ਮਾਰ ਕੇ, ਜਿੱਥੇ ਵੀ ਲੁਕਣ ਲਈ ਥਾਂ ਮਿਲੀ, ਉੱਥੇ ਈ ਭੱਜ ਕੇ ਛਹਿ ਗਏ। ਕੌੜ੍ਹਾ ਜਿਹਾ ਪਿੱਛੇ ਵੇਖ ਕੇ ਵਹਿੜਕਾ ਪੂਰੀ ਗੜਸ ਨਾਲ਼ ਧੌਣ ਮੇਲ਼ਦਾ ਹੋਇਆ ਸਾਹਮਣੀ ਗਲ਼ੀ ਭੱਜ ਗਿਆ। ਕਿਸੇ ਵਿੱਚ ਦਲੇਰੀ ਨਹੀਂ ਪਈ ਕਿ ਨੱਥ ਦੀਆਂ ਤਲਾਵਾਂ ਫੜ੍ਹ ਲਏ। ਅੱਗੋਂ ਆਉਂਦੇ ਲੋਕਾਂ ਨੇ ਰਾਹ ਬਦਲ ਲਏ ਜਾਂ ਫੇਰ ਕੰਧਾਂ ਤੇ ਚੜ੍ਹ ਗਏ। ਚਾਦਰੇ ਦੇ ਦੋਵੇਂ ਲੜ ਫੜ੍ਹ ਕੇ, ਕਾਹਲੇ ਪੈਰੀਂ ਤੁਰੇ ਆਉਂਦੇ ਬਲੌਰੇ ਨੂੰ ਬਾਬੇ ਆਸੇ ਦੀ ਸੁਣਾਈ ਕਥਾ ਚੇਤੇ ਕਰਕੇ, ਇਉਂ ਜਾਪਿਆ, ਜਿਵੇਂ ਉਹਨੇ ਵੀ ਅੱਜ ਅਸਵਮੇਧ ਜੱਗ ਵਿੱਚ ਘੋੜੇ ਦੀ ਥਾਂਵੇਂ ਵਹਿੜਕਾ ਛੱਡਿਆ ਹੋਵੇ, ਤੇ ਕਿਸੇ ਵਿੱਚ ਉਹਨੂੰ ਫੜ੍ਹਣ ਦੀ ਜੁਅਰਤ ਨਾ ਹੋਵੇ।

ਸਾਰੇ ਪਿੰਡ ਦਾ ਗੇੜਾ ਕੱਢ ਕੇ ਵਹਿੜਕਾ ਬਚਨ ਕੇ ਬੂਹੇ ਅੱਗੇ ਜਾ ਕੇ ਖੜ੍ਹ ਗਿਆ ਤੇ ਪਿਛਲੇ ਪੈਰ ਦੇ ਖੁਰ ਨਾਲ਼ ਮਿੱਟੀ ਦਾ ਗੁਬਾਰ ਉਡਾਉਣ ਲੱਗ ਪਿਆ। ਜੰਗਲੇ ਵਿੱਚ ਦੀ ਬਚਨ ਨੇ ਡਲਾ ਮਾਰ ਕੇ ਵਹਿੜਕੇ ਨੂੰ ਲੱਲਕਰਨ ਦੀ ਕੋਸ਼ਿਸ਼ ਕੀਤੀ ਤਾਂ ਉਹ ਧੁਰਲੀ ਲੈ ਕੇ ਉਹਦੇ ਵੱਲ ਗਿਆ ਤੇ ਜੰਗਲੇ ਦੇ ਸਰੀਏ ਨਾਲ਼ ਢੁੱਡ ਲਾਉਣ ਲੱਗ ਪਿਆ। ਬਚਨ ਨੇ ਤਖ਼ਤੇ ਭੇੜ੍ਹ ਲਏ।

ਬਲੌਰੇ ਨੇ ਚਾਅ ਨਾਲ਼ ਵਹਿੜਕੇ ਦੀਆਂ ਅੱਖਾਂ ਵਿੱਚ ਤਿੱਖਾ ਵੇਖਿਆ ਤਾਂ ਉਹ ਕੋਲ਼ ਆ ਕੇ ਉਹਦਾ ਖੱਬਾ ਹੱਥ ਚੱਟਣ ਲੱਗ ਪਿਆ। ਨਾਸਾਂ ਤੇ ਥਾਪੀ ਦਿੱਤੀ ਤੇ ਟੁੰਡੇ ਹੱਥ ਨਾਲ਼ ਰੱਸਾ ਚੱਕ ਕੇ ਮੋਢੇ ਤੇ ਰੱਖ ਲਿਆ। ਤਲਾਵਾਂ ਫੜ੍ਹ ਕੇ ਉਹ ਆਪਣੀ ਹੇਠੀ ਨਹੀਂ ਸੀ ਕਰਨਾ ਚਾਹੁੰਦਾ, 'ਚੱਲੀਏ ਹੁਣ ਫੇਰ, ਹੈ ਨਈਂ ਕੋਈ ਮੇਚਦਾ ਬੰਦਾ' ਨਾਲ਼ ਤੋਰ ਕੇ ਖੇਤ ਵੱਲ ਚੱਲ ਪਿਆ।

ਖੂਹ ਕੋਲ਼ ਆ ਕੇ ਵਹਿੜਕੇ ਨੇ ਜਦ ਫੇਰ ਬੜ੍ਹਕ ਮਾਰੀ ਤਾਂ ਹਲ਼ਾਂ ਤੇ ਬੈਠੇ ਕੱਬੇ ਬੰਦੇ ਵੀ ਹੱਥਾਂ-ਪੈਰਾਂ ਵਿੱਚ ਆ ਗਏ। ਇਹ ਵੇਖ ਕੇ ਬਲੌਰੇ ਦਾ ਹੱਥ ਮੱਲੋ-ਜ਼ੋਰੀ ਮੁੱਛ ਤੇ ਰੱਖਿਆ ਗਿਆ।

ਪੱਠਿਆਂ ਨਾਲ਼ ਭਰੀ ਗੱਡੀ ਲੈ ਕੇ ਜਦੋਂ ਉਹ ਘਰ ਦੇ ਵਿਹੜੇ ਵਿੱਚ ਵੜ੍ਹਿਆ ਤਾਂ ਖੰਗਰ ਇੱਟ ਨਾਲ਼ ਮੰਜੇ ਦੇ ਪਾਵਿਆਂ ਵਿੱਚ ਪੱਚਰ ਲਾਉਂਦਾ ਹੋਇਆ, ਅੰਗਰੇਜ਼ ਛਰਾਟੇ ਦੇ ਮੀਂਹ ਵਾਂਗ ਵਰ੍ਹ ਪਿਆ, 'ਚਵਲ ਮੂਹਰੇ ਖਾਣ ਨੂੰ ਭਲਾਂ ਦੀ ਛਾਬਾ ਰੱਖਦਾਂ-ਗੇ, ਕੋਈ ਨੰਨਾ ਨੀ, ਲੱਸੀ ਦਾ ਡੱਟਿਆ ਮੱਘਾ ਪੀ-ਜੂ'।

ਬਲੌਰਾ ਵਹਿੜਕੇ ਨੂੰ ਹਿੱਕਦਾ ਹੋਇਆ, ਪਰੇ ਗੀਹਰੇ ਕੋਲ਼ ਬਣੀ ਖੁਰਲੀ ਵੱਲ ਲੈ ਗਿਆ। ਪਰ ਤੇਹ ਨਾਲ਼ ਭੂਸ਼ਰ ਕੇ ਉਹ ਪਾਣੀ ਦੀ ਖੇਲ੍ਹ ਵੱਲ ਭੱਜ ਪਿਆ। ਮੂਰਤੀ ਆਪਣੇ ਮੁੰਡੇ ਕਿੰਦਰ ਨੂੰ ਮੰਜੇ ਤੇ ਬੈਠਾ ਕੇ ਬੁਰਕੀ ਤੋੜ੍ਹ-ਤੋੜ੍ਹ ਕੇ ਖਵਾਈ ਜਾਂਦੀ ਸੀ। ਫੇਰ ਥੱਲਿਉਂ ਲੱਸੀ ਦਾ ਗਲਾਸ ਚੱਕ ਕੇ, ਦੋ ਘੁੱਟਾਂ ਲੱਸੀ ਪਿਆ ਦਿੱਤੀ। ਉਹਦੇ ਵੱਲ ਵੇਖ ਕੇ ਬਲੌਰੇ ਦੇ ਦਿਲ ਵਿੱਚ ਆਈ, 'ਬੰਦੇ ਨੂੰ ਰੱਬ ਨੇ ਹੱਥ-ਪੈਰ ਦਿੱਤੇ ਐ, ਕਮਾਵੇ ਤੇ ਖਾਵੇ, ਪਰ ਏਨ੍ਹਾ ਨੇ ਤਾਂ ਜਾਣੀ ਏਸ ਲੋਟ ਮੰਗਣਾ ਈ ਸ਼ੁਰੂ ਕਰ-ਤਾ' ਫੇਰ ਤਰਸ ਨਾਲ਼ ਅਕਾਸ਼ ਵੱਲ ਵੇਖਿਆ, 'ਬੰਦਾ ਈ ਜਿਦੋਂ ਹੱਡ-ਹਰਾਮੀ ਹੋ-ਜੇ ਫੇਰ ਰੱਬ ਵੀ

ਕੀਹਨੂੰ-ਕੀਹਨੂੰ ਰਜਾਵੇ'।

ਅੰਗਰੇਜ਼ ਆਪਣਾ ਗੁੱਸਾ ਠੰਢਾ ਕਰਨ ਲੱਗ ਪਿਆ, ਜੋ ਦੋ-ਤਿੰਨ ਦਿਨਾਂ ਤੋਂ ਬਲੌਰੇ ਦੇ ਬਿਮਾਰ ਹੋਣ ਕਰਕੇ, ਆਪ ਨੂੰ ਕੰਮ ਕਰਕੇ ਚੜ੍ਹਿਆ ਸੀ। 'ਰੁੱਗ ਨੀਰਾ ਵੀ ਨਈਂ ਵੇਲ਼ੇ ਸਿਰ ਲਿਆਂਦਾ, ਦਾਣਾ ਈ ਰਲ਼ਾ-ਤਾ, ਫੇਰ ਪੱਠੇ ਤੇਰੀਆਂ ਮਾਵਾਂ ਦੇ ਕਿੱਥੇ ਸੋਰਦਾਂਗੇ..'।

ਉਹ ਦੀਆਂ ਗੱਲਾਂ ਤੋਂ ਧਿਆਨ ਪਰ੍ਹੇ ਕਰਨ ਲਈ, ਮੂੰਹ ਵਿੱਚ ਕੋਈ ਤੁੱਕ ਗਾਉਣ ਲੱਗ ਪਿਆ। ਜਦੋਂ ਉਹਨੇ ਮਾਂ ਦੀ ਗਾਲ਼ ਕੱਢੀ ਤਾਂ ਬਲੌਰੇ ਨੇ ਤੈਸ਼ ਵਿੱਚ ਆ ਕੇ, ਵਹਿੜਕੇ ਦਾ ਰੱਸਾ ਦੋਵਾਂ ਹੱਥਾਂ ਵਿੱਚ ਫੜ ਕੇ ਖਿੱਚਿਆ, ਤੇ ਵਿੱਚੋਂ ਤੋੜ ਕੇ ਦੋ ਟੋਟੇ ਕਰ ਦਿੱਤੇ। ਟੁੱਟਿਆ ਰੱਸਾ ਉਹਦੇ ਪੈਰਾਂ ਵਿੱਚ ਸੁੱਟ ਕੇ, ਗੱਡੀ ਦੇ ਵਿੱਡ ਨਾਲ਼ ਬੰਨ੍ਹਿਆ ਕੁੱਜੇ ਵਾਲ਼ਾ ਝੋਲਾ ਖੋਲ੍ਹ ਕੇ, ਹੱਥ ਵਿੱਚ ਫੜ ਲਿਆ। ਧਰਤੀ ਨੂੰ ਠੁੱਡੇ ਮਾਰ-ਮਾਰ ਕੇ ਤੁਰਦਾ ਹੋਇਆ, ਉਹ ਘਰ ਨੂੰ ਆ ਗਿਆ।

*** *** ***

ਕੁੱਜੇ ਨੂੰ ਝੋਲੇ ਵਿੱਚੋਂ ਕੱਢ ਕੇ ਜੰਗਲੇ ਵਿੱਚ ਰੱਖ ਕੇ, ਉਹ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਵੇਖਣ ਲੱਗ ਪਿਆ। ਹਰਖ ਵਿੱਚ ਆਉਣ ਤੇ ਉਹ ਪਲਕਾਂ ਘੱਟ ਹੀ ਝਪਕਦਾ ਹੁੰਦਾ ਸੀ। ਸਿਰ ਨੂੰ ਹੰਦਾਲੀ ਆਈ ਤੇ ਗਸ਼ ਖਾ ਕੇ ਮੰਜੇ ਤੇ ਡਿੱਗ ਪਿਆ। ਅੱਖਾਂ ਵਿੱਚੋਂ ਪਾਣੀ ਵਹਿ ਕੇ ਸੇਲ੍ਹੀਆਂ ਵਿੱਚੋਂ ਦੀ ਲੰਘਦਾ ਹੋਇਆ, ਘੂਰੀ ਵੱਟਣ ਕਰਕੇ ਮੱਥੇ ਵਿੱਚ ਪਈਆਂ ਤਿਊੜੀਆਂ ਵਿੱਚ ਰਚ ਗਿਆ।

ਨਸੀਬੋ ਟੋਕਰੀ ਵਿੱਚੋਂ ਪਿੱਤਲ ਦਾ ਧਾਮਾ ਚੱਕ ਕੇ ਸਵਾਤ ਦੇ ਤਖ਼ਤਿਆਂ ਕੋਲ਼ ਉਹਦੇ ਸਿਰਹਾਣੇ ਆ ਖੜ੍ਹੀ ਤੇ ਅੱਖਾਂ ਵਿੱਚ ਲਾਲੀ ਵੇਖ ਕੇ ਘਬਰਾ ਗਈ। ਸੋਟੀ ਦੇ ਸਹਾਰੇ ਨਾਲ਼ ਥੋੜ੍ਹੀ ਜਿਹੀ ਨਿਉਂ ਕੇ, ਉਹਦੇ ਮੱਥੇ ਨੂੰ ਪੁੱਠੇ ਹੱਥ ਨਾਲ਼ ਛੋਹ ਕੇ ਵੇਖਿਆ, ਕਿਤੇ ਤਾਪ ਤਾਂ ਨਹੀਂ ਚੜ੍ਹ ਗਿਆ। ਥੋੜ੍ਹੀ ਜਿਹੀ ਕਣਸ ਸੀ, ਖਣੀ ਗੁੱਸੇ ਕਰਕੇ ਉਹਦਾ ਸਰੀਰ ਤਪ ਰਿਹਾ ਸੀ।

'ਤੂੰ ਢੂਹੀ ਸਿੱਧੀ ਕਰ-ਲੈ, ਓਨ੍ਹੇ ਮੈਂ ਲੱਸੀ ਲੈ ਆਵਾਂ-ਗੇਜ ਕਿਉਂ' ਇਹ ਸੁਣ ਕੇ ਬਲੌਰੇ ਨੂੰ ਸਾਰੀ ਪੀੜ ਭੁੱਲ ਗਈ ਤੇ ਹੱਥ ਵਿੱਚੋਂ ਧਾਮਾ ਖੋਹ ਕੇ, ਵਿਹੜੇ ਵਿੱਚ ਚਲਾਵਾਂ ਸੁੱਟ ਦਿੱਤਾ। ਉਹਦੇ ਹੱਡਾਂ ਵਿੱਚ ਬੈਠੀ ਜਾਨ ਕੰਬ ਗਈ। ਜੇਰਾ ਕਰਕੇ, ਉਹ ਪੈਰਾਂ ਭਾਰ ਈ ਪਾਵੇ ਨਾਲ਼ ਢੋਅ ਲਾ ਕੇ ਬਹਿ ਗਈ ਤੇ ਬੋਲੀ, 'ਨਾ ਕੀ ਕਹਿਤਾ, ਗੇਜ ਨੇ ਕਿਆ ਕੁਛ' ਬਲੌਰੇ ਨੇ ਉਹਦਾ ਹੱਥ ਪਰ੍ਹੇ ਝਟਕ ਦਿੱਤਾ ਜੋ ਉਹਦੇ ਵਾਲ਼ਾਂ ਦੀ ਜਟੂਰੀ ਵਿੱਚ ਫੇਰਿਆ ਸੀ। 'ਕੇ ਕੋਈ ਹੋਰ ਈ ਧਮੱਚੜ ਪਾਈ ਫਿਰਦੈਂ"।

ਚੀਸ ਨੂੰ ਝੱਲਣ ਲਈ ਉਹ ਅੱਧਾ-ਸਾਹ ਹੀ ਲੈਂਦਾ ਸੀ। ਸਿਰ ਨੂੰ ਬਾਹੀ ਤੇ ਰੱਖ ਕੇ ਮਸਾਂ ਹੀ ਬੋਲਿਆ, ਜਿਵੇਂ ਲੰਮੀ ਦੌੜ ਲਾਉਣ ਕਰਕੇ ਸਾਹ ਚੜ੍ਹਿਆ ਹੁੰਦਾ, 'ਗਾਲ੍ਹਾਂ ਕੱਢਦਾ ਸੀਗਾ, ਮੈਨੂੰ ਅਵਾ-ਤਵਾ ਬੋਲੀ ਗਿਆ, ਮੈਂ ਜਰੀ ਗਿਆ, ਗਿੱਜੇ ਨੇ ਕਸੂਤੀ ਗਾਲ੍ਹ ਤੈਨੂੰ ਕੱਢੀ, ਉੱਥੇ ਈ ਰੱਫੜ ਪੈ ਗਿਆ' ਥੁੱਕ ਉਬਾਲਾ ਖਾ ਕੇ ਬੁੱਲ੍ਹਾਂ

ਦੀਆਂ ਸ਼ੀਥਾਂ ਵਿੱਚੋਂ ਦੀ ਨਿਕਲ਼ ਪਿਆ।

'ਹੂੰ..!' ਆਪਣੇ ਦੋਵੇਂ ਗਿੱਟੇ ਆਦਤ-ਮੁਜ਼ਬ ਫੜ੍ਹ ਲਏ।

'ਆਵਦੇ ਆਪ ਨੂੰ ਜੇ ਭੁੱਲੀ-ਚੁੱਕੀ ਤੂੰ ਵੀ ਗਾਲ੍ਹ ਕੱਢੇਂ, ਮੈਥੋਂ ਤਾਂ ਓਵੀ ਨੀ ਜਰੀ ਜਾਂਦੀ, ਮਰਨ ਹੋ ਜਾਂਦੈ ਫੇਰ ਉਹਦਾ ਤਾਂ ਮਾਂਜਣਾ ਈ ਕੀ, ਮਿੱਟੀ ਦਾ ਬੁੱਕ ਈ ਐ ਨਾ' ਜ਼ੋਰ ਨਾਲ਼ ਬਾਹੀ ਤੇ ਮੁੱਕੀ ਮਾਰੀ, 'ਫੂਕ ਮਾਰ ਕੇ ਉਡਾਦੂੰ, ਸ਼ੁਕਰ ਮਨਾਵੇ ਮੇਰੇ ਹੱਥ ਵਿੱਚ ਰੱਸਾ ਸੀ, ਨਹੀਂ ਤਾਂ ਰੱਸੇ ਦੀ ਥਾਂਏਂ ਅੱਜ ਓਹਦੀ ਧੌਣ ਦਾ ਜਰਾਕਾ ਪੈ ਜਾਂਦਾ..'।

ਨਸੀਬੋ ਆਪਣੇ ਗੁੱਸੇ ਨੂੰ ਗੱਲ ਵਿਗੜ ਦੀ ਵੇਖ ਕੇ, ਘੁੱਟਾਂ-ਬਾਟੀ ਅੰਦਰ ਸੂਤ ਗਈ, ਜਿਵੇਂ ਕੁੱਛ ਹੋਇਆ ਹੀ ਨਹੀਂ, 'ਜਿਦੋਂ-ਓ-ਨੂੰ ਬੋਦਲ ਕੱਟੇ ਜੇ ਨੂੰ ਕੋਈ ਸ਼ਰਮ ਨੀ ਆਈ, ਫੇਰ ਤੈਂ ਕਾਹਤੋਂ ਤੈਸ਼ ਖਾ ਗਿਐਂ, ਉਹਦੀ ਮਾਂ ਅਰਗੀ ਆਂ ਮੈਂ, ਨਾਲ਼ੇ ਮੈਨੂੰ ਤਾਂ ਮਾਸੀ ਆਂਹਦਾ ਹੁੰਦਾ, ਮੇਰਾ ਮੁੰਮਾ ਚੁੰਘਿਆ, ਓਨੇ ਪੂਰੇ ਤਿੰਨ ਵਰ੍ਹੇ, ਜਿਦੋਂ ਓਹਦੀ ਮਾਂ ਨੂੰ ਦੁੱਦ ਨਹੀਂ ਸੀਗਾ ਉਤਰਿਆ ਤੂੰ ਸਬਰ ਕਰਿਆ ਕਰ...'।

ਬਲੌਰੇ ਨੇ ਸੱਜੀ ਬਾਂਹ ਦਾ ਹੂਰਾ ਜ਼ੋਰ ਨਾਲ਼ ਆਪਣੇ ਢਿੱਡ ਵਿੱਚ ਮਾਰਿਆ, 'ਬੰਦੇ ਤਾਂ ਅਣਖਾਂ ਨਾਲ਼ ਹੁੰਦੇ ਆ ਬੇਬੇ, ਲਹੂ ਤਾਂ ਕਤੀੜਾਂ 'ਚ ਵੀ ਨਾਲ਼ ਹੁੰਦੈ ਵੇਖਣੇ ਨੂੰ' ਸਬਰ ਵੀ ਇੱਕ ਹੱਦ ਤੀਕ ਕਰਿਅ ਈ ਚੰਗਾ ਹੁੰਦੈ, ਓਦੂੰ ਬਾਦ ਤਾਂ ਬੰਦਾ ਬੇ-ਅਣਖ਼ਾ ਈ ਹੁੰਦੇ...' ਉਹਦੀ ਅਵਾਜ਼ ਵਿੱਚ ਏਨਾ ਦਬਕਾ ਸੀ, ਚੌਂਤਰੇ ਤੇ ਬੈਠੀ ਦੀਸਾਂ ਦਾ ਚਿੱਤ ਵੀ ਦਹਿਲ ਗਿਆ।

ਸਵਾਤ ਵਿੱਚ ਪਾਏ ਆਲ੍ਹਣੇ ਵਿੱਚੋਂ ਚਿੜੀ ਵੀ ਉੱਡ ਗਈ। ਇਹ ਵੇਖ ਕੇ ਨਸੀਬੋ ਨੂੰ ਕਿਸੇ ਬਦ-ਸ਼ਗਨੀ ਹੋਣ ਦਾ ਡਰ ਰੜਕ ਗਿਆ, 'ਅਣਖ ਤਾਂ ਪੈਲੀਆਂ ਸੰਗ ਪੁੱਗਦੀ ਐ ਪੁੱਤ, ਐਵੇ ਨਾ ਲਹੂ ਮਚਾ, ਗੁੱਸਾ ਢੈਲ਼ਾ ਰੱਖਿਆ ਕਰ' ਕੋਲ਼ ਪਈ ਪੀੜ੍ਹੀ ਖਿੱਚ ਕੇ ਉੱਤੇ ਬਹਿ ਗਈ, 'ਬੇ-ਜ਼ਮੀਨੇ ਨੂੰ ਤਾਂ ਆਕੜ ਈ ਗਿਣਦੇ ਆ ਲੋਕ, ਤਕੜੇ ਦੀ ਆਕੜ ਨੂੰ ਅਣਖ' ਫੇਰ ਗੋਢਿਆਂ ਤੇ ਹੱਥ ਰੱਖ ਕੇ ਤੁਰਦੀ ਹੋਈ ਨੇ ਵਿਹੜੇ ਵਿੱਚ ਪਿਆ ਧਾਮਾ ਚੱਕ ਕੇ, ਚੁੰਨੀ ਦੇ ਲੜ੍ਹ ਨਾਲ਼ ਸਾਫ਼ ਕੀਤਾ ਤੇ ਚੁਗਾਠ ਨੂੰ ਹੱਥ ਪਾ ਕੇ ਖੜ੍ਹ ਗਈ, 'ਆਪਾਂ ਨੂੰ ਤਾਂ ਲੀਲੀ ਛੱਤਰੀ ਆਲ਼ਾ ਨੀ ਵਸਣ ਦਿੰਦਾ, ਮਤਾ ਠਾਰੀ ਰੱਖਿਆ ਕਰ, ਤੱਤਾ ਹੋ ਕੇ ਕੁਛ ਨੀ ਖੱਟਿਆ ਜਾਣਾ, ਰੱਬ ਵੱਲੋਂ ਤਾਂ ਅੰਨ-ਜਲ ਬੋਤ ਚਿਰ ਦਾ ਮੁੱਕਿਆ ਪਿਐ, ਏਹ ਤਾਂ ਆਵਦਾ ਕਮਾ ਕੇ ਖਾਈ ਜਾਂਨੇ ਆਂ'

ਬਲੌਰੇ ਨੇ ਜ਼ੋਰ ਨਾਲ਼ ਲੱਤ ਮਾਰੀ ਤਾਂ ਦੌਣ ਦੀ ਸੁੱਬੀ ਟੁੱਟ ਗਈ। ਬਾਹੀ ਤੋਂ ਫੜ੍ਹ ਕੇ ਮੰਜਾ ਦੋ-ਵਾਰ ਚੱਕ ਕੇ ਹੇਠਾਂ ਮਾਰਿਆ, 'ਹਾਅ..' ਗੁੱਸੇ ਨਾਲ਼ ਅਕਾਸ਼ ਵੱਲ ਜੰਗਲੇ ਵਿੱਚ ਦੀ ਵੇਖਿਆ ਤਾਂ ਉਹਦੀ ਇਸ ਲਲਕਾਰ ਵਿੱਚ ਕੋਈ ਮੌਤ ਛੁਪੀ ਹੋਈ ਸੀ। ਚਿੱਟੇ ਬੱਦਲ ਕਾਅਲ਼ੀ ਨਾਲ਼ ਤੁਰਦੇ ਦਿਸੇ ਤਾਂ ਸੁਰਤ ਟਿਕਾਣੇ ਆਈ। ਇਉਂ ਲੱਗਿਆ, ਜਿਵੇਂ ਰੱਬ ਵੀ ਅੱਡੀਆਂ ਨੂੰ ਥੁੱਕ ਲਾ ਕੇ ਭੱਜ ਗਿਆ, 'ਫੇਰ ਭੈਣ ਦੇਣੀ ਆ ਅਣਖ ਕਿੱਥੋਂ ਜੰਮ-ਪੀ ਮੇਰੇ ਚ' ਆਨੇ ਟੱਡ ਕੇ ਆਪਣੇ ਅੰਗਾਂ ਵੱਲ ਵੇਖਣ ਲੱਗ

ਪਿਆ। ਹੱਥਾਂ ਦੇ ਪੰਜੇ ਅਕੜਾ ਕੇ, ਪੁੱਠੇ-ਸਿੱਧੇ ਕਰਕੇ ਵੇਖੇ, 'ਏਹ ਕਿਸੇ ਨੂੰ ਮਾਰੇ ਬਿਨਾ ਨੀ ਠੰਢੀ ਹੁੰਦੀ, ਮੈਨੂੰ ਮਾਰੂ ਜਾਂ ਫੇਰ ਹੱਥੋਂ ਕਿਹੇ ਹੁਰ ਨੂੰ ਮਰਵਾਊ' ਸੰਘੀ ਫੜ ਕੇ ਘੁੱਟੀ। ਸਾਹ ਰੁਕਣ ਕਰਕੇ ਹੱਥੂ ਆ ਗਿਆ।

ਦੀਸਾਂ ਨੇ ਆ ਕੇ ਛੇਤੀ ਨਾਲ਼ ਗਲ਼ ਚੋਂ ਹੱਥ ਪੱਟ ਦਿੱਤੇ।

ਬਲੌਰੇ ਦੇ ਸੰਘ ਵਿੱਚੋਂ ਖ਼ਰਵੇ ਬੋਲ ਨਿਕਲ਼ੇ, 'ਮੇਰੇ ਹੱਥ ਪਿੱਛੇ ਕਰਕੇ ਮੁੱਛਕਾਂ ਬੰਨ੍ਹਦੇ ਬੇਬੇ, ਮੈਥੋਂ ਐਵੇਂ ਕੋਈ ਜਾਹ-ਜਾਂਦੀ ਹੋ-ਜੂ'। ਬਾਹਾਂ ਨੂੰ ਮੋੜ ਕੇ ਢੂਹੀ ਪਿੱਛੇ ਕਰ ਲਿਆ। ਅੱਡੀਆਂ ਨੂੰ ਭੁੰਜੇ ਮਾਰ ਕੇ ਮਿੱਟੀ ਦਾ ਖਲੇਪੜ ਪੱਟ ਦਿੱਤਾ। ਤੇ ਪੈਰਾਂ ਵਿੱਚ ਬੈਠੀ ਨਸੀਬੋ ਦੇ ਸਿਰ ਉੱਤੋਂ ਦੀ ਥੁੱਕ ਦਿੱਤਾ।

ਗੁੱਠ ਵਿੱਚ ਪਈ ਲੋਟ ਚੁੱਕ ਕੇ, ਆਪਣੇ ਸਿਰ ਵਿੱਚ ਸਾਰਾ ਪਾਣੀ ਪਾ ਲਿਆ। ਖ਼ਾਲੀ ਲੋਟ ਦਾਣਿਆਂ ਦੀ ਬੋਰੀ ਤੇ ਰੱਖ ਕੇ, ਮੰਜੇ ਤੇ ਪਾਵੇ ਤੋਂ ਥੱਲੇ ਸਿਰ ਲਮਕਾ ਕੇ ਪੈ ਗਿਆ। ਪਾਣੀ ਨਾਲ਼ ਹੋਏ ਚਿੱਕੜ ਵਿੱਚ ਆਪਣੇ ਪੈਰਾਂ ਵਾਲ਼ੀ ਸੁੱਕੀ ਥਾਂ ਵੇਖ ਕੇ, ਖੂੰਜ ਵਿੱਚ ਪਏ ਕੂੰਜੇ ਵੱਲ ਵੇਖਣ ਲੱਗ ਪਿਆ।

***   ***   ***

# ਕਮਲ-ਵਾ

ਨਸੀਬੋ ਦੀ ਅਚਾਨਕ ਹੋਈ ਮੌਤ ਨੇ ਸਾਰਿਆਂ ਦੇ ਦਿਲ ਵਿੱਚ ਮੌਤ ਦੇ ਬੌਂਗੇ ਪਾ ਦਿੱਤੇ। ਜਿਵੇਂ ਸਾਰਿਆਂ ਨੂੰ ਮਰ ਜਾਣਾ ਵੀ ਭੁੱਲ ਗਿਆ ਸੀ।

ਰਾਤ ਨੂੰ ਨਸੀਬੋ ਦੀ 'ਘਰਰ..' ਦੀ ਅਵਾਜ਼ ਹਵਾ ਦਾ ਰੁਖ ਇਸ ਪਾਸੇ ਹੋਣ ਕਰਕੇ, ਸਆਤ ਵਿੱਚ ਪਏ ਬਲੌਰੇ ਤੱਕ ਆਈ ਗਈ। ਉਹਨੇ ਉਵੇਂ ਹੀ ਨੰਗੇ ਪੈਰੀਂ ਉਠ ਕੇ, ਦੀਵੇ ਦੇ ਚਾਨਣ ਵਿੱਚ, ਉਹਦਾ ਚਿਹਰਾ ਵੇਖਿਆ ਤਾਂ ਠੰਢੀ ਹਵਾ ਹੋਣ ਕਰਕੇ ਵੀ ਮੱਥੇ ਤੇ ਠੰਢੇ ਮੁੜ੍ਹਕੇ ਦੀ ਚਰਗਲ ਵੱਜੀ ਪਈ ਸੀ।

ਮੱਘੇ ਵਿੱਚੋਂ ਪਾਣੀ ਦੀ ਚੂਲ਼ੀ ਭਰ ਕੇ ਉਹਦੇ ਮੂੰਹ ਪਾਈ, ਪਰ ਅੱਧਾ ਪਾਣੀ ਬੁੱਲ੍ਹਾਂ ਦੀਆਂ ਵਿਰਲਾਂ ਵਿਚੋਂ ਦੀ ਵਗ ਗਿਆ। ਝੱਗੇ ਦੇ ਲੜ ਨਾਲ਼ ਧੌਣ ਨੂੰ ਪੂੰਜ ਕੇ ਉਹ ਸੁਆਤ ਵਿੱਚ ਆ ਗਿਆ। ਸੰਦੂਕ ਦੇ ਥੱਲੇ ਪਈ ਕੁਹਾੜੀ ਚੱਕ ਕੇ, ਵਿਹੜੇ ਵਿੱਚ ਖੜੀ ਸੁੱਕੀ ਕਿੱਕਰ ਦੇ ਆ ਕੇ ਮੋਛੇ ਪਾਉਣ ਲੱਗ ਪਿਆ। ਟੱਕ ਵੱਜਣ ਦੀ ਅਵਾਜ਼ ਸੁਣ ਕੇ ਅਜੈਬ ਵੀ ਛੱਤੜੇ ਵਿੱਚ ਪਿਆ, ਉਠ ਤਾਂ ਪਿਆ ਪਰ ਉਹ ਦੇ ਕੋਲ਼ ਜਾਣ ਦੀ ਹਿੰਮਤ ਨਹੀਂ ਪਈ।

ਕਿੱਕਰ ਦਾ ਸ਼ਤੀਰ ਭੁੰਜੇ ਡਿਗਿਆ ਤਾਂ ਚਾਰੇ ਕੂਟਾਂ ਤੱਕ ਸੁੰਨ ਪੈ ਗਈ।

ਇਸ ਕਿੱਕਰ ਦੇ ਸ਼ਤੀਰ ਨੂੰ ਵੇਖ ਕੇ ਨਸੀਬੋ ਦੀ ਗੱਲ ਯਾਦ ਆ ਗਈ, ਜਦੋਂ ਬਲੌਰਾ ਵਿਹੜੇ ਵਿੱਚ ਖੇਡਦਾ ਹੁੰਦਾ ਤਾਂ ਇਸ ਕਿੱਕਰ ਦੇ ਕੰਡੇ ਉਹਦੇ ਪੈਰਾਂ ਵਿੱਚ ਖੁੱਬ ਜਾਂਦੇ। ਉਹ ਰੋਸਾ ਕਰਦਾ, 'ਏਨੂੰ ਵੱਢ ਕੇ ਪਰੇ ਜੂੜ ਵੱਢੋ, ਕਾਈ ਹੁਰ ਨਿੰਮ ਬਰਕੈਣ ਲੌਂਦੇ ਆ ਬੇਬੇ'।

ਮੰਜੇ ਤੇ ਬੈਠਾ ਕੇ, ਪੈਰ ਨੂੰ ਥੁੱਕ ਨਾਲ਼ ਸਾਫ ਕਰਕੇ, ਕੰਢਾ ਭਾਲ ਕੇ ਕੱਢਦੀ ਹੋਈ ਨਸੀਬੋ ਹੱਲਾਸ਼ੇਰੀ ਦਿੰਦੀ, 'ਆਹ ਕੰਢੇ ਤੇ ਠੇਡੇ ਬੰਦੇ ਨੂੰ ਚੱਜ ਨਾਲ਼ ਤੁਰਨ ਦਾ ਵੱਲ ਸਖੌਂਦੇ ਐ ਡੱਡੀਏ' ਫੇਰ ਪੀੜ ਤੋਂ ਚਿੱਤ ਪਾਸੇ ਕਰਨ ਲਈ ਕਥਾ ਛੇੜ ਦਿੰਦੀ, 'ਕੇਰਾਂ ਨਾ ਭਾਈ ਬੰਦਾ ਸੀਗਾ, ਰੱਬ ਦਾ ਬਾਹਲਾ ਭਗਤ, ਓਦੇ ਮੁੰਡੇ ਨੂੰ ਜਾ ਵੱਢੀ-ਦਾ ਐਸਾ ਰੋਗ ਚਿੰਬੜ ਗਿਆ, ਬਈ ਵੈਦ-ਹਕੀਮ ਵੀ ਹੱਥ ਖੜੇ ਕਰ-ਗੇ, ਆਂਹਦੇ 'ਬੀ ਜੇ ਕਾਈ ਦਿਨ ਦੇ ਛਿਪਣ ਤੋਂ ਪਹਿਲਾਂ ਫਲਾਣੀ ਖੂਹੀ ਤੋਂ ਪਾਣੀ ਲਿਆ ਕੇ, ਏਹਦੇ ਮੂੰਹ ਚ ਪਾ-ਦੇ, ਫੇਰ ਤਾਂ ਬਚਜੂ, ਨਈਂ ਤਾਂ ਭਾਈ ਔਖੇ-ਸੌਖੇ ਹੋ ਕੇ ਰੱਬ ਦਾ ਭਾਣਾ ਮੰਨੋ..'।

'ਫੇਰ!' ਬਲੌਰੇ ਨੇ ਪੀੜ ਜਰਨ ਲਈ ਦੰਦਾਂ ਥੱਲੇ ਜੀਭ ਨੱਪ ਲਈ ਤੇ ਦੋਵੇਂ ਹੱਥਾਂ ਨਾਲ਼ ਗਿੱਟਾ ਘੁੱਟ ਕੇ ਫੜ ਲਿਆ।

'ਉਹ ਬੰਦਾ ਭਾਈ ਘਰੋਂ ਪਾਣੀ ਲੈਣ ਤੁਰ ਪਿਆ, ਓਨੇ ਫਲਾਣੀ ਖੂਹੀ ਤੋਂ ਪਾਣੀ ਦੀ ਮਸ਼ਕ ਭਰ-ਲੀ, ਤੇ ਆਉਣ ਲੱਗੇ ਨੂੰ ਤਾਂ ਭਾਈ ਐਸੀ ਚੋਧੀ ਲੱਗੀ ਕਿ ਰਾਹ ਈ ਔਟਲ ਗਿਆ, ਏਸ ਬੰਦੇ ਨੂੰ ਸਿੱਧ ਰਾਹੇ ਪਾਉਣ ਲਈ ਰੱਬ ਉਹਦੇ ਪੈਰ ਚ ਕੰਡਾ ਬਣ ਕੇ ਖੁੱਬ ਗਿਆ, ਡੱਡੀਏ...'।

'ਹਈ ਬੇਬੇ ਹੌਲ਼ੀ.. ਫੇਰ..!' ਉਹਨੇ ਸੁੰਨੀ ਗਲ਼ੀ ਦੇ ਧੁੱਪ ਵਿੱਚ ਚਮਕਦੇ ਰੇਤੇ ਉੱਤੇ ਅੱਖ ਗੱਡ ਲਈ।

ਬਾਹਲੇ ਗਹੁ ਨਾਲ਼ ਨਿਗ੍ਹਾ ਲਾਉਣ ਕਰਕੇ ਨਸੀਬੋ ਦੇ ਸਿਰ ਦੀਆਂ ਪੁੜਪੁੜੀਆਂ ਦੁਖਣ ਲੱਗ ਪਈਆਂ। ਦੋਵੇਂ ਹੱਥਾਂ ਵਿੱਚ ਸਿਰ ਨੂੰ ਫੜ੍ਹ ਕੇ ਘੁੱਟਿਆ ਤੇ ਕੰਡਾ ਕੱਢਦੀ ਬੋਲੀ, 'ਕੰਡਾ ਵੱਜੇ ਤੋਂ ਉਹਦੀ ਸੂਰਤ ਟਿਕਾਣੇ ਚ ਆ-ਗੀ, ਤੇ ਸਿੱਧੇ ਰਾਹ ਪੈ ਕੇ ਦਿਨ ਦੇ ਛਿਪਾ ਤੋਂ ਪਹਿਲਾਂ ਈ ਘਰੇ ਅੱਪੜ ਕੇ, ਮੁੰਡੇ ਨੂੰ ਪਾਣੀ ਪਿਆ-ਤਾ' ਬਲੌਰੇ ਦੇ ਪੈਰ ਵਿੱਚ ਕੰਢਾ ਕੱਢ ਕੇ ਉਹਦੀ ਤਲੀ ਤੇ ਧਰ ਦਿੱਤਾ, 'ਲੈ ਡੱਡੀਏ ਏਨੂੰ ਬੋਚ ਕੇ ਚੱਬਦੇ, ਵੇਖੀਂ ਜੀਬ ਚ ਨਾ ਮਰਾ-ਲੀਂ, ਫੇਰ ਕੰਡਾ ਨੀ ਕਦੇ ਵੱਜਦਾ ਤੇਰੇ' ਤੇ ਗੋਢਿਆਂ ਤੇ ਹੱਥ ਧਰ ਕੇ ਉੱਠ ਕੇ ਜਾਂਦੀ ਨੇ ਹੋਈ, ਧਰਤੀ ਨੂੰ ਹੱਥ ਲਾ ਕੇ ਮੱਥਾ ਟੇਕਦੀ ਬੋਲੀ, 'ਇਉਂ ਮਦਾਦ ਕਰਦਾ ਰੱਬ ਜਿੱਦੇਂ ਕਰਨ ਆਵੇ..'।

'ਏਨੂੰ ਕਿਦੋਂ ਵੱਢਾਂਗੇ' ਕੰਡੇ ਦੀ ਪੀੜ੍ਹ ਨੂੰ ਜਰਦਾ ਹੋਇਆ, ਉਹ ਜ਼ਿਦ ਨਾਲ਼ ਪੁੱਛੀ ਗਿਆ, ਤੇ ਕੰਡਾ ਦੰਦਾਂ ਥੱਲੇ ਚੱਬਣ ਦੀ ਬਜਾਏ ਜੇਬ ਵਿੱਚ ਪਾ ਲਿਆ। ਉੱਤੇ ਪੋਲੀ ਜਿਹੀ ਥਾਪੀ ਦੇ ਕੇ ਅਕਾਸ਼ ਵੱਲ ਇਉਂ ਵੇਖਿਆ, ਜਿਵੇਂ ਉਹਨੇ ਰੱਬ ਨੂੰ ਆਪਣੀ ਜੇਬ ਵਿੱਚ ਪਾ ਲਿਆ ਹੁੰਦਾ।

'ਤੇਰੇ ਵਿਆ ਨੂੰ ਵੱਢਾਂਗੇ ਜਿਦੋਂ ਕੜਾਹੀ ਚੜ੍ਹਾਈ' ਗੰਦੂਈ ਸੁਆਤ ਦੀ ਚੁਗਾਠ ਵਿੱਚ ਖੋਬ ਕੇ ਸੰਭਾਲਦੀ ਹੋਈ ਨੇ, ਜਦੋਂ ਬਲੌਰੇ ਵੱਲ ਵੇਖਿਆ, ਉਹ ਵਿਆਹ ਦਾ ਨਾਉ ਸੁਣ ਕੇ ਸੰਗ ਨਾਲ਼ ਲਾਲ ਹੋ ਗਿਆ ਸੀ।

ਪਰ ਸੇਮ ਆਉਣ ਕਰਕੇ ਇਹ ਕਿੱਕਰ ਦੋ ਕੁ ਵਰ੍ਹਿਆਂ ਵਿੱਚ ਸੁੱਕ ਗਈ ਸੀ।

ਕਿੱਕਰ ਨਸੀਬੋ ਦੇ ਬਾਲਣ ਲਈ ਵੱਢੀ ਗਈ..!

ਤੇਹ ਨਾਲ਼ ਸੰਘ ਸੁੱਕ ਗਿਆ ਸੀ ਤੇ ਉਹ ਪਾਣੀ ਪੀਣ ਲਈ ਨਸੀਬੋ ਦੇ ਮੰਜੇ ਤੇ ਜਾ ਕੇ, ਪੱਟ ਤੇ ਸਿਰ ਰੱਖ ਕੇ ਬਹਿ ਗਿਆ। ਮੱਘੇ ਵਿੱਚੋਂ ਗੜ੍ਹਵੀ ਭਰ ਕੇ, ਭੋਰਾ ਪਾਣੀ ਉਹਦੇ ਸੰਘ ਵਿੱਚ ਪਾਇਆ, 'ਜਾਣ ਲੱਗਿਆਂ ਪਾਣੀ ਪੀ ਕੇ ਜਾਈਦੈ ਬੇਬੇ, ਐਵੇਂ ਨਾ ਤਿਆਹੀ ਤੁਰ-ਜੀ' ਤੇ ਫੇਰ ਹੱਥ ਵਿੱਚ ਫੜ੍ਹੀ ਸੂਲ ਵੱਲ ਵੇਖ ਕੇ ਬੋਲਿਆ, 'ਬੇਬੇ ਲੱਗਦੈ ਰੱਬ ਨੂੰ ਵੀ ਚੌਂਧੀ ਲੱਗੀ ਐ, ਖੌਰੇ ਕਿੱਦਣ ਐਦੇ ਪੈਰੀਂ ਕੋਈ ਬੰਦਾ ਕੰਡਾ ਬਣ ਕੇ ਵੱਜੂ ਤੇ ਇਹ ਸਾਡੇ ਘਰਾਂ ਵੰਨੀ ਵੇਖੂ, ਜੇ ਰੱਬ ਨਿਰਵੈਰ ਐ, ਫੇਰ ਸਾਡੇ ਨਾਲ਼ ਕੌਣ ਵੈਰ ਕੱਢੀ ਜਾਂਦੇ ਬੇਬੇ..'।

ਪਲਕਾਂ ਜਵਾਂ ਨਹੀਂ ਹਿੱਲੀਆਂ।

ਪਾਣੀ ਦੀ ਗੜਵੀ ਪੀ ਕੇ ਉਹ ਫਿਰ ਕਿੱਕਰ ਦੇ ਸ਼ਤੀਰ ਦੀਆਂ ਫਾਕੜਾਂ ਕਰਨ ਲੱਗ ਪਿਆ, ਪਹੁ ਫੁੱਟਣ ਤੱਕ ਉਹਨੇ ਪਲਪਾੜਾਂ ਕਰ ਲਈਆਂ। ਦੀਸਾਂ ਨੇ ਅੰਦਰ ਆ ਕੇ ਨਸੀਬੋ ਦੀਆਂ ਨਾਸਾਂ ਤੇ ਪੁੱਠੀਆਂ ਉਂਗਲਾਂ ਲਾ ਕੇ ਵੇਖਿਆ, ਤੇ ਫੇਰ ਧਾਹ ਮਾਰੀ, 'ਬੇ...ਬੇ...!'

ਉਹਦੀ ਕੂਕਵੀਂ ਅਵਾਜ਼ ਸੁਣ ਕੇ ਬਲੌਰਾ ਨੀਵੀਂ ਉੱਤੇ ਚੱਕੇ ਬਿਨਾ ਹੀ, ਪੈਰ ਨਾਲ਼ ਦੱਬੀ ਹੋਈ ਖਲਪਾੜ ਨੂੰ ਪਾੜਣ ਲੱਗਿਆ। ਏਨੀ ਜ਼ੋਰ ਨਾਲ਼ ਸਿਰ ਤੋਂ ਲਿਆ

ਕੇ ਕੁਹਾੜੀ ਮਾਰੀ ਕਿ ਦਸਤਾ ਵੀ ਅੱਧ ਵਿੱਚੋਂ ਟੁੱਟ ਗਿਆ, ਤੇ ਕੁਹਾੜੀ ਉਵੇਂ ਹੀ ਅੱਧੇ ਦੱਸਤੇ ਨਾਲ਼ ਪਲਪਾੜ ਵਿੱਚ ਖੁੱਬੀ ਰਹਿ ਗਈ। ਟੁੱਟੇ ਦਸਤੇ ਨੂੰ ਹੱਥ ਵਿੱਚ ਫੜ ਕੇ ਉਵੇ ਹੀ ਮੰਜੇ ਕੋਲ਼ ਆ ਗਿਆ।

ਥੱਲੇ ਪੱਲੀ ਵਿਛਾ ਕੇ ਲਾਸ਼ ਨੂੰ ਮੰਜੇ ਤੋਂ ਲਾਹ ਕੇ ਰੱਖ ਲਿਆ। ਅਜੈਵ ਨੂੰ ਹੱਥ ਵੀ ਨਹੀਂ ਸੀ ਲਾਉਣ ਦਿੱਤਾ। ਲੱਤਾਂ ਬਲੌਰੇ ਨੇ ਫੜ ਲਈਆਂ ਤੇ ਮੌਰਾਂ ਤੋਂ ਹੱਥ ਦੀਸਾਂ ਨੇ ਪਾ ਲਏ।

'ਨਾ..ਨਾ' ਉਹਨੇ ਛੇਤੀ ਨਾਲ਼ ਵਰਜ ਦਿੱਤਾ, 'ਏਥੋਂ ਨਾ ਹੱਥ ਪਾ, ਬੇਬੇ ਦੇ ਮੌਰਾਂ ਵਿੱਚਲੀ ਫਿਨਸੀ ਦੁਖ-ਜੂ, ਕੱਛਾਂ ਚ ਹੱਥ ਪਾ-ਲੈ'।

ਦੀਸਾਂ ਦਾ ਡਰ ਨਾਲ਼ ਰੋਮ-ਰੋਮ ਕੰਬਣੀ ਵਿੱਚ ਗੋਤਾ ਮਾਰ ਗਿਆ। ਕਿਤੇ ਬਲੌਰੇ ਨੂੰ ਹੇਜ ਆਉਣ ਕਰਕੇ ਕਸਰ ਤਾਂ ਨਹੀਂ ਹੋ ਗਈ। ਜੇ ਇਉਂ ਹੋ ਗਿਆ ਤਾਂ ਇਸ ਘਰ ਦੇ ਆਖ਼ਰੀ ਉਮੀਦ ਦੇ ਦੀਵੇ ਨੂੰ ਵੀ ਫੂਕ ਵੱਜ ਜਾਣੀ ਸੀ।

'ਦਵਾ ਦਵ ਚੱਲੋ ਜਾਰ, ਮਿੱਟੀ ਕਿਉਂਟ ਕੇ ਵਿਹਲੇ ਹੋਈਏ, ਫੇਰ ਕਣਕ ਵੀ ਅੰਦਰ ਕਰਨੀ ਐ, ਮੈਨੂੰ ਤਾਂ ਪਤਾ ਹੀ ਨਹੀਂ ਲੱਗਿਆ ਕਦੋਂ ਏਹ ਭਾਣਾ ਵਰਤ ਗਿਐ' ਨਾਲ਼ ਹੀ ਅਕਾਸ਼ ਵੱਲ ਵੇਖ ਕੇ ਬਚਨ ਨੇ ਬੱਦਲਾਂ ਦੀ ਗਹਿਰ ਚੜ੍ਹੀ ਵੇਖ ਕੇ ਮੀਂਹ ਪੈ ਜਾਣ ਦਾ ਫ਼ਿਕਰ ਕੀਤਾ।

ਇਹ ਵਲੇਲ ਬਲੌਰੇ ਦੇ ਕੰਨਾਂ ਵਿੱਚ ਪਈ ਤਾਂ ਉਹਨੇ ਕੰਧੋਲੀ ਤੇ ਪਿਆ ਘੋਟਣਾ ਚੱਕ ਲਿਆ, 'ਮੀਂਹ ਜਦੋਂ ਆਊ ਕੇ ਨਾ ਆਊ ਵੇਖੀ ਜੈਸੀ, ਭੰਗ ਦੇ ਭਾਣੇ ਮੈਥੋਂ ਐਵੇਂ ਚੁਕਣਾ ਨਾ ਤੁੜਾ-ਲੀਂ, ਵੱਡੇ ਬੰਦੇ ਦੇ ਕੁਕੜ ਮਰੇ ਤੇ ਸਿਵਿਆਂ ਨੂੰ ਬੂਥ ਚਾਕੇ ਤੁਰ ਪੈਂਦੀ ਐ ਦੁਨੀਆ' ਫੇਰ ਚਾਦਰੇ ਦੇ ਲੜ ਚੱਕ ਕੇ ਨੇਫ਼ੇ ਵਿੱਚ ਅੜੁੰਗ ਕੇ ਲਾਂਗੜ ਕੱਢ ਲਿਆ ਤੇ ਬੋਲਿਆ, 'ਜੀਹਨੇ ਵੀ ਰੋਣਾ ਮੇਰੀ ਬਿਨੀ ਐ, ਆਵੇ ਹੱਥ ਬੈਧੇ ਐ, ਮੇਰੀ ਬੇਬੇ ਨੂੰ ਰੋਣ ਐਵੇਂ ਕੜਚੋਲਰ ਪਾਉਣ ਦੀ ਲੋੜ ਨ੍ਹੀ, ਚੁੱਪ-ਮਤੇ ਨਾਲ਼ ਘਰੇ ਅੱਪੜੋ ਆਵਦੇ, ਨੌਤੀ ਸੌ ਕੰਮ-ਧੰਦੇ ਹੋਣੇਂ ਆ ਥੋਨੂੰ ਵੀ..'।

ਸਾਰੇ ਬੰਦੇ ਇੱਕ-ਦੂਜੇ ਦੇ ਚਿਹਰਿਆਂ ਵੱਲ ਸਹਿਮ ਕੇ ਵੇਖਣ ਲੱਗੇ। ਕਿਸੇ ਨੇ ਬੋਲ ਨਹੀਂ ਕੱਢਿਆ, ਜੋ ਲੋਕ-ਲੱਜ ਨਿਭਾਉਣ ਲਈ ਆਏ ਸੀ, ਤੇ ਆਪਸ ਵਿੱਚ ਆਪਣੀ ਕਬੀਲਦਾਰੀ ਦੀਆਂ ਗੱਲਾਂ ਕਰਨ ਲੱਗ ਪਏ।

ਦੀਸਾਂ ਕੰਧ ਬਣੀ ਬੈਠੀ ਸੀ। ਨਸੀਬੋ ਦੇ ਪੈਰਾਂ ਵਾਲ਼ੇ ਪਾਸੇ ਦੀ ਉਹਦੇ ਵੱਲ ਵੇਖੀ ਗਈ ਤੇ ਅਜੈਬ ਨੇ ਮੌਤ ਦਾ ਅਫਸੋਸ ਕਰਦੇ ਨੇ ਆਖਿਆ, 'ਬਾਲ੍ਹਾ ਮਾੜਾ ਹੋਇਆ ਸਉਰੇ ਦੀ ਮੈਥੋਂ ਪਹਿਲਾਂ ਈ ਤੁਰ-ਗੀ' ਚਿੱਤ ਵਿੱਚ ਬੀੜੀ ਪੀਣ ਦੀ ਲਿਲਕ ਪਈ ਸੀ।

'ਟਿਕ ਜਾ ਟਿਕ' ਬਲੌਰੇ ਨੂੰ ਸੀਨੇ ਵਿੱਚ ਰੜਕ ਪਈ, 'ਬਹੁਤ ਚੰਗਾ ਹੋਇਆ ਕੋਈ ਮਾੜਾ ਨੀ ਹੋਇਆ, ਤੈਥੋਂ ਬਾਹਲੀ ਆਉਖੀ ਸੀ ਖਰੇ ਮਾਰ ਕੇ ਈ ਸਾਉਖੀ ਹੋ-ਜਾਵੇ, ਆਹ ਪਈ ਐ ਪੁੱਛ ਕੇ ਵੇਖ ਲਾ' ਉਹਨੇ ਨਸੀਬੋ ਦੇ ਚਿਹਰੇ ਉੱਤੋਂ ਸੂਤੀ ਲੀੜੇ ਦਾ ਕਫਨ ਖਿਚ ਕੇ ਲਾਹ ਦਿੱਤਾ। ਬੁਲ੍ਹ ਇਉਂ ਘੁੱਟੇ ਪਈ ਸੀ ਜਿਵੇਂ ਉਹ ਸਾਰਿਆਂ ਤੇ

ਹੀ ਹੱਸਦੀ ਹੋਵੇ।

ਪਿਛਲੇ ਕਈ ਦਿਨਾਂ ਤੋਂ ਨਸੀਬੋ ਨੇ ਘਿਉ ਨਾਲ਼ ਚੋਪੜੀ ਰੋਟੀ ਖਾਣੀ ਵੀ ਬੰਦ ਕਰ ਦਿੱਤੀ ਸੀ। ਖ਼ੁਸ਼ਕ ਦਾਲ਼ ਤੇ ਫੁਲਕਾ ਖਾਂਦੀ। ਛੱਤੜੇ ਦੀ ਗੁੱਠ ਵਿੱਚ ਪਈਆਂ ਲੱਕੜਾਂ ਤੇ ਪੱਲੀ ਵਿਛਾ ਕੇ ਰੱਖਦੀ, ਕਿਤੇ ਮੀਂਹ ਝੱਖੜ ਵਿੱਚ ਨਾ ਸਲ੍ਹਾਬ ਜਾਣ। ਇਹਨਾਂ ਨੂੰ ਉਹਨੇ ਹੱਥੀਂ ਚੁਗ-ਚੁਗ ਕੇ ਇੱਕਠਾ ਕੀਤਾ ਸੀ।

ਤੇ ਪੱਲੀ ਪਾਉਂਦੀ ਹੋਈ ਟੋਕਣ ਵਾਲ਼ੇ ਨੂੰ ਆਖਦੀ, 'ਪੁੱਤ ਬੰਦੇ ਨੂੰ ਆਵਦੇ ਫੂਕਣ ਜੋਗੀਆਂ ਲੱਕੜਾਂ ਤਾਂ ਆਪ ਕੱਠੀਆਂ ਕਰ ਲੈਣੀਆਂ ਹੀ ਠੀਕ ਰਹਿੰਦੈ, ਜਿਦੋਂ ਜਲੋਰ ਸੂੰ ਪੂਰਾ ਹੋਇਆ ਸੀਗਾ ਤਾਂ ਉਦੋਂ ਭਾਈ ਸੁੱਕਾ ਬਾਲਣ ਨਾ ਲੱਭੇ, ਸਿਵਾ ਫੂਕਣ ਲਈ' ਠੋਡੀ ਤੇ ਉਂਗਲ ਧਰ ਕੇ, 'ਵਚਾਰਾ ਮਸਾਂ ਈ ਅਧ-ਭੁੰਨਿਆ ਜਾ ਸੜਿਆ'।

'ਅੱਛਾ, ਐਸ ਸਾਬ ਨਾਲ਼ ਤਾਂ ਬੇਬੇ ਬੰਦੇ ਨੂੰ ਆਵਦੇ ਬਾਲਣ ਦਾ ਇੰਤਜ਼ਾਮ ਕਰਨ ਲਈ ਇੱਕ ਅੱਧ-ਰੁੱਖ ਵੀ ਲਾਉਣਾ ਚਾਹੀਦੈ, ਕ-ਨਾਂ..' ਦੀਸਾਂ ਵੀ ਅੱਗੋਂ ਐਵੇਂ ਹੀ ਫੋਕੀ ਹਾਮੀ ਭਰ ਕੇ ਮਿਚਕ-ਮੀਣੀ ਹੋ ਬੈਠੀ ਰਹਿੰਦੀ।

'ਜੀਹਨੂੰ ਭਾਈ ਚੰਗੂ ਸੜਨਾ ਵੀ ਨਸੀਬ ਨਾ ਹੋਵੇ, ਕੀ ਡੱਫਣਾ ਐਵਜੀ ਸਰਦਾਰੀ ਨੂੰ' ਝੁਰੜੀਆਂ ਦੇ ਜਾਲ ਨਾਲ਼ ਬੁਣੀਆਂ ਬਾਹਾਂ ਤੇ ਲੱਗੀ ਸਿੱਕਰੀ ਝਾੜ੍ਹਦੀ ਹੋਈ ਬੋਲਦੀ, 'ਘਿਓ ਦੀ ਮਾਲਸ਼ ਕਰਦਾ ਰਿਹਾ, ਖੀਰ ਤੀਕ...'।

'ਬੇਬੇ ਚੋਪੜੀ ਰੋਟੀ ਛਕ ਲਿਆ ਕਰ ਦੇਹ ਚ ਸਤਿਆ ਪਵੇ' ਕੋਲ਼ ਬੈਠੇ ਬਲੌਰੇ ਨੇ ਤੰਦ ਦੇੜੀ ਤੇ ਕੂੰਡੇ ਵਿਚ ਰੋਟੀ ਘਸਾ ਕੇ ਮਿੱਸੀ ਕਰ ਲਈ ਤੇ ਪੋਪਲਾ ਬਣਾ ਕੇ ਦੰਦੀ ਵੱਢ ਕੇ ਖਾਣ ਲੱਗਿਆ।

ਸੋਟੀ ਨਾਲ਼ ਉਹਦੇ ਹੁੱਜ ਮਾਰ ਕੇ, ਖਚਰੀ ਬਣ ਕੇ ਹੱਸ ਪਈ, 'ਰੈਣ ਦੇ ਵੇ ਮੱਤਾਂ ਦੇਣ ਨੂੰ, ਮੈਂ ਕੇੜ੍ਹਾ ਤਾਂਅ ਜਾ ਕੇ ਇੰਦਰ ਦੇ ਅਖਾੜੇ ਚ ਘੋਲ ਕਰਨਾ..'।

ਬਲੌਰਾ ਵੀ ਸੱਥਰ ਤੇ ਬੈਠਾ ਤਾੜ੍ਹੀ ਮਾਰ ਕੇ ਹੱਸ ਪਿਆ। ਗੋਢਾ ਨਿਵਾਉਣ ਆਏ ਸਾਰੇ ਬੰਦੇ ਉਹਦਾ ਹਾਸਾ ਸੁਣ ਕੇ, ਹੈਰਾਨੀ ਨਾਲ਼ ਕਿਸੇ ਅਣਹੋਣੀ ਦੇ ਡਰ ਵਿੱਚ ਵੇਖਣ ਲੱਗੇ ਤੇ ਉਹ ਉਵੇਂ ਹੀ ਬੈਠਾ ਸਿਰ ਹਿਲਾ ਕੇ ਬੋਲੀ ਗਿਆ, 'ਵਾਹ ਨੀ ਬੇਬੇ ਤੇਰੇ ਵੀ ਨਾ...'।

ਨਸੀਬੋ ਨੂੰ ਚਾਰਾਂ ਬੁੜੀਆਂ ਨੇ ਸੁਆਤ ਦੇ ਅੱਗੇ ਚਾਰ-ਪੰਜ ਮੰਜੇ ਟੇਢੇ ਕਰਕੇ ਨੁਹਾਇਆ ਤੇ ਨਵੀਂ ਕਢਾਈ ਵਾਲ਼ਾ ਸੂਟ ਪੁਵਾ ਕੇ ਸੀੜ੍ਹੀ ਤੇ ਪਾ ਕੇ ਤਣੀਆਂ ਬੰਨ੍ਹ ਦਿੱਤੀਆਂ। ਉਹ ਬੁੱਢ ਸੁਹਾਗਣ ਸੀ, ਉਹ ਦੀ ਮਾਂਗ ਵਿੱਚ ਦੀਸਾਂ ਸੰਧੂਰ ਦੀ ਚੂੰਡੀ ਭਰ ਕੇ ਪਾਉਣ ਲਈ ਅੱਗੇ ਹੋਈ ਤਾਂ ਬਲੌਰੇ ਨੇ ਘੂਰੀ ਵੱਟ ਕੇ ਰੋਕ ਦਿੱਤਾ, 'ਹੁਣ ਤੇ ਏਨੂੰ ਆਵਦੀ ਮਨ ਆਈ ਕਰ ਲੈਣ ਦੇ, ਕਾਂਹਤੋ ਹਲੇ ਵੀ ਜੂੜ ਪਾਈ ਜਾਨੀ ਐਂ''। ਸੁਣਦੇ ਸਾਰ ਈ ਦੀਸਾਂ ਨੇ ਸੰਧੂਰ ਵਾਲ਼ੀ ਡੱਬੀ ਕੋਠੇ ਤੇ ਸੁੱਟ ਦਿੱਤੀ। ਡੱਬੀ ਬਨੇਰੇ ਨਾਲ਼ ਵੱਜ ਕੇ ਖੁੱਲ੍ਹ ਗਈ ਤੇ ਸੰਧੂਰ ਹਵਾ ਵਿੱਚ ਖਿੰਡ ਗਿਆ। ਡੱਬੀ ਦਾ ਇੱਕ ਹਿੱਸਾ ਹੌਲ਼ੀ-ਹੌਲ਼ੀ ਰੁੜ੍ਹ ਕੇ ਅਜੈਬ ਦੇ ਪੈਰਾਂ ਵਿੱਚ ਆ ਕੇ ਡਿੱਗ ਪਿਆ।

'ਚਲੋ ਬੀ, ਦਿਨ ਦਾ ਛਿਪਾ ਹੋਈ ਜਾਂਦੈ..'।

ਸਾਰੇ ਬੰਦੇ ਕੁੜਤੇ ਤੇ ਚਾਦਰੇ ਹੱਥ ਨਾਲ਼ ਝਾੜਦੇ, ਸਿਵੇ ਵੱਲ ਜਾਣ ਲਈ ਖੜ੍ਹੇ ਹੋ ਗਏ। ਦੋ ਕੁ ਬੰਦੇ ਪਾਣੀ ਨਾਲ਼ ਪੰਜ ਇਸਨਾਨਾ ਕਰਕੇ ਕਾਨੀ ਲੱਗਣ ਲਈ ਅੱਗੇ ਆਏ ਤਾਂ ਬਲੌਰੇ ਨੇ ਪੈਰ ਵਿੱਚੋਂ ਛਿੱਤਰ ਲਾਹ ਲਿਆ, 'ਖਵੀੜ ਫੇਰੂੰ ਜੇ ਕਿਸੇ ਨੇ ਹੱਥ ਲਾਇਆ ਤਾਂ, ਦੋ ਸੇਰ ਛੋਲੇ ਪੈਂਦੇ ਆ ਏਹਦੇ ਚ..'।

ਉਹ ਸਾਰੇ ਇੱਕ ਦੂਜੇ ਵੱਲ ਵੇਖ ਕੇ ਆਪਣੀ ਥਾਂ ਤੋਂ ਇੱਕ-ਇੱਕ ਕਦਮ ਪਿੱਛੇ ਹਟ ਗਏ।

'ਕਿਸੇ ਨੇ ਬਾਤ ਨਈਂ ਪੁੱਛੀ, ਮੇਰੀ ਬੇਬੇ ਲਈ ਜਿਉਂਦੇ ਜੀਅ ਸਾਰਾ ਪਿੰਡ ਮਰਿਆ ਵਿਆ ਸੀਗਾ, ਅੱਜ ਬੇਬੇ ਪਿੰਡ ਲਈ ਮਰ-ਗੀ, ਕਾਈ ਪਰਲੋ ਨ੍ਹੀ ਆ-ਗੀ'। ਉਹਨੇ ਸਾਰੇ ਸੱਥਰ ਤੇ ਤਰਦੀ ਨਿਗ੍ਹਾ ਮਾਰੀ ਤੇ ਨਿਰਖ ਨਾਲ਼ ਹਰ ਇੱਕ ਦਾ ਚਿਹਰਾ ਵੇਖਿਆ, ਖਾਸ ਕਰਕੇ ਅੱਖਾਂ ਵਿੱਚ। ਫਿਰ ਉਹਨੇ ਜੁੱਤੀ ਥੱਲੇ ਸੁੱਟ ਕੇ ਹੱਥ ਝਾੜਦੇ ਹੋਇਆਂ ਪੈਰ ਵਿੱਚ ਪਾ ਲਈ। ਕੋਈ ਬੰਦਾ ਉਹਨੂੰ ਨਸੀਬੋ ਦੇ ਕਾਨੀ ਲੱਗਣ ਦੇ ਕਾਬਲ ਨਹੀਂ ਸੀ ਲੱਭਿਆ। ਬੂਹੇ ਵਿੱਚ ਮੰਗ ਕੇ ਲਿਆਂਦੀ ਘੀਚਰ ਕੀ ਬਲਦ-ਗੱਡੀ ਨੂੰ ਰੋੜ੍ਹ ਕੇ ਲਾਸ਼ ਕੋਲ਼ ਕਰ ਲਿਆ।

'ਆਹ ਪਵਾਈ ਹੱਥ ਦੀਸਾਂ' ਦੋਵਾਂ ਨੇ ਸੀੜ੍ਹੀ ਚੱਕ ਕੇ ਗੱਡੀ ਤੇ ਰੱਖ ਲਈ। ਬਲਦ ਜੋੜ ਕੇ ਸਿਵੇ ਵੱਲ ਤੁਰ ਪਿਆ। ਕੱਚੇ-ਮਿੱਸੇ ਹੋਏ ਸਾਰੇ ਬੰਦੇ ਵੀ ਪਿੱਛੇ ਲੱਗ ਤੁਰੇ। ਕੋਈ ਵੀ ਕੁਸਕਿਆ ਨਹੀਂ ਡਰਦਾ ਮਾਰਿਆ। ਗੱਡੀ ਤੇ ਬੈਠਾ ਹੋਇਆ, ਉਹ ਨਸੀਬ ਦੇ ਮੌਰਾਂ ਤੇ ਦੀਵੇ ਦੀ ਲਾਟ ਉੱਤੇ ਕਲਕਾਏ ਸਰੋਂ ਦੇ ਤੇਲ ਦੀ ਮਾਲਸ਼ ਕਰਦਾ ਰਿਹਾ। ਫੇਰ ਲੱਤਾਂ ਨੂੰ ਮੰਡਣ ਲੱਗ ਪਿਆ। ਅੱਧੇ ਬੰਦੇ ਤਾਂ ਰਾਹ ਵਿੱਚੋਂ ਹੀ ਪਿੱਛੇ ਮੁੜ ਗਏ, ਸਿਵੇ ਤੱਕ ਵੀ ਨਹੀਂ ਆਏ।

ਪਿੰਡ ਵਿੱਚੋਂ ਤਾਂ ਭਾਂਵੇ ਸਿਵੇ ਨੂੰ ਇੱਕ ਰਾਹ ਈ ਆਉਂਦਾ ਸੀ, ਪਰ ਅੱਗੇ ਜਾ ਕੇ, ਜਿੱਥੇ ਦੋਵੇਂ ਪਾਸੇ ਈ ਕਾਨਿਆਂ ਅਤੇ ਕਸੀਰਾਂ ਦੇ ਵੱਡੇ-ਵੱਡੇ ਝੁੰਡ ਸੀ, ਇਹਦੇ ਚੋਂ ਦੋ ਰਾਹ ਬਣ ਜਾਂਦੇ। ਇਕ ਰਾਹ ਤਾਂ ਮਜ਼ਬੀਆਂ ਦੇ ਸਿਵੇ ਵੱਲ ਮੁੜ ਪੈਂਦਾ ਤੇ ਦੂਜਾ ਰਾਹ ਸਿੱਧਾ ਹੀ ਜ਼ਿਮੀਦਾਰਾਂ ਦੇ ਸਿਵੇ ਵਿੱਚ ਜਾ ਕੇ ਮੁੱਕ ਜਾਂਦਾ। ਉਹਨੇ ਬਲਦ ਦੀ ਲਗਾਮ ਖਿੱਚ ਕੇ, 'ਠੱਠਾ-ਠੱਠਾ' ਕਹਿ ਕੇ ਖੱਬੇ ਪਾਸੇ ਮੋੜਿਆ ਤਾਂ ਬਾਬੇ ਆਸੇ ਦੇ ਪੈਰਾਂ ਵਿੱਚ ਫੁਰਤੀ ਆ ਗਈ। ਉਹਨੇ ਬੁੱਲ੍ਹ ਜੋੜ ਕੇ, 'ਮੂਅ..!' ਦੀ ਬੁਸ਼ਕਰ ਮਾਰੀ ਤੇ ਬਲਦ ਨੂੰ ਰੋਕਿਆ, 'ਓਏ ਸ਼ੇਰ ਬੱਗਿਆ ਤੂੰ ਲੱਗਦਾ ਗੱਡੀ ਪੁੱਠੇ ਬੰਨੇ ਮੋੜ-ਲੀ, ਆਪਣੇ ਸਿਵੇ ਤਾਂ ਦੂਏ ਪਾਸੇ ਰਹਿ-ਗੇ' ਬਲਦ ਦੀ ਨੱਥ ਫੜ੍ਹ ਕੇ ਪਿੱਛੇ ਮੋੜਣ ਲੱਗਿਆ ਤਾਂ ਬਲੌਰੇ ਨੇ ਰੱਸੇ ਨੂੰ ਤੁਣਕਾ ਮਾਰ ਕੇ, ਉਹਨੂੰ ਰੋਕ ਦਿੱਤਾ।

ਫਿਰ ਬਲੌਰੇ ਨੂੰ ਪਿੰਡ ਦੇ ਸਿਵਿਆਂ ਵੱਲ ਵੇਖਿਆ, ਜੀਹਦੇ ਵਿੱਚ ਵੱਡੇ-ਵੱਡੇ ਜਾਮਣਾਂ ਦੇ ਰੁੱਖ ਲੱਗੇ ਸੀ, ਤੇ ਕੰਧਾਂ ਨੂੰ ਕਲੀ ਕੀਤੀ ਸੀ। ਕਿੰਨੀਆਂ ਈ ਵੱਡੀਆਂ-ਵੱਡੀਆਂ ਮੜ੍ਹੀਆਂ ਬਣਾ ਕੇ, ਕਲ਼ੀ ਕੀਤੀਆਂ ਹੋਈਆਂ ਸੀ। ਉਹਨੂੰ ਉਮਰ ਭੋਗ ਕੇ ਮਰੇ ਆਪਣੇ ਭੜੱਪੇ ਦੇ ਬੰਦਿਆਂ ਦੇ ਚਿਹਰੇ ਯਾਦ ਆਉਣ ਲੱਗੇ, ਜੋ ਹਮੇਸ਼ਾ ਹੀ ਕਿਸੇ

ਤਾਕ ਵਿੱਚ ਰਹਿੰਦੇ ਸੀ। ਤੇ ਫੇਰ ਅੱਖਾਂ ਬੰਦ ਕਰੀਆਂ ਤਾਂ ਉਹਨੂੰ ਸਭ ਤੋਂ ਪਹਿਲਾਂ ਗੇਲੋ ਮਹਿਰੀ ਯਾਦ ਆਈ, ਜੋ ਨਸੀਬੋ ਦੇ ਮੌਰਾਂ ਵਿੱਚ ਨਿਕਲੀ ਫਿਨਸੀ ਤੇ ਰਸੌਤਾਂ ਲਾਉਂਦੀ ਸੀ। ਇਉਂ ਸਭ ਦਾ ਧਿਆਨ ਰੱਖ ਕੇ ਬੋਲਿਆ, 'ਚਾਚਾ ਆਹ ਬੰਦੇ ਤਾਂ ਜਿਉਂਦੇ ਜੀਅ ਕਦੇ ਧੇਲੇ ਦੇ ਕੰਮ ਨੀ ਆਏ, ਮਰ ਕੇ ਤਾਂ ਫੇਰ ਮੂੰਹ ਚ ਖਿਲ੍ਹਾਂ ਕੀ ਪਾਉਣ-ਗੇ' ਤੇ ਫੇਰ ਦੂਜੇ ਸਿਵੇ ਵੱਲ ਵੇਖਦਾ ਬੋਲਿਆ, 'ਤੇ ਆਹ ਕੰਮੀ-ਕਮੀਣ ਤਾਂ ਮੋਡੇ ਨਾ ਮੋਡਾ ਜੋੜ ਕੇ ਚੰਮ ਜੋਤਦੇ ਮਰੇ ਐ, ਖਰੇ ਕਿਤੇ ਹੁਣ ਵੀ ਬੇਬੇ ਦਾ ਆਖਾ ਮੰਨ ਕੇ ਪਾਣੀ  ਦੀ ਚੂਲ੍ਹੀ ਫੜ੍ਹਾ ਦੇਣ...' ਬਾਬੇ ਆਸੇ ਦਾ ਹੱਥ ਨੱਥ ਨੂੰ ਛੱਡ ਕੇ ਫੇਰ ਖੂੰਡੇ ਤੇ ਟਿਕ ਗਿਆ ਤੇ ਉਹ ਦੋ ਪੈਰ ਪਿੱਛੇ ਹੋ ਕੇ ਰਾਹ ਪੈ ਗਿਆ। ਬਲਦ ਵੀ ਆਪੇ ਹੀ ਚਲ ਪਿਆ। ਲੋਕਾਂ ਨੇ, ਜੋ ਕੰਮੀ-ਕਮੀਣ ਸੀ, ਉਨ੍ਹਾਂ ਨੇ ਤਾਂ ਪੂਰੀ ਹੈਰਾਨੀ ਮੰਨੀ, ਪਰ ਜਿੰਮੀਦਾਰਾਂ ਨੇ ਇਹਦਾ ਬਹੁਤ ਬੁਰਾ ਮਨਾਇਆ, ਚਾਹੇ ਕੋਈ ਮੌਕੇ ਤੇ ਨਹੀਂ ਸੀ ਕੁਸਕਿਆ

ਦੋਵਾਂ ਨੇ ਮਿਲ ਕੇ ਹੀ ਲਾਸ਼ ਨੂੰ ਚਿਖਾ ਤੇ ਰੱਖਿਆ ਤਾਂ ਚਿੱਤ ਥੋੜ੍ਹਾ ਜਿਹਾ ਆਉਖਾ ਹੋ ਗਿਆ। ਢਿੱਡ ਦੀ ਪੀੜ ਉੱਠੀ, ਪਰ ਉਹਨੇ ਪਰਵਾਹ ਨਹੀਂ ਕੀਤੀ। ਸਾਫਾ ਸਿਰ ਤੋਂ ਲਾਹ ਕੇ ਗੰਢ ਮਾਰ ਕੇ, ਧੁੰਨੀ ਤੇ ਕਰਕੇ ਘੁੱਟ ਕੇ ਬੰਨ੍ਹ ਲਿਆ ਤੇ ਅੱਗੇ ਹੋ ਕੇ ਲੱਕੜਾਂ ਚਿਣਨ ਲੱਗ ਪਿਆ। ਕਿਸੇ ਤੀਵੀਂ ਨੇ ਜਾਂਦੀ ਵਾਰ ਦੀ ਮਾਨਸ ਵਡਿਆਈ ਕਰਨ ਦੀ ਰਸਮ ਅਦਾ ਕੀਤੀ, 'ਚੰਗਾ ਵਾਜਾ ਵਜਾ-ਗੀ, ਭਾਗਾਂ ਆਲ਼ੀ ਨੂੰ ਸੁਰਗਾਂ ਚ ਢੋਈ ਦੇਵੇ ਰੱਬ..'।

'ਮੈਨੂੰ ਤਾਂ ਏਹਦੇ ਭਾਗ ਨਈਂ ਦਿਸੇ, ਜੰਮਣ ਤੋਂ ਲੈ ਕੇ ਹੁਣ ਤੀਕ ਨਾਲ਼ੇ ਰਿਹਾਂ, ਨੌ ਮਹੀਨੇ ਢਿੱਡ ਚ ਵੀ ਕੱਟੇ ਐ' ਗੁੱਸਾ ਖਾ ਕੇ ਡੰਮਰੂ ਵਾਂਗ ਸਿਰ ਫੇਰਿਆ ਨਾਂਹ ਵਿੱਚ, 'ਆਵਦੇ ਘਰੇ ਤਾਂ ਉਹਨੇ ਕੋਈ ਸੌਖਿਆਈ ਨੀ ਕੱਟਣ ਦਿੱਤੀ, ਸੁਰਗਾਂ ਚ ਭੜੋਲੇ ਕਿੱਥੋਂ ਛੱਡਦੂ' ਵਗਦੀ ਤੇਜ਼ ਹਵਾ ਨਾਲ਼ ਉਹਦਾ ਚਾਦਰਾ ਪੱਟਾਂ ਤੱਕ ਉੱਡਿਆ। ਭੀੜ ਵਿੱਚ ਖੜ੍ਹੇ ਬਚਨ ਨੇ ਨੀਵੀਂ ਨਹੀਂ ਉੱਤੇ ਚੱਕੀ, ਸਗੋਂ ਅੱਗੇ ਖੜ੍ਹੇ ਬਾਬੇ ਆਸੇ ਦੇ ਪਿੱਛੇ ਲੁਕ ਕੇ, ਧੌਣ ਟੇਢੀ ਕਰਕੇ ਸੱਜੀ ਕੱਛ ਕੋਲ਼ ਦੀ ਵੇਖਣ ਲੱਗਿਆ। ਬਲੌਰੇ ਨੇ ਹਰਖ਼ ਚ ਰੱਤੀਆਂ ਅੱਖਾਂ ਨਾਲ਼ ਸਾਰਿਆਂ ਨੂੰ ਘੂਰ ਕੇ ਕਿਹਾ, 'ਏਹ ਮੇਰੀ ਬੇਬੇ ਐ ਮੇਰੀ' ਹਿੱਕ ਥਾਪੜ ਗਿਆ, 'ਏਨੂੰ ਚਾਹੇ ਮੈਂ ਫੂਕਾਂ ਚਾਹੇ ਵਾਹਣ ਚ ਘੜੀਸਾਂ, ਥੋਨੂੰ ਏਹਦੇ ਨਾਲ਼ ਕਾਈ ਮਤਲਵ ਨ੍ਹੀ, ਗੇਢਾ ਨਿਵੌਣ ਆਏ ਆਂ ਠੀਕ ਐ, ਖੇਖਣ ਕਰੇ ਤਾਂ ਉਲਟਾ ਗੋਡੇ ਤੜਵਾਲੌਂ-ਗੇ।'

ਦੀਸਾਂ ਨੇ ਅੱਗੇ ਵੱਧ ਕੇ ਚਿਖਾ ਨੂੰ ਲਾਬੂੰ ਲਾ ਦਿੱਤਾ।

ਦੋਵੇਂ ਹੱਥ ਜੋੜ ਕੇ ਬਲੌਰੇ ਨੇ ਸਿਰ ਤੋਂ ਉੱਤੇ ਚੱਕ ਕੇ, ਪੁੱਠਾ ਹੱਥ ਮਾਰਦੇ ਹੋਇਆਂ ਕਿਹਾ, 'ਬੌਤ ਅਫਸੋਸ ਹੋ ਗਿਆ ਜੀ, ਹੁਣ ਵੱਟ- ਜੋ ਛੂਟ ਏਥੋਂ"।

ਕੱਲ੍ਹ ਸ਼ਾਮ ਨੂੰ ਕਾਕੜੇ ਪੈਣ ਕਰਕੇ ਪੂਰੇ ਠੰਢ ਸੀ। ਬੇ-ਮੌਸਮੀ ਠੰਢੀ ਹਵਾ ਦੇ ਝੋਕੇ ਨਾਲ਼ ਉਹ ਥੋੜ੍ਹਾ ਠਰ ਕੇ ਕੰਬ ਗਿਆ। ਅੱਧੀ ਰਾਤ ਨੂੰ ਤਾਪ ਵੀ ਚੜ੍ਹ ਗਿਆ ਸੀ। ਪਾਲ਼ਾ ਲੱਗਣ ਕਰਕੇ ਬਲੌਰਾ ਅੱਗੇ ਹੋ ਕੇ ਸਿਵੇ ਦੀ ਅੱਗ ਸੇਕਣ ਲੱਗ ਪਿਆ

ਤਾਂ ਉਹਨੂੰ ਨਿੱਘੀ ਰਜਾਈ ਜਿਹਾ ਨਿੱਘ ਆਇਆ। ਫੇਰ ਪਤਾ ਨਹੀਂ ਚਿੱਤ ਵਿੱਚ ਕੀ ਆਈ, 'ਓਏ ਥੋਡੀ ਨੂੰ!' ਤੇ ਲਾਂਗੜ ਕੱਢ ਕੇ ਸਿਵੇ ਵਿੱਚੋਂ ਭੱਜ ਗਿਆ।

'ਹਿਲ ਗਿਆ' ਬਚਨੇ ਨੇ ਨਾਲ਼ ਖੜੇ ਅੰਗਰੇਜ਼ ਦੇ ਕੰਨ ਵਿੱਚ ਫੂਕ ਮਾਰੀ।

'ਲੱਛਣਾਂ ਤੋਂ ਏਹੀ ਲੱਗਦੈ' ਮੂੰਹ ਢਿੱਲਾ ਕਰਕੇ ਮੋੜ ਦਿੱਤਾ, 'ਆਪਾਂ ਵੀ ਏਥੋਂ ਟਿੱਬ ਈ ਚੱਲੀਏ ਬਚ ਕੇ, ਕਿਤੇ ਭੂਸਰਿਆ ਵਿਆ ਆਪਾਂ ਨੂੰ ਢੁੱਡ ਲੈ ਕੇ ਸਿੱਧਾ ਹੋ-ਜੇ'।

ਘਰ ਤੱਕ ਬਲੌਰਾ ਇੱਕੋ ਸਾਹ ਭੱਜਦਾ ਹੋਇਆ ਆ ਗਿਆ। ਠੇਡਾ ਖਾਣ ਨਾਲ਼ ਪੈਰ ਦੇ ਅੰਗੂਠੇ ਦਾ ਨਹੁੰ ਉੱਚੜ ਕੇ ਪੱਟਿਆ ਗਿਆ। ਸੰਦੂਕ ਵਾਲ਼ੇ ਅੰਦਰ ਵੜ ਗਿਆ। ਕੁੰਡੇ ਨਾਲ਼ ਲਮਕ ਰਿਹਾ ਜਿੰਦਰਾ ਵੇਖ ਕੇ, ਮੱਥੇ ਤੇ ਹੱਥ ਮਾਰ ਕੇ ਬਹਿ ਗਿਆ, 'ਕੁੰਜੀ ਤਾਂ ਭੈਣੇ ਦੇਣ ਦੀ' ਸਾਹ ਲੈਣ ਲਈ ਗੋਡਿਆਂ ਤੇ ਹੱਥ ਰੱਖ ਲਏ, 'ਬੇਬੇ ਦੇ ਨਾਲ਼ੇ ਨਾਲ਼ ਹੀ ਬੱਧੀ ਰਹਿ-ਗੀ'।

ਦਮ ਮਾਰ ਕੇ ਬਾਹਰ ਆ ਗਿਆ ਤਾਂ ਹੱਥ ਦੀ ਠਿੱਬੀ ਨਾਲ਼ ਕੰਧੌਲੀ ਦੀ ਬੁਰਜੀ ਤੋਂ ਉੱਖੜੀ ਇੱਟ ਪੱਟ ਲਈ, ਜਿੰਦਰਾ ਭੰਨ੍ਹਣ ਲਈ ਤਾਂ ਇੰਨੇ ਉਹ ਦੀ ਅੱਖ ਛੱਤੜੇ ਚ ਬੈਠੇ ਅਜੈਬ ਤੇ ਪਈ, ਜੋ ਮਗਨ ਹੋ ਕੇ ਬੀੜ੍ਹੀ ਪੀਵੀ ਜਾਂਦਾ ਸੀ।

ਧੂੰਏ ਦੀ ਲਕੀਰ ਉੱਤੇ ਨੂੰ ਜਾਂਦੀ ਸੀ ਤੇ ਉਹਨੇ ਰੇਤੇ ਦੀ ਮੁੱਠੀ ਭਰ ਕੇ ਧੂੰਏਂ ਦੀ ਸੇਧ ਵਿੱਚ ਉਡਾ ਦਿੱਤੀ। ਉਹ ਦੀਆਂ ਬਿੱਲੀਆਂ ਅੱਖਾਂ ਦੇ ਨੀਲੇ ਅਕਾਸ਼ ਵਿੱਚ ਰੱਤੀ ਭਾਅ ਪਹੁ-ਫੁਟਾਲੇ ਦੀ ਲਾਲੀ ਨਾਲ਼ ਮੇਲ ਖਾਂਦੀ ਸੀ। ਉਹਦੇ ਚਿਹਰੇ ਦੇ ਇਸ ਜਲੌਅ ਨੂੰ ਵੇਖ ਕੇ ਵਿਹੜੇ ਵਿੱਚ ਫਿਰਦੀ ਬੱਕਰੀ ਵੀ ਨਸ਼ਿਆ ਗਈ ਤੇ ਛੜੱਪੇ ਮਾਰ ਕੇ ਨੱਚਣ ਲੱਗ ਪਈ। ਗੋਢਣੀ ਟੇਕ ਕੇ ਬੱਕਰੀ ਨੂੰ ਆਪਣੇ ਗਲ਼ ਨਾਲ਼ ਲਾ ਕੇ ਆਖਿਆ, 'ਲੋਕ ਮੇਰੀ ਬੇਬੇ ਨੂੰ ਰੱਬ ਹੋਣ ਦੀ ਗਾਲ੍ਹ ਕੱਢ ਦੇ ਐ, ਮੈਥੋਂ ਜਾਣੀ ਜਰਿਆ ਨੀ ਜਾਂਦਾ' ਤੇ ਫੇਰ ਬਚਨ ਕੀ ਕਿੱਕਰ ਦੀ ਛਾਂ ਵਿੱਚ ਦੀ ਅਕਾਸ਼ ਵੱਲ ਵੇਖ ਕੇ ਪੱਟ ਤੇ ਥਾਪੀ ਮਾਰੀ, 'ਲਾ-ਲਾ ਜਿੰਨੀ ਵਾਹ ਤੈਥੋਂ ਲੱਗਦੀ ਐ, ਮੰਵੀ ਵੇਖਾਂ ਕਿੰਨਾ ਕੁ ਤੰਤ ਐ ਤੇਰੇ ਝੁੱਗੇ ਚ' ਫੇਰ ਅੱਖਾਂ ਨੂੰ ਸਿਕੋੜ ਕੇ ਨਿੱਕਾ ਕਰ ਲਿਆ, 'ਤੈਥੋਂ ਵਾਲ਼ ਨੀ ਵਿੰਗਾ ਹੋਣਾ, ਏਦੂੰ ਬਾਹਲਾ ਕੀ ਐ ਮਾਰ ਦੇਵੇਂ-ਗਾ, ਪਰ ਚੇਤੇ ਰੱਖੀਂ ਈਨ ਤੈਨੂੰ ਮੇਰੀਉ ਮੰਨਣੀ ਪੈਣੀ ਐ' ਉਹਦੇ ਸਾਹ ਲੈਣ ਦੀ ਸ਼ੂਕਰ ਬੱਕਰੀ ਦੇ ਸਾਹਾਂ ਨਾਲ਼ੋਂ ਉੱਚੀ ਹੋ ਗਈ।

*** *** ***

ਬਲੌਰੇ ਨੇ ਮੰਜੇ ਦੇ ਸੇਰੂ ਤੇ ਚੜ੍ਹ ਕੇ, ਲੰਬੀ ਬਾਂਹ ਕਰਕੇ ਸੰਦੂਕ ਦੀ ਛੱਤ ਤੇ ਪਿਆ ਕਾਪਾ ਚੱਕ ਲਿਆ, ਜੋ ਉਸ ਦਿਨ ਘੀਚਰ ਮੰਜ ਤੇ ਰੱਖ ਗਿਆ ਸੀ। ਸੀਨਾ ਅੰਦਰ ਪਈ ਗੁੱਝੀ ਸ਼ਕਤੀ ਨਾਲ਼ ਤਣਿਆ ਗਿਆ। ਲੋਹੇ ਲੋਹੇ ਦਾ ਫ਼ਰਕ ਹੁੰਦਾ। ਉਹ ਹੱਥ ਵਿੱਚ ਲੋਹੇ ਦੀ ਤੰਗਲੀ ਵੀ ਫੜਦਾ ਹੁੰਦਾ ਸੀ ਤੇ ਦਾਤਰੀ ਵੀ। ਪਰ ਕਦੇ ਇਉਂ ਨਹੀਂ ਸੀ ਜਾਪਿਆ, ਜਿਵੇਂ ਅੱਜ ਆਹ ਕਾਪਾ ਫੜ੍ਹ ਕੇ ਹੋਇਆ ਸੀ।

ਤਿੱਖੀ ਧਾਰ ਤੇ ਉਂਗਲ ਨੂੰ ਜੀਭ ਨਾਲ਼ ਛੁਹਾ ਕੇ ਫੇਰਿਆ ਤਾਂ ਚੀਰ ਫਿਰ ਗਿਆ। ਮੂੰਹ ਵਿੱਚ ਸਿੰਮਦੇ ਲਹੂ ਨੂੰ ਚੂਸਿਆ ਤੇ ਬੋਲਿਆ, 'ਥਿਆਰਾਂ ਦੀ ਜੰਗਾਲ

ਵੀ ਲਹੂ ਨਾਲ਼ ਈ ਲੱਥਦੀ ਐ'।

ਫੇਰ ਉਹਨੂੰ ਆਪਣੇ ਇਹਨਾਂ ਆਖੇ ਬੋਲਾਂ ਤੇ ਹੈਰਾਨੀ ਹੋਈ। ਗਲਾਂਵੇ ਵਿੱਚੋਂ ਦੀ ਛਾਤੀ ਤੇ ਪੂਰੀ ਘੋਖਵੀਂ ਨਿਗ੍ਹਾ ਮਾਰੀ। ਕੌਣ ਹੈ ਜੋ ਉਹਦੇ ਅੰਦਰ ਵੜਿਆ ਬੈਠਾ, ਜੋ ਐਵਜੇ ਦਬਕੇ ਮਾਰੀ ਜਾਂਦਾ। ਫੇਰ ਜੰਗਲੇ ਵਿੱਚ ਦੀ ਉੱਡੇ ਜਾਂਦੇ ਜਨੌਰਾਂ ਵੱਲ ਨਾਂਹ ਵਿੱਚ ਸਿਰ ਫੇਰਿਆ, 'ਅੱਛਾ' ਕਾਪੇ ਨੂੰ ਚਾਦਰੇ ਦੀ ਡੱਬ ਵਿੱਚ ਟੁੰਗ ਕੇ ਉੱਤੋਂ ਦੀ ਕੁੜਤਾ ਕਰ ਲਿਆ। ਆਪ-ਮੁਹਾਰੇ ਈ ਮੁੱਛ ਤੇ ਹੱਥ ਟਿਕ ਗਿਆ, ਵਟਾ ਚਾੜ੍ਹਿਆ। ਚਿਹਰੇ ਦਾ ਮਾਸ ਆਠਰ ਗਿਆ, ਬੁੱਲ੍ਹ ਘੁੱਟੇ ਗਏ।

ਜਦੋਂ ਸੱਥ ਵਿੱਚੋਂ ਲੰਘਣ ਲੱਗਿਆ ਤਾਂ ਕਿਸੇ ਨਾਲ਼ ਵੀ ਦੁਆ ਸਲਾਮ ਨਹੀਂ ਕੀਤੀ। ਉੱਖਲੀ ਵਿੱਚ ਪੈਰ ਵੱਜਿਆ ਤਾਂ ਕਾਪਾ ਡੱਬ ਵਿੱਚੋਂ ਨਿਕਲ਼ ਕੇ ਗਲ਼ੀ ਵਿੱਚ ਥੱਲੇ ਡਿੱਗ ਪਿਆ। ਕਾਪੇ ਦੀ ਚਲਕੋਰ ਖੁੰਡ ਦੇ ਬੈਠੇ ਬੰਦਿਆਂ ਦੀ ਅੱਖ ਡਰ ਨਾਲ਼ ਚੁੰਧਿਆ ਗਈ। ਘਰ ਵਿੱਚ ਸੱਪ ਦੀ ਲੀਹ ਵੇਖ ਕੇ ਜਿਵੇਂ ਸਾਰਾ ਟੱਬਰ ਕਿਸੇ ਕੋਠੜੀ ਵਿੱਚ ਜਾਣ ਤੋਂ ਡਰਦਾ ਹੈ, ਉਵੇਂ ਈ ਉਹ ਕੋਸੇ ਜਿਹੇ ਸਾਹ ਖਿਚ ਗਏ।

ਬਲੌਰੇ ਨੂੰ ਨਵੀਂ ਅੱਚਵੀ ਫੁਰ ਗਈ। ਉਹ ਆਪਣੇ ਤੋਂ ਹੀ ਡਰ ਗਿਆ, ਕਿ ਉਹ ਕਰਦਾ ਕੀ ਫਿਰਦਾ। ਦੋਵੇਂ ਹੱਥ ਜੋੜ ਕੇ ਖੁੰਡ ਤੇ ਬੈਠੇ ਮੋਹਤਵਾਰ ਬੰਦਿਆਂ ਨੂੰ ਫਤਹਿ ਬਲਾਉਣ ਦੀ ਕੋਸ਼ਿਸ਼ ਕੀਤੀ, ਪਰ ਹੱਥ ਜੁੜਦੇ ਹੋਏ ਵੱਖ-ਵੱਖ ਹੋ ਗਏ। ਫੇਰ ਕਾਹਲ਼ੀ ਨਾਲ਼ ਇੱਕ ਹੱਥ ਚੁੱਕਿਆ ਗਿਆ, ਜਿਵੇਂ ਕਿਸੇ ਨਿਆਣੇ ਨੂੰ ਚਪੇੜ ਚੱਕ ਕੇ ਡਰਾਵਾ ਮਾਰੀ ਦਾ ਹੈ। ਥੋੜ੍ਹਾ ਜਿਹਾ ਸਾਹ ਫੇਰ ਆਉਖਾ ਹੋਇਆ ਤੇ ਥੱਲੇ ਪੈਰਾਂ ਵਿੱਚ ਪਿਆ ਕਾਪਾ ਚੱਕ ਕੇ ਹੱਥ ਵਿੱਚ ਫੜ੍ਹ ਲਿਆ ਤੇ ਉੱਤੇ ਸਾਫ਼ਾ ਕਰ ਲਿਆ। ਚਕਵੇਂ ਪੈਰੀਂ ਪਿੱਛੇ ਮੁੜ ਕੇ ਵੇਖਦਾ ਹੋਇਆ, ਸੂਏ ਦੀ ਪੱਟੜੀ ਤੇ ਜਾ ਚੜ੍ਹਿਆ।

'ਲੱਗਦੈ ਕਿਸੇ ਦਾ ਘਾਣ ਹੋਊ' ਬਾਬੇ ਆਸੇ ਨੇ ਬਾਰਾਂ ਬੀਟੀ ਦੇ ਡੱਕੇ ਤੇ ਰੋੜੀਆਂ ਨੂੰ ਇਕਠਾ ਕਰਕੇ ਕੰਨ ਵਿੱਚ ਬਣੇ ਆਲ਼ੇ ਵਿੱਚ ਰੱਖ ਦਿੱਤਾ। ਉੱਤੋਂ ਕੋਲ਼ ਪਈ ਪੱਲੀ ਦੇ ਟੋਟੇ ਦਾ ਮੋਂਦਾ ਲਾ ਦਿੱਤਾ। ਸਾਰੇ ਸਿਸਤ ਬੰਨ੍ਹ ਕੇ ਵੇਖਣ ਲੱਗ ਪਏ, ਇੱਕ ਦੂਜੇ ਦੇ ਸਿਰਾਂ ਉੱਤੋਂ ਦੀ, ਜਿਹੜੇ ਪਾਸੇ ਬਲੌਰਾ ਗਿਆ ਸੀ। ਗਲ਼ੀ ਦਾ ਰੇਤਾ ਲਾਲ ਭਾਅ ਮਾਰਦਾ ਵਿਖਾਈ ਦੇਣ ਲੱਗਿਆ, ਜਿਵੇਂ ਇਹਦੇ ਵਿੱਚ ਲਹੂ ਦਾ ਰਲਾ ਹੋਣ ਲੱਗ ਪਿਆ ਸੀ।

ਬਾਬੇ ਆਸੇ ਨੇ ਪਿੰਜਣੀ ਤੇ ਉੱਗੇ ਫੋੜੇ ਦਾ ਖਰੀਂਢ ਪੱਟ ਕੇ, ਲਹੂ ਦੇ ਤੁਪਕੇ ਨੂੰ ਧਰਤੀ ਤੇ ਡੋਲ੍ਹ ਕੇ ਧਰਤੀ ਨਮਸਕਾਰੀ ਤਾਂ ਜੋ ਅਣਹੋਣੀ ਟਲ ਜਾਵੇ।

ਬਲੌਰੇ ਨੂੰ ਵਹਿੜਕੇ ਦੀ ਉਹ ਛਾਲ ਯਾਦ ਆ ਗਈ, ਜੋ ਉਹਨੇ ਬੋਹੜ ਕੋਲ਼ ਖੜੇ-ਖੜੋਤਿਆਂ ਮਾਰ ਕੇ ਸੂਆ ਪਾਰ ਕਰ ਲਿਆ ਸੀ, ਫੇਰ ਪੰਜ ਬੰਦਿਆਂ ਦੇ ਘੇਰੇ ਵਿੱਚੋਂ ਦੌੜ ਗਿਆ। ਲੱਕੜ ਟੱਪਣ ਦੀ ਥਾਂ ਉਹਨੇ ਵੀ ਇਉਂ ਹੀ ਕਰਿਆ। ਦੋ-ਕੁ ਕਰਮਾਂ ਪਿੱਛੋਂ ਭੱਜ ਕੇ ਛਾਲ ਮਾਰ ਕੇ ਸੂਆ ਪਾਰ ਕਰ ਲਿਆ।

ਪੱਕੀ ਇੱਟ ਦੀ ਰੋੜੀ ਨਾਲ਼ ਕਾਪੇ ਦੀ ਧਾਰ ਰੇਤ ਦਾ ਉਹਨੇ ਖੇਤ ਦੀ ਸੇਧ ਘੱਤ ਲਈ। ਇਨ੍ਹਾਂ ਵੱਟਾਂ ਦੇ ਖੱਬਲ ਨੂੰ ਮਿਧ ਕੇ ਕਦੇ ਦੀਸਾਂ ਲੰਘਦੀ ਹੁੰਦੀ ਸੀ। ਤੇ ਅੱਜ

ਉਹ ਲੰਘਿਆ।

ਨਰਮੇ ਦੇ ਬੂਟੇ ਉਹਦੇ ਨਾਲ਼ ਖਹਿੰਦੇ ਤਾਂ ਉਹਨਾਂ ਦੀ ਫੁੱਲ-ਗੱਡੀ ਝੜਦੀ। ਕਿਸੇ ਬਾਲ੍ਹੇ ਅੱਖੜ ਤੇ ਅੜੀਅਲ ਬੂਟੇ ਤੇ ਕਾਪਾ ਮਾਰ ਕੇ ਵੱਢ ਵੀ ਦਿੰਦਾ। ਸਾਰੇ ਸਰੀਰ ਦਾ ਲਹੂ ਨਾੜਾਂ ਵਿੱਚੋਂ ਕੱਠਾ ਹੋ ਕੇ ਬਾਹੀ ਵਿੱਚ ਆ ਗਿਆ।

'ਪਰ ਥੌਰੇ ਪਰਾਰ.. ਖਣੀ ਪਰ ਪਰਾਰ.. ਜਾਣੀ ਓਸ ਵਰ੍ਹੇ ਕਣਕ ਏਨੀ ਜੰਮ ਕੇ ਹੋਈ, ਮੂੰਹੋਂ ਬੋਲ ਕੇ ਆਂਹਦੀ ਸੀ ਬਈ, ਬੰਦਾ ਮਾਰਦੇ ਜੱਟਾ, ਬੰਦਾ, ਮੈਂ ਹੈਗੀ ਆਂ ਨਾ, ਕੱਢ ਲੈ ਰੜਕ ਜੇੜ੍ਹੀ ਕੱਢਣੀ ਐਂ' ਛਾਤੀ ਨੂੰ ਹੱਥ ਨਾਲ਼ ਠੋਕਰ ਕੇ ਅੰਗਰੇਜ਼ ਨੇ ਹਾਮੀ ਭਰੀ, 'ਛਾਂ ਨੀ ਸਿੱਧਣ ਦਿੰਦੀ, ਪਹੈਲੀ ਪੇਸ਼ੀ ਈ ਛੁਡਾ ਲੂੰਗੀ, ਵੇਖਦਾ ਕੀ ਐਂ' ਉਹਨੇ ਜਵੀਂ ਦੀ ਵੱਟ ਤੇ ਖੜ੍ਹ ਕੇ ਮੁੱਛ ਨੂੰ ਤਾਅ ਦਿੰਦੇ ਹੋਇਆਂ, ਬਲੌਰੇ ਦੀ ਥਾਂਏ ਅੱਜ ਨਵੇਂ ਲਿਆਂਦੇ ਕਾਮੇ ਜੂਪ ਨੂੰ ਗੱਲ ਸੁਣਾਈ।

ਉਹਨਾਂ ਦੀ ਸਾਂਝੀ ਵੱਟ ਤੋਂ ਲੰਘਦਾ ਬਲੌਰਾ ਇਹ ਸੁਣ ਕੇ ਖੜ੍ਹ ਗਿਆ ਤੇ ਬੋਲਿਆ, 'ਕਾਹਤੋਂ ਐਵੇਂ ਗੱਪ ਰੋੜੀ ਜਾਨੈ, ਏਨ੍ਹਾਂ ਫਸਲਾਂ ਦੀ, ਫੁੱਲਾਂ ਦੀ ਗੱਲ ਸੁਣਨ ਦੀ ਤੇਰੀ ਔਕਾਤ ਹੈ-ਨੀ' ਇਹ ਸੁਣ ਕੇ ਅੰਗਰੇਜ਼ ਥੋੜ੍ਹਾ ਜਿਹਾ ਕੱਬਾ ਝਾਕਿਆ ਤੇ ਫੇਰ ਉਹਦੇ ਹੱਥ ਵਿੱਚ ਫੜ੍ਹੇ ਤਰੇਲ਼ ਨਾਲ਼ ਭਿੱਜ ਕੇ, ਚਿਉਂ ਰਹੇ ਕਾਪੇ ਵੱਲ ਵੇਖ ਕੇ ਢੈਲਾ ਪੈ ਗਿਆ, 'ਜੇੜ੍ਹੀ ਕਣਕ ਸਵ ਜੀਆਂ-ਜੰਤਾਂ, ਦੁਨੀਆ ਦਾ ਢਿੱਡ ਭਰਦੀ ਹੋਵੇ ਨਾ, ਉਹ ਐਂ ਨੀ ਆਖ ਸਕਦੀ, ਬਈ ਜਾ ਕੇ ਬੰਦਾ ਮਾਰਦੇ'।

ਜੂਪ ਵੀ ਉਹਨਾਂ ਦੀ ਹੋਈ ਤੜੈਂ ਵੇਖ ਕੇ ਪੱਠੇ ਵੱਢਦਾ ਹੋਇਆ ਟੱਕ ਵਿੱਚੋਂ ਖੜ੍ਹਾ ਹੋ ਗਿਆ।

'ਉਹ ਤਾਂ ਭੋਲਿਆ-ਭੁੱਖਿਆਂ ਦੇ ਢਿੱਡ ਚ ਪੈਣ ਲਈ ਤੜਫੂ, ਬੰਦੇ ਦੇ ਢਿੱਡ ਚ ਬਲਦੀ ਅੱਗ ਨੂੰ ਆਵਦਾ ਵਾਰ ਕੇ ਬਜੋਂਦੀ ਐ, ਕਿਤੇ ਏਹ ਢਿੱਡੋਂ ਨਿਕਲ਼ ਕੇ ਘਰਾਂ ਨੂੰ ਨਾ ਲੱਗਜੇ' ਫੇਰ ਜੂਪ ਵੱਲ ਸੈਨਤ ਮਾਰ ਕੇ ਪੁੱਛਿਆ, 'ਕਿਉਂ ਬਈ ਜੂਪ ਸਿਆਂ ਬਾਈ ਤੇਰੀ ਮੱਤ ਕੀ ਆਂਹਦੀ ਐ?'

ਦਾਤਰੀ ਨੂੰ ਸੱਥਰੀ ਤੇ ਸੁੱਟ ਕੇ, ਹੱਕ ਪਾਉਂਦਾ ਬੋਲਿਆ, 'ਹੁਣ ਤਾਂ ਬਾਈ ਜੋ ਕੁਛ ਤੂੰ ਆਹਨਾਂ ਉਹੀ ਸੱਚ ਐ ਰੱਬ ਵੀ ਝੂਠਾ ਜਾਣ' ਗੁੱਜੇ ਡਰ ਨਾਲ਼ ਹੱਸਣ ਦੀ ਕੋਸ਼ਿਸ਼ ਕੀਤੀ। ਉਹਦੇ ਅੰਦਰ ਮਾਣ ਹੋਇਆ, ਅੱਜ ਤੱਕ ਕਿੰਨੇ ਘਰਾਂ ਨਾਲ਼ ਉਹਨੇ ਸੀਰ ਕੱਟੇ ਸੀ, ਪਰ ਕਿਸੇ ਨੇ ਵੀ ਏਨੇ ਮੋਹ ਨਾਲ਼ 'ਬਾਈ ਜੂਪ ਸਿਆਂ' ਨਹੀਂ ਸੀ ਆਖਿਆ 'ਓਏ ਜੂਪੀ ਓਏ' ਈ ਸੱਦਦੇ ਸੀ।

ਅੰਗਰੇਜ਼ ਨੇ ਵੀ ਤਜ਼ਰਬੇ ਨਾਲ਼ ਭਾਂਪ ਲਿਆ, ਹੁਣ ਬਲੌਰਾ ਕਿਸੇ ਵੀ ਜੁਗਤ ਨਾਲ਼ ਮੇਰੇ ਦਾਬੇ ਥੱਲੇ ਕੰਨਾ ਨਹੀਂ ਦਿੰਦਾ। ਜੇ ਅੱਗੋਂ ਇਕ ਵਾਰ ਅਲਕ ਵਹਿੜਕੇ ਵਾਂਗ ਢੁੱਡ ਲੈ ਕੇ ਬੋਲ ਪਿਆ, ਫੇਰ ਨਹੀਂ ਡੁੱਕਣਾ। ਉਹ ਐਵੇਂ ਹੀ ਵਹਿੜਕੇ ਨੂੰ ਲਲਕਰ ਕੇ, 'ਓਏ ਖੜੋ-ਜਾ' ਪੱਠਿਆਂ ਦੀ ਸੱਥਰੀ ਚੱਕ ਕੇ, ਗੱਡੀ ਦੇ ਨਾਲ਼ ਬੰਨੇ ਵਹਿੜਕੇ ਨੂੰ ਪਾਉਣ ਲਈ ਤੁਰ ਪਿਆ। ਪਰ ਵਹਿੜਕੇ ਨੇ ਉਹਦੀ ਪਾਈ ਸੱਥਰੀ ਨੂੰ ਸਿੰਗ ਨਾਲ਼ ਤੀਲਾ-ਤੀਲਾ ਕਰਕੇ ਖਿਲ੍ਹਾਰ ਦਿੱਤਾ।

ਬਲੌਰਾ ਉਵੇਂ ਈ ਤਰੇਸ ਨਾਲ਼ ਭਿੱਜੇ ਜਵੀਂ ਦੇ ਪੱਤਿਆਂ ਤੇ ਕਾਪੇ ਦੀ ਧਾਰ ਨੂੰ ਫੇਰਦਾ ਹੋਇਆ ਅੱਗੇ ਤੁਰ ਪਿਆ। ਤੇ ਪਾਪੂਲਰਾਂ ਦੀ ਸੰਘਣੀ ਵਾੜ ਲੰਘ ਕੇ, ਅੱਗੇ ਜਾ ਕੇ ਤੂਤ ਦੀ ਛਾਂਵੇਂ ਬਹਿ ਗਿਆ। ਘੀਚਰ ਵੀ ਸਪਰੇ ਵਾਲ਼ੀ ਡਰੰਮੀ ਮੋਢਿਆਂ ਤੋਂ ਲਾਹ ਕੇ ਉਹਦੇ ਕੋਲ਼ ਆ ਕੇ ਖੜ੍ਹ ਗਿਆ। ਸਪਰੇ ਕਰਨ ਲਈ ਗੱਟੇ ਦਾ ਬਣਾਇਆ ਕੁੜ੍ਹਤਾ ਲਾਹ ਕੇ ਪਾਸੇ ਵੱਟ ਤੇ ਰੱਖ ਦਿੱਤਾ। ਪਾਣੀ ਦਾ ਗਲਾਸ ਕੋਲ਼ ਵਗਦੀ ਖਾਲ ਵਿੱਚੋਂ ਭਰ ਕੇ ਫੜਾਉਂਦੇ ਨੇ ਪੁੱਛਿਆ, 'ਬਾਈ ਏਧਰ ਕਵੇਂ ਚਾਲੇ ਪਾਏ'।

'ਜ਼ੋਰ ਤਾਂ ਮੇਰੇ ਚ ਏਨਾ, ਜੇ ਪਾਣੀ ਨੂੰ ਘੂਰਦਿਆਂ, ਓਨੂੰ ਵੀ ਕਿਹੜਾ ਮੁੜ੍ਹਕਾ ਨਾ ਲਿਆ ਦਿਆਂ' ਸਟੀਲ ਦੇ ਗਲਾਸ ਨੂੰ ਜ਼ੋਰ ਨਾਲ਼ ਘੁੱਟਿਆ, ਪਾਣੀ ਬਾਹਰ ਨੂੰ ਡੁੱਲ ਗਿਆ ਤੇ ਗਲਾਸ ਥੋੜ੍ਹਾ ਜਿਹਾ ਚਿੱਬਾ ਹੋ ਗਿਆ। ਫੇਰ ਦੋਵੇਂ ਤਲੀਆਂ ਚ ਗਲਾਸ ਨੂੰ ਦੂਜੇ ਲੋਟ ਘੁੱਟ ਕੇ ਸਿੱਧਾ ਕਰ ਲਿਆ ਤੇ ਬਚਿਆ ਪਾਣੀ ਡੀਕ ਲਾ ਕੇ ਪੀ ਲਿਆ।

ਘੀਚਰ ਨੇ ਮੰਜੇ ਦੇ ਪਾਵੇ ਕੋਲ਼ ਆਪਣੇ ਗੋਢੇ ਟੇਕ ਕੇ, ਧੌਣ ਉਹਦੇ ਅੱਗੇ ਰੱਖ ਦਿੱਤੀ, 'ਤੇਰੇ ਜ਼ੋਰ ਨੂੰ ਮੈਂ ਤਾਂ ਮੰਨਾਂ, ਜੇ ਇੱਕੋ ਟੱਕ ਨਾਲ਼ ਮੇਰੀ ਧੌਣ ਲਾਹ ਕੇ ਔਹ ਪਰ੍ਹੇ ਮਾਰੇ, ਬਾਹਾਂ ਦੀ ਪੁੱਠੀ ਬੁੱਕਲ ਮਾਰ ਕੇ ਅੱਖਾਂ ਬੰਦ ਕਰ ਲਈਆਂ, ਜੇ ਸਿਰ ਵੱਢਿਆ ਜਾਵੇ ਤਾਂ ਉਹ ਦੇ ਪੈਰਾਂ ਵਿੱਚ ਆ ਡਿੱਗੇ।

ਬਲੌਰੇ ਨੇ ਕਾਪੇ ਦੀ ਧਾਰ ਗਿੱਚੀ ਤੇ ਹੌਲ਼ੀ-ਹੌਲ਼ੀ ਫੇਰੀ ਤਾਂ ਲਾਲ ਲਕੀਰ ਜਿਹੀ ਵਾਹੀ ਗਈ, 'ਚਾਹ ਦੀ ਬਣਾ ਘੁੱਟ ਕੇਰਾਂ ਡੱਕਵੀਂ ਜੀ, ਥਿਆਰ ਨੂੰ ਆਵਦੇ ਕੋਲ਼ੋਂ ਦੂਰ ਈ ਰੱਖੀਏ, ਜਿੰਨੇ ਜਿਵੇਂ ਥਿਆਰ ਤਿੱਖੇ ਹੋਏ ਜਾਂਦੇ ਐ, ਓਨੀ ਬੰਦੇ ਕੁੱਤੇ ਹੋਈ ਜਾਂਦੇ ਐਂ' ਕਾਪਾ ਮੋਢੇ ਤੇ ਤਾਣ ਕੇ ਰੱਖ ਲਿਆ।

ਘੀਚਰ ਨੇ ਨਰਮੇ ਦੀ ਵੱਟ ਵਿੱਚ ਕੌਲੀ ਦੇ ਕੰਢੇ ਨਾਲ਼ ਖੁਰਚ ਕੇ ਟੋਆ ਪੱਟ ਕੇ ਲਿਆ। ਕੱਚ ਮਿੱਟੀ ਦੇ ਤਲੇ ਰੱਖ ਕੇ ਆਰਜ਼ੀ ਚੁੱਲ੍ਹਾ ਬਣਾ ਲਿਆ। ਝੋਕਾ ਲਾ ਕੇ, ਫੂਕਾਂ ਮਾਰ ਕੇ ਮਚਾਉਂਦੇ ਘੀਚਰ ਨੂੰ ਫੇਰ ਥੋੜ੍ਹੀ ਜਿਹੀ ਧੌਂਸ ਨਾਲ਼ ਪੁੱਛਿਆ, 'ਦੀਸਾਂ ਨਾਲ਼ ਵਿਆਹ ਕਰੌਣ ਚ ਜੇਰਾ ਰੱਖ ਦੈਂ, ਹੈ-ਗੀ ਆ ਨਵੀ ਤਾਂ ਬੋਲਦੇ ਪਤੰਦਰਾਂ ਕਾਪੇ ਦੀ ਚੁੰਜ ਨਾਲ਼ ਮਿੱਟੀ ਦੀ ਰੋੜੀ ਪੱਟ ਕੇ ਜ਼ੋਰ ਦੀ ਸਿੰਨ੍ਹ ਕੇ ਉਹਦੇ ਕੰਨ ਦੀ ਜੜ੍ਹ ਚ ਮਾਰੀ, 'ਬੋਲਦਾ ਨ੍ਹੀ ਕੇ ਸੰਗ ਗਿਆ ਹੂੰ..'।

ਘੀਚਰ ਨੇ ਨੀਵੀਂ ਪਾਈ ਰੱਖੀ ਇਸ ਵਰ੍ਹੇ ਚਾਚੇ ਨਾਲ਼ੋਂ ਅੱਡ ਹੋਣ ਬਾਦ ਆਪਣੇ ਹਿੱਸੇ ਆਈ ਅੱਠ ਕਿੱਲੇ ਪੈਲੀ ਵਿੱਚ, ਲੱਕ ਜਿੱਡੇ ਨਰਮੇ ਦੇ ਟੂਸਿਆਂ ਵੱਲ ਝਾਕਣ ਲੱਗ ਪਿਆ, ਜਿਹਨੂੰ ਗੁਲਾਬੀ ਤੇ ਚਿੱਟੇ ਫੁੱਲ ਲੱਗੇ ਹੋਏ ਸੀ। ਉਹਦੇ ਅੱਗੇ ਕੋਈ ਜੁਆਬ ਨਾ ਮਿਲਣ ਤੇ ਥੋੜ੍ਹੀ ਜਿਹੀ ਤੈਸ਼ ਵਿੱਚ ਆ ਗਿਆ, 'ਬੋਲ..'!

ਸਾਫ਼ੇ ਦੇ ਲੜ੍ਹ ਨਾਲ਼ ਚੁੱਲ੍ਹੇ ਤੋਂ ਪਤੀਲਾ ਲਾਹ ਕੇ ਚਾਹ ਬਾਟੀਆਂ ਵਿੱਚ ਕੱਪੜ-ਛਾਣ ਕਰ ਲਈ ਤੇ ਉਹਦੇ ਵੱਲ ਬਾਟੀ ਧੱਕ ਕੇ ਅੱਗੇ ਕਰਦੇ ਨੇ ਕਿਹਾ, 'ਜੇ ਮਿੱਠਾ ਨਰਮ ਹੋਇਆ ਤਾਂ ਹੋਰ-ਪਾ-ਲੀਂ ਬਾਈ, ਤੱਤੀ ਚਾਹ ਚ ਛੇਤੀ ਖੁਰ ਜੂ, ਨਹੀਂ ਤਾਂ ਮਿੱਠਾ ਖੋਰਦੇ ਤੋਂ ਚਾਹ ਠਰਜੂ..'।

ਬਲੌਰਾ ਬਾਟੀ ਵਿੱਚੋਂ ਚਾਹ ਗਲਾਸ ਵਿਚ ਧਾਰ ਬਣ ਕੇ ਉਧਲਦਾ ਹੋਇਆ, 'ਕਾਹਦਾ ਡਰ ਮੰਨੀ ਖੜ੍ਹਾਂ, ਆਵਦੇ ਚੇਤੇ ਦੀ ਦੱਸ, ਜੇ ਪੂਰ ਨਾ ਚਾੜ੍ਹੀ ਫੇਰ ਪਿਉ ਦਾ ਨਾ ਕਹੀਂ। ਮੁੱਛ ਦਾ ਵਾਲ਼ ਪੱਟ ਕੇ ਉਹਦੀ ਮੁੱਠੀ ਵਿੱਚ ਦੱਬ ਦਿੱਤਾ, 'ਲੈ ਫੇਰ ਮੰਗਲਾ ਅੱਜ ਜੋ ਵਰ ਮੰਗਣਾ, ਜੋ ਰੱਬ ਦੀ ਔਕਾਤ ਚ ਨਹੀਂ ਉਹ ਮੈਂ ਦਿਨਾ..'। ਫੂਕ ਮਾਰ ਕੇ ਚੁਸਕੀ ਭਰੀ। ਚੁਸਕੀ ਦੀ ਘਰਰ ਸੁਣ ਕੇ ਕੋਲ਼ ਬੈਠੇ ਕਾਲ਼ੇ ਕੁੱਤੇ ਨੇ ਕੰਨ ਉੱਤੇ ਚੱਕ ਕੇ ਲਏ ਤੇ ਫੇਰ ਉਵੇਂ ਹੀ ਮੂੰਹ ਪੰਜਿਆਂ ਤੇ ਰੱਖ ਕੇ ਅਰਾਮ ਨਾਲ਼ ਬਹਿ ਗਿਆ।

'ਬਾਈ ਰੋਟੀ ਵੀ ਹੈਗੀ ਐ, ਜੇ ਬੁਰਕੀ ਖਾਣੀ ਐ ਤਾਂ, ਛੱਕ ਲੈ' ਉੱਠ ਕੇ ਤੂਤ ਦੀਆਂ ਛਮਕਾਂ ਨਾਲ਼ ਬੰਨ੍ਹੇ ਰੋਟੀਆਂ ਵਾਲ਼ੇ ਪੋਣੇ ਦੀ ਗੰਢ ਖੋਲ੍ਹ ਕੇ, ਵਿੱਚੋਂ ਰੋਟੀ ਕੱਢ ਕੇ, ਅਧਰਕ ਦੀ ਚਟਣੀ ਰੱਖ ਕੇ, ਚਾਪ ਮੱਖਣੀ ਦੀ ਪਾਈ, ਤੇ ਉਹਦੇ ਵੱਲ ਕਰ ਦਿੱਤੀ। ਇਸ ਪੌਣੇ ਵੱਲ ਕੁੱਤਾ ਸਵੇਰ ਦਾ ਵੇਖੀ ਜਾਂਦਾ ਸੀ। ਹੁਣ ਪੋਣਾ ਖੁਲ੍ਹਿਆ ਵੇਖ ਕੇ ਜ਼ੋਰ ਨਾਲ਼ ਪੂਛ ਘੁੰਮਾਈ ਗਿਆ ਤੇ ਮੂੰਹ ਵਿੱਚ 'ਚੂੰ..ਚੂੰ..' ਦੀ ਅਵਾਜ਼ ਕੱਢਣ ਲੱਗ ਪਿਆ।

ਗਲਾਸ ਨੂੰ ਦੌਣ ਵਿੱਚ ਫਸਾ ਕੇ, ਦੋਵਾਂ ਹੱਥਾਂ ਨਾਲ਼ ਰੋਟੀਆਂ ਫੜ੍ਹੀਆਂ। ਬੁਰਕੀ ਨਾਲ਼ ਮੱਖਣੀ ਤੇ ਚਟਣੀ ਨੂੰ ਚੰਗੀ ਤਰ੍ਹਾਂ ਰਲਾ ਕੇ, ਘੁੱਟਾਂ ਬਾਟੀ ਖਾਣ ਲੱਗਿਆ। ਇੱਕ ਬੁਰਕੀ ਤੋੜ ਕੇ ਆਪ ਖਾਂਦਾ ਤੇ ਦੂਜੀ ਬੁਰਕੀ ਤੋੜ ਕੇ ਕੁੱਤੇ ਅੱਗੇ ਸੁੱਟ ਦਿੰਦਾ, 'ਦੀਸਾਂ ਦੇ ਸਾਕ ਲਈ ਮੈਂ ਕੋਈ ਚੰਗੇ ਘਰ ਦਾ ਮੁੰਡਾ ਲੱਬੀ ਜਾਨਾਂ, ਫੇਰ ਅਲਾਬਾਂ ਨਾ ਦੇਈ ਡੂਚਣਾ ਥੋਨੂੰ ਕੱਠਿਆਂ ਨੂੰ ਜਿਊਣ ਨੀ ਦਿੱਤਾ'

ਜਦ ਬਲੌਰਾ ਪੂਰੀ ਤਰ੍ਹਾਂ ਧਾਰ ਕੇ ਖਹਿੜੇ ਹੀ ਪੈ ਗਿਆ ਤਾਂ ਉਹਨੂੰ ਅਸਲ ਗੱਲ ਤੇ ਆਉਣਾ ਹੀ ਪਿਆ, 'ਧੀਆਂ ਤੇ ਧਰੇਕਾਂ ਤਾਂ ਆਵਦੇ ਘਰੇ ਈ ਸੋਹਦੀਆਂ ਬਾਈ' ਫੇਰ ਜਿਵੇਂ ਲੰਮੀ ਚੁੱਪ ਧਾਰ ਕੇ ਆਪਣੀ ਕਹੀ ਗੱਲ ਦਾ ਮੋੜ ਦਿੱਤਾ, 'ਆਸ਼ਕ ਵੀ ਫੇਰ ਪਿੰਡ ਦੀ ਜੂਹ ਤੋਂ ਬਾਹਰ ਈ ਸੋਂਹਦੇ ਨੇ...'।

ਰੋਟੀ ਖਾ ਕੇ ਬਲੌਰੇ ਨੇ ਠਰ ਚੁੱਕੀ ਚਾਹ ਦੀ ਇੱਕ ਵੱਡੀ ਘੁੱਟ ਭਰ ਕੇ ਮੂੰਹ ਵਿੱਚ ਕੁਰਲੀ ਕੀਤੀ। ਜਾੜ੍ਹਾਂ ਵਿੱਚ ਅੜ੍ਹੀਆਂ ਰੋਟੀ ਦੀਆਂ ਬੋਟੀਆਂ ਕੱਢ ਕੇ, ਅੰਦਰ ਡਕਾਰ ਗਿਆ, 'ਮੈਂ ਤਾਂ ਮੁੱਕੀ ਮਾਰ ਕੇ ਧਰਤੀ ਚ ਚਿੱਬ ਪਾਦੂੰ.. ਕਿਸੇ ਤੋਂ ਡਰ ਨਾ..'।

'ਡਰ..!' ਘੀਚਰ ਉਹਦੇ ਅੱਗੇ ਮੌਤ ਦੀਆਂ ਸਿਵਾਰਾਂ ਗਾਉਣ ਲੱਗ ਪਿਆ, 'ਕਾਈ ਡਰ ਨੀ, ਨਾਲ਼ੇ ਤੈਥੋਂ ਭੱਜ ਕੇ ਜਾਵਾਂਗੇ ਵੀ ਕਿੱਥੇ, ਧਰਤੀ ਮੁੱਕ-ਜੂ'।

ਉਹਦੇ ਵੱਲ ਗਹੁ ਨਾਲ਼ ਵੇਖ ਕੇ ਦਿਲ ਵਿੱਚ ਘਰੇੜ ਕੱਢੀ, 'ਐਵਜੇ ਮਿਰਜ਼ੇ ਤਾਂ ਚੱਡਿਆਂ 'ਚ ਪੂਛੜ ਲੈ ਕੇ ਸੌ ਸਾਲ ਤੱਕ ਜਿਉਂਦੇ ਨੇ' ਫੇਰ ਥੋੜ੍ਹਾ ਜਿਹਾ ਸਿਰ ਮਾਰ ਕੇ ਹੱਸ ਪਿਆ, 'ਫੇਰ ਲੱਬਲਾ ਤੂੰ ਈ ਕਾਈ ਚੱਜ ਦਾ ਮੁੰਡਾ, ਹੈ ਕੋਈ ਨਿਗ੍ਹਾ ਹੇਠ ਤਾਂ ਦੱਸਦੀਂ, ਜਕੀ ਨਾ, ਆਪਣੀ ਤਾਂ ਘਰ ਦੀ ਗੱਲ ਐ, ਦਿਲ ਦੀ ਵੀ..' ਜੂਠੇ ਗਲਾਸ ਨੂੰ ਜ਼ੋਰ ਨਾਲ਼ ਮੰਜੇ ਦੇ ਸੰਘੇ ਵਿੱਚ ਫਸਾ ਕੇ ਕਾਪੇ ਦੀ ਧਾਰ ਤੇ ਤਲੀ ਫੇਰਦਾ ਹੋਇਆ, ਸੈਨਤ ਨਾਲ਼ ਜਾਂਦੀ ਵਾਰ, ਉਹਨੂੰ ਜੋਹ ਕੇ ਵੇਖਿਆ, 'ਹੂੰ..ਪਰ ਹੋਵੇ ਐਨ

ਜਵਾਂ ਤੇਰੇ ਅਹਗਾ, ਤੇਰੇ ਬਿਨਾ ਉਹਦਾ ਕਿਸੇ ਹੋਰ ਨਾਲ਼ ਨਿਭਾਅ ਵੀ ਨਈਂ ਹੋਣਾ, ਜੇ ਤੇਰੇ ਤੋਂ ਮਾਸਾ ਘੱਟ ਹੋਇਆ ਨਾ ਤੇਰੇ ਕੁੱਟ ਬਹੁਤ ਪਊ-ਗੀ..'।

ਘੀਚਰ ਨੇ ਹੱਥ ਦੀ ਇੱਕ ਉਂਗਲ ਅਕਾਸ਼ ਵੱਲ ਖੜ੍ਹੀ ਕੀਤੀ ਤੇ ਰਗਾਂ ਨੂੰ ਘੁੱਟ ਕੇ ਬੋਲਿਆ, 'ਜੇ ਦਾਤੇ ਨੂੰ ਮਨਜ਼ੂਰ ਐ, ਹੁਣ ਓ-ਈ ਹੋਣ ਦੇ..' ਤੇ ਚਾਹ ਵਾਲ਼ੀ ਜੂਠੀ ਬਾਟੀ ਰੇਤੇ ਨਾਲ਼ ਮਾਂਜਣ ਲੱਗ ਪਿਆ।

'ਦਾਤੇ ਨੂੰ ਤਾਂ ਏਹੀ ਮਨਜ਼ੂਰ ਐ ਬਈ ਤੇਰੀ ਧੌਣ ਵੱਢ ਕੇ ਸਾਰੇ ਰਾਹ ਠੁੱਡੇ ਮਾਰਦਾ ਹੋਇਆ, ਹੱਡਾ ਰੋੜ੍ਹੀ ਵਿੱਚ ਸੁੱਟ ਆਵਾਂ' ਕਾਪੇ ਨੂੰ ਮੰਜੇ ਦੇ ਪਾਵੇ ਤੇ ਮਾਰਿਆ, 'ਪਰ ਮੈਂ ਏਡਾ ਲਾਈ ਲੱਗ ਨ੍ਹੀ, ਬਈ ਕਿਸੇ ਲੱਡੀ-ਬੁੱਚੀ ਦੇ ਪਿੱਛੇ ਲੱਗਾਂ' ਆਪਣੇ ਦਿਲ ਵਿੱਚ ਪਈ ਸਾਰੀ ਵਿਥਿਆ ਸੁਣਾ ਦਿੱਤੀ।

'ਸਿਆਣਾ ਬਣ ਬਾਈ' ਪੋਣੇ ਵਿੱਚ ਵਧੀਆਂ ਰੋਟੀਆਂ ਦੇ ਨਿੱਕੇ-ਨਿੱਕੇ ਟੋਟੇ ਕਰਕੇ ਖਾਲ ਦੀ ਵੱਟ ਤੇ ਰੱਖ ਦਿੱਤੇ।

'ਸਿਆਣਾ ਬਣ ਕੇ ਬਹੁਤ ਕੁਛ ਗਵਾ-ਲੇਂਗਾ ਘੀਚਰਾ' ਉਹਨੂੰ ਮਨੌਤ ਦਿੱਤੀ ਤੇ ਫੇਰ ਦੋ ਪੁਲਾਂਘਾਂ ਚਲ ਕੇ ਰੁਕ ਗਿਆ 'ਆਹ ਸਿਆਣਪ ਤਾਂ ਹੁਣ ਮੈਂ ਸਾਰੀ ਉਮਰ ਆਵਦੇ ਕੋਲ਼ ਦੀ ਲੰਘਣ ਨ੍ਹੀ ਦੇਣੀ, ਕੋਈ ਹੁਰ ਕੰਮ ਐਂ ਤਾਂ ਬ-ਸੱਕ ਦੱਸੀਂ- ਹੋ ਜੂ..'।

ਹਵਾ ਦੇ ਆਏ ਵਰੋਲੇ ਵਿੱਚੋਂ ਬਲੌਰਾ ਅੱਖਾਂ ਬੰਦ ਕੀਤੇ ਬਗੈਰ ਹੀ ਲੰਘ ਗਿਆ। ਸ਼ੋਰੇ ਨਾਲ਼ ਖਾਧੀ ਮਿੱਟੀ ਪੈਣ ਕਰਕੇ ਅੱਖਾਂ ਦੇ ਆਨੇ ਲਹੂ ਰੰਗੇ ਹੋ ਗਏ ਸੀ। ਵਰੋਲਾ ਰੁੱਕਿਆ ਤਾਂ ਬਲੌਰਾ ਖੇਤਾਂ ਵਿੱਚੋਂ ਦੀ ਤਰੇਲੇ ਨਰਮੇ ਦੇ ਟੂਸਿਆਂ ਤੇ ਲਾਡ ਨਾਲ਼ ਹੱਥ ਫੇਰਦਾ ਹੋਇਆ, ਸੂਰਜ ਵੱਲ ਤੁਰਦਾ ਜਾ ਰਿਹਾ ਸੀ।

ਘੀਚਰ ਨੇ ਵੇਖਿਆ, ਵਰੋਲੇ ਵਾਲ਼ੀ ਥਾਂ ਕਾਪਾ ਗੱਡਿਆ ਪਿਆ ਸੀ।

*** *** ***

## ਵਾਵੇ-ਅੰਗ

ਬਲੌਰੇ ਨੇ ਸਾਰੇ ਇਲਾਕੇ ਵਿੱਚ ਪੁੱਛ-ਪ੍ਰਤੀਤ ਵਾਲ਼ੇ ਬੰਦਿਆਂ ਤੋਂ ਪੜਤਾਲ ਕੀਤੀ, ਕਿ ਜ਼ਮੀਨ ਕਿਹੜੇ ਪਿੰਡ ਦੀ ਸਭ ਤੋਂ ਚੰਗੀ ਹੈ। ਜਿੱਥੇ ਫਸਲ ਪੂਰੀ ਜੰਮ ਕੇ ਹੁੰਦੀ ਹੈ, ਹਾੜੀ ਤੇ ਸਾਉਣੀ। ਸ਼ੋਰੇ ਨਾਲ਼ ਖਾਧੇ ਵਾਹਣਾਂ ਵਿੱਚ ਤਾਂ ਆਪਣੇ ਪੈਰਾਂ ਵਿੱਚ ਨੱਕ ਰਗੜ ਕੇ ਲਕੀਰਾਂ ਕੱਢਣ ਹੀ ਹੁੰਦਾ।

ਰੱਬ ਤੋਂ ਖੋਹ ਕੇ ਖਾਣ ਵਾਲ਼ੀ ਗੱਲ ਹੈ।

ਅਗਲੇ ਦਿਨ ਸਿਰ 'ਤੇ ਨਸਵਾਰੀ ਪੱਗ ਬੰਨ੍ਹ ਕੇ ਪੂਰੀ ਨਿਰਖ਼ ਕਰਕੇ, ਉਸ ਪਿੰਡ ਦੇ ਪਟਵਾਰੀ ਕੋਲ਼ ਤਹਿਸੀਲ ਵਿੱਚ ਚਲਾ ਗਿਆ। ਦੋਵਾਂ ਹੱਥਾਂ ਵਿੱਚ ਸਾਫਾ ਫੜ੍ਹ ਕੇ, ਮਾਣ ਨਾਲ਼ ਫਤਿਹ ਬੁਲਾ ਦਿੱਤੀ। ਪਟਵਾਰੀ ਨੇ ਪਿੰਨ ਦੇ ਪੁੱਠੇ ਪਾਸੇ ਨਾਲ਼ ਬਾਂਹ 'ਤੇ ਖੁਰਕ ਕਰਦੇ ਹੋਇਆਂ, ਐਨਕ ਦੇ ਫਰੇਮ ਉੱਤੋਂ ਦੀ ਉਹਦੇ ਵੱਲ ਵੇਖ ਕੇ, ਧੌਣ ਹਿਲਾ ਕੇ ਹਾਮੀ ਭਰੀ ਤੇ ਨਾਲ਼ ਹੀ ਬਹਿਣ ਲਈ ਬੈਂਚ ਵੱਲ ਇਸ਼ਾਰਾ ਕਰ ਦਿੱਤਾ।

ਮੇਖਾਂ ਵਾਲ਼ੇ ਬੈਂਚ 'ਤੇ ਬਹਿ ਗਿਆ, ਜਿਹੜਾ ਲੋਕਾਂ ਦੇ ਬਹਿਣ ਨਾਲ਼ ਘਸ-ਘਸ ਕੇ ਮਲਾਈ ਵਾਂਗ ਕੂਲ਼ਾ ਹੋਇਆ ਪਿਆ ਸੀ। ਉਹਨੇ ਸਾਹਮਣੀ ਕੰਧ 'ਤੇ ਜਿੱਧਰ ਪਟਵਾਰੀ ਲੱਕੜ ਦੀ ਕੁਰਸੀ ਡਾਹ ਕੇ ਬੈਠਾ ਸੀ, ਵਿਸ਼ਣੂ ਭਗਵਾਨ ਦੀ ਤਸਵੀਰ ਲੱਗੀ ਵੇਖ ਕੇ, ਚਿੱਤ ਵਿੱਚ ਔਖ ਮੰਨ ਗਿਆ।

ਇੰਨੇ ਉਸ ਨੂੰ ਪੰਡਤ ਆਸੇ ਦੀ ਉਹ ਗੱਲ ਯਾਦ ਆ ਗਈ, ਜਿਹੜੀ ਉਹਨੇ ਕਈ ਵਰ੍ਹੇ ਪਹਿਲਾਂ, ਭਰੇ ਦਿਨ ਵਿੱਚ ਧੂਣੀ ਸੇਕੀ ਜਾਂਦੇ ਨੇ ਸੁਣੀ ਸੀ। ਅੱਖਾਂ ਬੰਦ ਕਰਕੇ, ਸੱਜੇ ਹੱਥ ਨਾਲ਼ ਖੱਬੀ ਬਾਂਹ ਦਾ ਜੋੜ ਫੜ੍ਹ ਲਿਆ, ਤੇ ਖੱਬੀ ਬਾਂਹ ਦੀ ਹਥੇਲੀ 'ਤੇ ਠੋਡੀ ਰੱਖ ਕੇ, ਪੂਰੀ ਨੀਝ ਨਾਲ਼ ਗੱਲ ਦੁਬਾਰਾ ਸੁਣਨ ਲੱਗ ਪਿਆ।

'ਬਾਬਾ ਭਲਾਂ ਆਹ ਅਸੁਰ ਅਮ੍ਰਿਤ ਚਾਕੇ ਕਾਹਤੋਂ ਭੱਜ ਗੇ ਸੀ, ਏਨਾਂ ਨੂੰ ਏਨੀ ਕੀ ਤੱਤੀ ਕਾਹਲੀ ਪਈ ਸੀ'

'ਭਤੀਜ ਤੈਨੂੰ ਘਾਣੀ ਨੀ ਪਤਾ ਸਾਰੀ' ਤੇ ਫੇਰ ਉਹਨੇ ਡੱਕੇ ਨਾਲ਼ ਧੂਣੀ ਦੇ ਕੋਲ਼ਿਆਂ ਨੂੰ ਫਰੋਲਿਆ, ਤੇ ਡੱਕਾ ਵਿੱਚ ਈ ਸੁੱਟ ਦਿੱਤਾ। 'ਜਦੋਂ ਆਹਦੇਂ ਬਈ ਦੇਵਤਿਆਂ ਨਾਲ਼ ਰਲ ਕੇ, ਨਹੀਂ ਅਸੁਰਾਂ ਨਾਲ਼ ਦੇਵਤਿਆਂ ਨੇ ਰਲ ਕੇ ਸਾਗਰ ਨੂੰ ਰਿੜਕਿਆ ਨਾ, ਤਾਂ ਉਹਦੇ 'ਚੋਂ ਕਈ ਅਨਮੋਲ ਰਤਨ ਨਿਕਲ਼ੇ, ਉਨ੍ਹਾਂ 'ਚ ਸਭ ਤੋਂ ਕੀਮਤੀ ਰਤਨ ਸੀ ਅਮ੍ਰਿਤ, ਏਹ ਅਮ੍ਰਿਤ ਜੀਨੇ ਪੀ ਲੈਣਾ ਸੀ ਨਾ, ਉਹ ਅਮਰ ਹੋ ਜਾਣਾ ਸੀਗਾ, ਵਿਸ਼ਣੂ ਤੋਂ ਜਾਣੀ ਏਹ ਜਰਿਆ ਨੀ ਗਿਆ ਕੇ ਉਹ ਅਮ੍ਰਿੰਤ ਪੀਣ 'ਤੇ ਅਮਰ ਹੋਣ, ਨਾਲ਼ੇ ਪਹਿਲਾਂ ਵੀ ਚਾਲ ਖੇਡ ਕੇ ਅਸੁਰਾਂ ਨੂੰ ਨਾਗ ਦੇ ਮੂੰਹ ਵੰਨੀ ਲਾਇਆ ਸੀਗਾ, ਨਾਗ ਦੇ ਮੂੰਹ 'ਚੋਂ ਐਸੀ ਅੱਗ ਵਰ੍ਹਦੀ ਸੀ ਰਹੇ ਰੱਬ ਦਾ ਨਾਂ, ਜੀਹਦੇ ਨਾਲ਼ ਕੋਈ ਵੀ ਭਸਮ ਹੋ ਸਕਦਾ ਸੀਗਾ'

ਧੂਣੀ ਵਿੱਚ ਅੱਗ ਫਰੋਲ ਕੇ ਸਿੱਟੇ ਡੱਕੇ ਨਾਲ਼ ਧੂੰਆਂ ਹੋਣ ਲੱਗਿਆ ਤਾਂ ਬਲੌਰੇ ਨੇ ਚੱਕ ਕੇ ਬਾਹਰ ਗਲੀ ਦੇ ਠਰੇ ਰੇਤੇ 'ਤੇ ਸੁੱਟ ਦਿੱਤਾ, ਜੀਹਦਾ ਧੂੰਆਂ ਧੁੰਦ ਵਿੱਚ ਈ ਘੁਲੀ ਗਿਆ, ਫੇਰ ਚੁੱਪ ਚਾਪ ਅਸਲੀ ਬਾਤ ਸੁਣੀ ਗਿਆ।

'ਜਦੋਂ ਅਸੁਰਾਂ ਦੇ ਵੀਰ-ਭਰਾ ਅੱਗ ਦੀ ਮਾਰ ਵਿੱਚ ਆ ਕੇ ਫੂਕੇ ਜਾਣ ਲੱਗੇ ਤਾਂ, ਉਹਨਾਂ ਦੀ ਅਕਲ ਨੇ ਪਿੱਛੋਂ ਕੰਮ ਕਰਿਆ, ਜਾਣੀ ਅਸੁਰਾਂ ਨੂੰ ਏਸ ਚਾਲ ਦੀ ਭਿਣਕ ਪਈ, ਬਈ ਵਿਸ਼ਣੂ ਤਾਂ ਦਿਉਤਿਆਂ ਦਾ ਪੱਖ ਪੂਰੀ ਜਾਂਦੈਂ, ਉਨ੍ਹਾਂ ਨੇ ਰਾਇ ਕੀਤੀ ਬਈ ਰੱਬ ਨੇ ਬਾਦ-ਚ ਕੀ ਵੈਂਗਣ ਦੇਣਾ' ਆਸੇ ਪੰਡਤ ਨੇ ਨਹੁੰ ਨਾਲ਼ ਦੰਦਾਂ ਵਿੱਚ ਅੜੀ ਰੋਟੀ ਦੀ ਛਿੱਡੀ ਕੱਢੀ ਤੇ ਬੋਲਿਆ, 'ਉਹ ਫੇਰ ਤਾਂ ਅੰਮ੍ਰਿਤ ਚਾਕੇ ਭੱਜੇ ਸੀਗੇ, ਜਾਣੀ ਮੁੱਕਦੀ ਗੱਲ, ਭਗਵਾਨ ਨੇ ਆਵਦਾ ਭਰੋਸਾ ਗਵਾ ਲਿਆ ਸੀਗਾ ਏਹ ਧੋਖਾ ਕਰਕੇ, ਚਿੱਤ ਵਿੱਚ ਖੋਟ ਈ ਰੱਖਿਐ ਨਾ ਇਕ ਸਾਬ੍ਹ ਨਾਲ਼, ਬਾਕੀ ਦੂਜਾ ਸਾਬ੍ਹ ਤੂੰ ਆਪੇ ਲਾ-ਲਾ...'

'ਚਾਚਾ ਭਗਵਾਨ ਵੀ ਐ ਊਚ-ਨੀਚ ਕਰਦੈ, ਉਹ ਤਾਂ ਫੇਰ ਏਨਾਂ ਮਾੜੇ ਬੰਦਿਆਂ ਨੂੰ ਸੁਰਗ ਦੇ ਥੜੇ ਨਈਂ ਚੜ੍ਹਨ ਦਿੰਦਾ ਹੋਣਾ, ਦੂਜੇ ਸਾਬ੍ਹ ਨਾਲ਼ ਤਾਂ' ਉਹਨੂੰ ਰੱਬ ਦੀ ਕੀਤੀ ਇਹ ਵਧੀਕੀ ਬਹੁਤ ਈ ਰੜਕੀ, ਤੇ ਫੇਰ ਹੱਥ ਵਿੱਚ ਫੜ੍ਹੀ ਕਸੌਲੀ ਨੂੰ ਜ਼ੋਰ ਨਾਲ਼ ਹੇਠਾਂ ਮਾਰਿਆ, 'ਚਾਚਾ ਏਨਾਂ ਨੇ ਬਦਲਾ ਨਈਂ ਲਿਆ'

'ਲੈ ਐਂ ਤਾਂ ਕਣ ਆਲ਼ੇ ਸੀ ਪੂਰੇ ਈ, ਹੁਣ ਵੀ ਉਹ ਅੰਨ੍ਹੇ ਘੋੜਿਆਂ ਦੇ ਰੱਥ 'ਤੇ ਚੜ੍ਹ ਕੇ ਆਵਦਾ ਸਵ ਲੈਣ ਆਉਂਦੇ ਐਂ, ਰਾਹੂ-ਕੇਤੂ ਬਣ ਕੇ' ਆਸੇ ਪੰਡਤ ਦੇ ਗੱਲ ਦੇ ਸੁਭਾਅ ਨਾਲ਼-ਨਾਲ਼ ਚਿਹਰੇ ਦੇ ਹਾਵ ਭਾਵ ਈ ਬਦਲ ਗਏ।

'ਕਿੱਦਣ ਆਉਂਦੇ ਆ ਚਾਚਾ, ਆਪਾਂ ਏਨਾਂ ਦੀ ਵਾਹਰ ਤਾਂ ਕਰਾਈਗੇ' ਉਹਨੇ ਕਸੌਲੀ ਨੂੰ ਜ਼ੋਰ ਨਾਲ਼ ਧਰਤੀ ਵਿੱਚ ਪੀਨ ਤੱਕ ਖੋਬਣ ਦੀ ਕੋਸ਼ਿਸ਼ ਕੀਤੀ।

'ਜਿੱਦਣ ਚੰਦ ਗ੍ਰਹਿਣ ਲੱਗਦੈ, ਉਦਣ ਆਉਂਦੇ ਐ, ਇਕ ਬਾਬਾ ਨਾਨਕ ਸੀ ਜੀਹਨੇ ਲੰਗਰ 'ਚ ਸਭ ਨੂੰ ਬੈਠਾ ਕੇ ਪ੍ਰਸ਼ਾਦਾ ਛਕਾ ਦਿੱਤਾ' ਉਹਨੇ ਫੇਰ ਧੁੰਦ ਢੱਕੇ ਆਕਾਸ਼ ਵੱਲ ਵੇਖ ਕੇ ਚੰਦ ਨੂੰ ਵੇਖਣ ਦੀ ਕੋਸ਼ਿਸ਼ ਕੀਤੀ ਤੇ ਵੇਖੀ ਹੀ ਗਿਆ, 'ਬਲੌਰ ਸਿਆਂ ਰੱਬ ਕਹੌਣਾ ਤਾਂ ਸੌਖਾ ਪਰ ਬਣ ਕੇ ਵਖੌਣਾ ਔਖਾ ਬਹੁਤ ਐ, ਐਥੇ ਕਿਸੇ ਤੋਂ ਬੰਦੇ ਨੀਂ ਬਣਿਆ ਜਾਂਦਾ..'

'ਭਲਾ ਅਸੁਰ ਕੌਣ ਸੀਗੇ'

'ਅਸੁਰ...?' ਬਾਬੇ ਆਸੇ ਨੇ ਉਠ ਕੇ ਢੂਹੀ ਦਾ ਵੱਲ ਕੱਢਿਆ ਤਾਂ ਕੜਾਕੇ ਨਿਕਲ਼ੇ, 'ਅਸੁਰ' ਤਾਂ ਭਤੀਜ ਓਹੀ ਐ ਜਿਨ੍ਹਾਂ ਨਾਲ਼ ਰੱਬੀ ਵਿਤਕਰਾ ਹੁੰਦੈ, ਸ਼ਰੀਕਾ ਹੁੰਦੈ, ਏਸ ਸਾਬ੍ਹ ਨਾਲ਼ ਤਾਂ ਆਪਾਂ ਨੂੰ ਵੀ ਅਸੁਰਾਂ 'ਚ ਗਿਣ-ਲਾ, ਜਿਨ੍ਹਾਂ ਨੂੰ ਕਰਮਾਂ 'ਚ ਲਿਖਿਆ ਦਾਣਾ ਪਾਣੀ ਨਈਂ ਖਾਣ ਦਿੰਦੇ-ਗੇ' ਉਨ੍ਹਾਂ ਦੇ ਕੋਲ਼ ਦੀ ਮੂਰਤੀ ਆਪਣੇ ਸਿਰ 'ਤੇ ਪਿੱਤਲ ਦਾ ਤੌੜਾ ਪਾਣੀ ਦਾ ਭਰ ਕੇ ਲੰਘੀ ਤਾਂ ਨਵੀਂ ਆਸੇ ਨੇ

ਫੇਰ ਜਵੀ ਤੰਦ ਰਲਾ ਦਿੱਤੀ, 'ਕਿਤੇ ਨਾ ਕਿਤੇ ਤਾਂ ਰੱਬ ਦੇ ਪਾਪਾਂ ਦਾ ਘੜਾ ਭਰ ਕੇ ਫੁੱਟੂ-ਗਾ ਈ ਨਾ, ਕਾਲ ਸਭ ਤੋਂ ਭੈੜੀ ਸ਼ੈਅ ......'

ਬਲੌਰੇ ਦੀ ਅੱਖ ਵਿੱਚ ਧੁੰਦ ਪਾੜ ਕੇ ਨਿਕਲੇ ਸੂਰਜ ਦੀ ਲਿਸ਼ਕ ਨਾਲ਼ ਕੋਲ਼ ਦੀ ਲੰਘਦੀ ਮੂਰਤੀ ਦੇ ਸਿਰ ਵਾਲ਼ੇ ਤੋੜੇ ਦੀ ਚਿਲਕੋਰ ਜਿਹੀ ਪਈ ਤਾਂ ਉਹਨੇ ਨਾਂਹ ਵਿੱਚ ਸਿਰ ਫੇਰਿਆ, 'ਚਾਚਾ ਭਰ ਕੇ ਕਿੱਥੇ ਟੁੱਟਣਾ, ਅਗਲੇ ਲੋਹੇ ਦਾ ਘੜਾ ਬਣਾਈ ਫਿਰਦੇ ਐ, ਭਰ ਕੇ ਡੁੱਲ੍ਹਣ ਤਾਂ ਭਵਾਂ ਲੱਗ-ਪੇ, ਪਰ ਫੁੱਟਣ ਆਲ਼ੀ ਬਾਤ ਚਿੱਤ 'ਚੋਂ ਕੱਢਦੇ' ਫੇਰ ਕਸੌਲੀ ਨਾਲ਼ ਆਪਣੀ ਜੁੱਤੀ ਦੀ ਮਿੱਟੀ ਖੁਰਚ ਕੇ ਲਾਹ ਦਿੱਤੀ, 'ਕਿੰਨੇ ਜੁਗੜੇ ਬੀਤ ਗਏ ਸ੍ਰਿਸ਼ਟੀ ਸਾਜੀ ਨੂੰ, ਖੌਰੇ ਕਿੱਡਾ ਕੁ ਘੜਾ ਜੇੜ੍ਹਾ ਅਜੇ ਤੀਕ ਤਾਂ ਕਦੇ ਭਰਿਆ ਨਈਂ'

ਪੰਸੇਰੀ ਪੱਕੇ ਭਾਰੇ ਖੂੰਢੇ ਨਾਲ਼ ਉਹਨੂੰ ਠਰੇ ਦਿਨ ਵਿੱਚ ਧਮਕਾਰ ਪਾਉਂਦੇ ਹੋਏ ਨੂੰ ਜਾਂਦੇ ਹੋਇਆ ਵੇਖਣ ਲੱਗ ਪਿਆ। ਉਹ ਅੰਗਰੇਜ ਕੇ ਘਰ ਕੋਲ਼ ਜਾ ਕੇ ਗਾੜੀ ਧੁੰਦ ਵਿੱਚ ਕਿਤੇ ਛਿਪਣ ਈ ਹੋ ਗਿਆ। ਨਾ ਉਹਨੂੰ ਬਾਬਾ ਆਸਾ ਦਿਸਿਆ ਤੇ ਨਾ ਹੀ ਫੇਰ ਖੂੰਢੇ ਦੀ ਧਮਕਾਰ ਸੁਣੀ। ਉਹਨੇ ਕਸੌਲੀ ਨੂੰ ਜ਼ੋਰ ਨਾਲ਼ ਪੱਕੀ ਇੱਟ 'ਤੇ ਮਾਰ ਕੇ ਨਿੱਕੀ ਜਿਹੀ ਫਾਕੜ ਲਾਹ ਦਿੱਤੀ, 'ਹੁਣ ਨੀਂ ਹੋਣ ਦੇਣਾ ਪੱਖ-ਪਾਤ, ਸਿੱਧੀ ਟੱਕਰ ਲਵਾਂਗੇ, ਜਿੱਤ-ਹਾਰ, ਜੀਣ-ਮਰਨ ਤਾਂ ਫੇਰ ਧੁਰੋਂ ਬਣਿਆਂ ਈ ਆਇਆ ਏ......'

ਅੱਖਾਂ ਬੰਦ ਕਰੀ ਬੈਠੇ ਬਲੌਰੇ ਨੂੰ ਆਪਣੀ ਧੁਨ ਵਿੱਚ ਮਸਤ ਹੋਇਆ ਵੇਖ ਕੇ, ਪਟਵਾਰੀ ਨੇ ਉੱਚੀ ਆਵਾਜ਼ ਵਿੱਚ ਪੁੱਛਿਆ, 'ਹਾਂ ਦੱਸ ਬਈ' ਤਾਂ ਉਹਨੇ ਹੱਥ ਉੱਚਾ ਕਰਕੇ ਉਹਨੂੰ ਬੋਲਣ ਤੋਂ ਟੋਕਿਆ, 'ਮਾੜੀ ਜੀ ਗੱਲ ਪੂਰੀ ਕਰ-ਲਾਂ 'ਤੇ ਫੇਰ ਉਵੇਂ ਈ ਠੋਡੀ ਤਲੀ 'ਤੇ ਰੱਖ ਕੇ ਬਹਿ ਗਿਆ।

'ਮਰੇ ਤਾਂ ਹੈਂਗੇ ਆਂ ਈ, ਜਿਉਣ ਦੀ ਖੇਚਲ ਕਰਨ ਲਈ ਮੱਥਾ ਤਾਂ ਫੇਰ ਲਾਉਣਾ ਈ ਪੈਣਾ, ਐਸੀ ਮਰਨੀ ਜੋ ਮਰੇ ਬਹੁਰ ਨਾ ਮਰਨਾ ਹੋਏ' ਤੇ ਗੱਲ ਪੂਰੀ ਕਰਕੇ ਉਹਨੇ ਪੱਟਕ ਦਿਣੇ ਅੱਖਾਂ ਖੋਲ੍ਹੀਆਂ ਤਾਂ ਪਟਵਾਰੀ ਵੀ ਘਾਬਰ ਗਿਆ। ਅੱਖਾਂ ਵਿੱਚ ਰੱਤੀ-ਭਾਅ ਮਾਰਦੀ ਪਈ ਸੀ।

ਐਨਕਾਂ ਲਾਹ ਕੇ ਹੱਥ ਵਿੱਚ ਫੜੀ ਚਾਂਦੀ ਦੀ ਡੱਬੀ ਵਿੱਚ ਪਾ ਲਈਆਂ ਤੇ ਪੁੱਛਿਆ, 'ਦੱਸੋ ਕਿਵੇਂ ਆਉਣਾ ਹੋਇਆ'।

'ਮੇਰੇ ਆ ਲੀੜਿਆਂ ਤੋਂ ਮੈਂ ਤੈਨੂੰ ਨੰਗ ਲੱਗਦਾਂ, ਕੇ ਅਸੁਰ' ਬਲੌਰੇ ਨੇ ਕੁੜਤੇ ਦੀ ਜੇਬ ਨੂੰ ਉਹਦੇ ਅੱਗੇ ਪੁੱਠਾ ਕਰਕੇ ਵਿਖਾ ਦਿੱਤਾ, 'ਤੂੰ ਬੋਲਦਾ ਨੀਂ ਹੁਣ' ਦੋਵਾਂ ਹੱਥਾਂ ਨਾਲ਼ ਬੈਂਚ ਦੀ ਕਿਨਾਰੀ ਫੜ ਕੇ ਹਿਲਾਈ, 'ਫੋਟੋ ਵੇਖ ਕੇ ਲਾ ਤਾਂ ਮੈਂ ਸਾਬ੍ਹ ਲਿਆ ਸੀ, ਤੂੰ ਕੇੜ੍ਹੀ ਮਿੱਟੀ ਦਾ ਬਾਵਾ ਏਂ' ਪਟਵਾਰੀ ਨੇ ਦਬਕੇ ਵਿੱਚ ਆ ਕੇ ਕਾਹਲੀ ਨਾਲ਼ ਡੱਬੀ ਵਿੱਚੋਂ ਐਨਕ ਕੱਢਣ ਦੀ ਕੋਸ਼ਿਸ਼ ਕੀਤੀ, ਉਹਨੂੰ ਫੇਰ ਧਿਆਨ ਨਾਲ਼ ਵੇਖਣ ਲਈ, ਪਰ ਡੱਬੀ ਹੱਥਾਂ ਵਿੱਚ ਖੁੜਕ ਕੇ ਥੱਲੇ ਪੈਰਾਂ ਵਿੱਚ, ਸੀਮਿੰਟ ਦੀ ਉਖੜੀ

ਫਰਸ਼ 'ਤੇ ਡਿੱਗ ਪਈ।

'ਨਾ..ਨਾ..ਈ..ਜੀ..' ਡਰ ਨਾਲ਼ ਏਨਾ ਘਬਰਾ ਕੇ ਥਥਲਾ ਵੀ ਗਿਆ।

'ਫੇਰ ਮੇਰੇ ਵਾਰ 'ਜੀ ਆਂ' ਮੁੱਕਗੀਆਂ, ਇਕ ਅੱਧੀ ਮੇਰੇ ਵਾਰੀ ਵੀ 'ਜੀ' ਨਾਲ਼ ਲੈ ਲੈਂਦਾ, ਤਾਂ ਕੀ ਖਜ਼ਾਨੇ ਭਿੱਟ ਚੱਲੇ ਸੀਗੇ' ਉਹਨੂੰ ਪਟਵਾਰੀ ਦੀ ਰੁੱਖੇ ਲਹਿਜੇ ਨਾਲ਼ ਕੀਤੀ ਗੱਲ ਬਹੁਤ ਰੜਕ ਗਈ। ਇਸ ਤੋਂ ਪਹਿਲਾਂ ਜਿਹੜੇ ਦੋ ਬੰਦੇ ਗਰਦਾਵਰੀ ਲੈ ਕੇ ਗਏ ਸੀ, ਉਹਨਾਂ ਨੂੰ 'ਜੀ ਸਰਦਾਰ ਜੀ', ਆਖ ਕੇ ਬੁਲਾਇਆ ਤੇ 'ਜੀ..ਜੀ', ਕਰਦੇ ਦੇ ਦੰਦ ਜੁੜੇ ਰਹੇ।

'ਨਹੀਂ ਸਰਦਾਰ ਜੀ' ਪਟਵਾਰੀ ਨੇ ਕੰਬਦੇ ਹੱਥਾਂ ਨਾਲ਼ ਥੱਲੇ ਡਿੱਗੀ ਡੱਬੀ ਚੱਕ ਕੇ, ਛੇਤੀ ਨਾਲ਼ ਐਨਕ ਕੱਢ ਕੇ ਲਾ ਲਈ।

'ਲੈ ਤੂੰ ਤੇ ਬੇਲੀਆ ਹਜੇ ਵੀ ਨ੍ਹੀਂ ਮੰਨਦਾ' ਵਿਸ਼ਨੂ ਦੀ ਤਸਵੀਰ ਵੱਲ ਵੇਖ ਕੇ ਮੁੱਕੀ ਵੱਟ ਲਈ 'ਕੇ ਆਵਦੇ ਤੋਂ ਗਰੀਬ ਤੇ ਮਾੜੇ ਬੰਦੇ ਦੀ ਇੱਜ਼ਤ ਕਰਨ ਨਾਲ਼ ਆਵਦੀ ਬਿਜ਼ਤੀ ਹੋ ਜਾਂਦੀ ਐ' ਵਿਸ਼ਨੂ ਤਸਵੀਰ ਅੱਗੇ ਪਏ ਨੋਟਾਂ ਵੱਲ ਵੇਖ ਕੇ ਚਿੱਤ ਵਿੱਚ ਆਈ, 'ਰੱਬ ਵਾਰੀ ਲੋਕਾਂ ਕੋਲ਼ ਪਤਾ ਨੀਂ ਕਿੱਥੋਂ ਨੱਥ ਆ ਜਾਂਦੇ ਐ, ਮਾੜੇ ਨੂੰ ਦੇਣ ਵੇਰਾਂ ਕਿੰਗਰੇ ਢਹਿੰਦੇ ਨੇ...'

'ਹਾਂ ਜੀ ਦੱਸੋ ਸਰਦਾਰ ਜੀ, ਕਿਵੇਂ ਆਉਣ ਕੀਤਾ ਜੀ' ਉਹਨੇ ਦੋਵੇਂ ਹੱਥ ਜੋੜ ਕੇ, ਉਹਦੀ ਨਰਾਜ਼ਗੀ ਸਮਝ ਕੇ ਨਵੇਂ ਸਿਰੇ ਤੋਂ ਗੱਲ ਤੋਰਨ ਦੀ ਕੋਸ਼ਿਸ਼ ਕੀਤੀ।

'ਲੈ ਹੁਣ ਬਣੀ ਐ ਗੱਲ' ਬਲੌਰੇ ਨੇ ਬੂਹਾ ਭੇੜ ਕੇ ਦਿਲ ਦੀ ਰੀਝ ਦੱਸੀ, 'ਆਪਾਂ ਨੇ ਸ਼ੀਂਡ ਆਲ਼ੇ ਕੁੜੀ ਵਸਾਉਣੀ ਐ, ਪੂਰੀ ਫੱਬਤ ਨਾਲ਼' ਧੌਣ ਅਕੜਾ ਕੇ ਮੁੱਠੀ ਬੰਦ ਕਰਕੇ ਮੇਜ਼ 'ਤੇ ਮਾਰੀ ਤਾਂ ਪਾਣੀ ਦਾ ਗਲਾਸ ਕੰਬਿਆ ਤੇ ਨਾਲ਼ ਹੀ ਪਟਵਾਰੀ ਦਾ ਅੰਗ-ਅੰਗ ਵੀ।

'ਅੱਛਾ ਜੀ, ਆ ਪਾਣੀ ਦੀ ਘੁੱਟ ਪੀਓ ਜੀ' ਉਹਦੇ ਦੋਵੇਂ ਹੱਥ ਮੇਜ਼ ਨੂੰ ਪਾਏ ਹੋਣ ਕਰਕੇ ਸਰੀਰ ਦੇ ਕਾਂਬੇ ਦੀ ਝਰਨਾਹਟ ਨਾਲ਼ ਮੇਜ਼ 'ਤੇ ਪਿਆ, ਪਾਣੀ ਵੀ ਕੰਬਣ ਲੱਗ ਪਿਆ।

'ਆਪਾਂ ਤੇ ਪੈਲੀ ਵੇਖਣੀ ਐ ਬੱਸ'

ਪਟਵਾਰੀ ਨੇ ਕੁਰਸੀ ਤੋਂ ਉੱਠ ਕੇ, ਅਲਮਾਰੀ ਵਿੱਚੋਂ ਲਾਲ ਜਿਲਦਾਂ ਨਾਲ਼ ਮੜ੍ਹੇ ਰਿਕਾਰਡ ਵਾਲ਼ੇ ਵੱਡੇ-ਵੱਡੇ ਰਜਿਸਟਰ ਕੱਢ ਲਏ। ਜਿਨ੍ਹਾਂ 'ਤੇ ਉਹਦੇ ਹਲਕੇ ਦਾ ਸਾਰਾ ਹੀ ਰਕਬਾ ਦਰਜ ਸੀ ਤੇ ਧੂੜ ਝਾੜਦਾ ਬੋਲਿਆ, 'ਦੱਸੋ ਫੇਰ ਕੀਹਦੀ ਪੈਲੀ ਵੇਖਣੀ ਐ ਜੀ..'

'ਉਹ ਥੋਨੂੰ ਪਤਾ ਸ਼ੀਂਡ ਆਲ਼ੇ ਸਵ ਤੋਂ ਵੱਧ ਰੱਜੇ ਬੰਦੇ ਕੌਣ ਐ' ਉਹ ਬਾਹਾਂ ਦੀਆਂ ਕੂਹਣੀਆਂ ਦੇ ਭਾਰ ਮੇਜ਼ 'ਤੇ ਝੁਕ ਕੇ ਖੜ੍ਹ ਗਿਆ ਤੇ ਅੱਖਾਂ ਝਪਕੇ ਬਿਨਾਂ ਵਰਕੇ ਵੇਖਣ ਲੱਗ ਪਿਆ।

'ਬਲਤੇਜ ਸਿਉਂ ਕੋਲ਼ ਐ ਇਕੱਤੀ ਕਿੱਲੇ ਜੀ, ਹਰ ਵਰ੍ਹੇ ਇਕ-ਅੱਧ ਕਿੱਲਾ ਨਾਲ਼ ਵੀ ਰਲਾ ਲੈਂਦੇ ਐ, ਬਹੁਤ ਕਮਾਈ ਕਰਦੇ ਐ ਜੀ' ਪਟਵਾਰੀ ਆਪਣੇ ਪਿੰਨ ਨੂੰ ਉਹਦੇ ਨਾਮ 'ਤੇ ਰੱਖ ਦਿੱਤਾ।

'ਏਨਾ ਨਾਲ਼ ਨਹੀਂ ਆਪਾਂ ਨੂੰ ਪੜਤਾ ਪੈਣਾ, ਏਨੀ ਧਰਤੀ ਹੋਣ ਦੇ ਬਾਦ ਵੀ ਏਹ ਅਜੇ ਖੋਹਣੀ ਕਰੀ ਜਾਂਦੇ, ਰੱਜੇ ਈ ਨਹੀਂ, ਕੋਈ ਹੋਰ ਘਰ ਵੇਖ...' ਉਹਨੇ ਨਾਂਹ ਵਿੱਚ ਧੌਣ ਹਿਲਾ ਦਿੱਤੀ।

ਫੇਰ ਕੁਝ ਵਰਕੇ ਉਹਨੇ ਅੱਗੇ ਪਿੱਛੇ ਹੋਰ ਪਲਟੇ ਤੇ 'ਹਾਂ... ਆਹ ਲਓ ਫੇਰ, ਹਰਨੇਕ ਕੋਲ਼ ਐ ਜੀ, ਐਨ ਪੂਰੇ ਸਰਦੇ-ਵਰਦੇ ਐ, ਕਿਸੇ ਦੀ ਕਾਣ ਨਈਂ ਮੰਨਦਾ' ਉਹਨੇ ਝਟਕਾ ਮਾਰ ਕੇ ਫਾਇਲ ਉਹਦੇ ਵੱਲ ਸਰਕਾ ਦਿੱਤੀ।

ਬਲੌਰਾ ਕੋਲ਼ ਪਈ ਕੁਰਸੀ ਖਿੱਚ ਕੇ, ਉੱਤੇ ਪੈਰਾਂ ਭਾਰ ਬਹਿ ਗਿਆ ਤੇ ਫੇਰ ਠੋਡੀ 'ਤੇ ਹੱਥ ਧਰ ਕੇ ਸੋਚਣ ਲੱਗ ਪਿਆ, 'ਏਹ ਬੰਦੇ ਤਾਂ ਹੈਗੇ ਆ ਨਾ, ਕੇ ਕੱਲੇ ਰੱਜੇ ਈ ਐ' ਉਹ ਦੀ ਰਮਜ਼ ਬੁੱਝ ਕੇ ਪਟਵਾਰੀ ਨੇ ਸਿਰਫ ਸਿਰ ਹਿਲਾ ਕੇ ਹਾਮੀ ਭਰ ਦਿੱਤੀ। ਉਹਨੇ ਸੱਜੀ ਅੱਖ ਬੰਦ ਕਰਕੇ ਤਲੀ ਨਾਲ਼ ਮਲੀ ਤੇ ਫੇਰ ਪਲਕ-ਝਪਕ ਕੇ ਬੱਸ 'ਹੂੰਅ' ਕਿਹਾ। ਇਹ ਰਿਸ਼ਤਾ ਜਾਣੀ ਕਾਫੀ ਜਚ ਗਿਆ।

ਬੂਹਾ ਜੜਣ ਕਰਕੇ ਪਟਵਾਰੀ ਦਾ ਦਿਲ ਘਬਰਾ ਰਿਹਾ ਸੀ ਤਾਂ ਉਹ ਮੂੰਹ ਵਿੱਚ ਤੁਕ ਗਾਉਣ ਲੱਗ ਪਿਆ ਤੇ ਨਾਲ਼ੇ ਉਹਦੇ ਵੱਲ ਕਾਣੀ ਜਿਹੀ ਅੱਖ ਨਾਲ਼ ਵੇਖਦਾ ਹੋਇਆ, ਅਲਮਾਰੀ ਵਿੱਚ ਫਿਰ ਰਜਿਸਟਰ ਚੱਕ ਕੇ ਚਿਣਨ ਲੱਗ ਪਿਆ।

'ਹੂੰ..' ਬੁੱਲ ਘੁੱਟ ਕੇ ਮੀਚ ਲਏ ਤੇ ਅੱਖਾਂ ਦੇ ਦੋਏ ਕੋਏ ਸਿਕੋੜ ਕੇ, ਗੀਜੇ ਵਿੱਚੋਂ ਨੋਟ ਕੱਢ ਕੇ ਪਟਵਾਰੀ ਦੇ ਅੱਗੇ ਮੇਜ਼ 'ਤੇ ਸੁੱਟ ਦਿੱਤਾ, ਜਿਵੇਂ ਕਤੀੜ ਨੂੰ ਬੁਰਕੀ ਪਾਈ ਹੁੰਦੀ ਹੈ। ਉਹਨੇ ਅੱਗੇ ਹੋ ਕੇ ਹਵਾ ਨਾਲ਼ ਸਰਕ ਕੇ ਹੇਠਾਂ ਡਿੱਗਦਾ ਨੋਟ ਚੁੱਕਣ ਲਈ ਹੱਥ ਪੈਂਟ ਵਿੱਚੋਂ ਬਾਹਰ ਕੱਢਿਆ ਈ ਸੀ ਕਿ ਬਲੌਰੇ ਨੇ ਨਾਲ਼ ਹੀ ਬੁਸ਼ਕਰ ਮਾਰ ਦਿੱਤੀ, 'ਮੂੰਅ..ਅ..'

ਤਾਂ ਪਟਵਾਰੀ ਨੇ ਝਟਕੇ ਨਾਲ਼ ਹੱਥ ਪਿੱਛੇ ਖਿੱਚ ਲਿਆ। ਇਸ ਨੋਟ ਨੂੰ ਚੱਕ ਕੇ ਜੇਬ ਵਿੱਚ ਪਾਉਣ ਦਾ ਜੇਰਾ ਨਹੀਂ ਪਿਆ। ਨੋਟ ਤੋਂ ਡੂੰਮਣੇ ਵਾਂਗ ਡਰੀ ਗਿਆ। ਫੇਰ ਨੋਟ ਨੂੰ ਰੁਮਾਲ ਨਾਲ਼ ਚੱਕ ਕੇ, ਜਿਵੇਂ ਕੱਪੜੇ ਨਾਲ਼ ਤੱਤੀ ਚੀਜ਼ ਚੁੱਕੀ ਦੀ ਹੈ, ਵਿਸ਼ਣੂ ਦੀ ਤਸਵੀਰ ਅੱਗੇ ਉਸ ਪਾਸੇ ਕਰਕੇ ਧਰ ਦਿੱਤਾ, ਜਿੱਥੇ ਦੇਵਤਿਆਂ ਦੇ ਹਿੱਸੇ ਆਏ ਰਤਨ ਪਏ ਸੀ, ਜੋ ਸਾਗਰ ਵਿੱਚੋਂ ਰਿੜਕ ਕੇ ਬਾਹਰ ਕੱਢੇ ਸੀ।

*** *** ***

ਬਲੌਰੇ ਨੇ ਨੋਟਾਂ ਨਾਲ਼ ਭਰੀ ਗੰਠੜੀ ਸੰਦੂਕ ਵਿੱਚ ਐਨ ਜਵਾਂ ਰਜਾਈਆਂ ਦੀ ਤਹਿ ਥੱਲੇ ਦੱਬ ਕੇ ਰੱਖ ਦਿੱਤੀ। ਫੇਰ ਪਿੱਤਲ ਦਾ ਮੁੱਠੀ ਜਿੰਦਰਾ ਕੁੰਢੇ ਨੂੰ ਲਾਇਆ। ਦੋਵਾਂ ਹੱਥਾਂ ਵਿੱਚ ਫੜ੍ਹ ਕੇ, ਸਾਰੇ ਸਰੀਰ ਦਾ ਭਾਰ ਪਾ ਕੇ ਖਿੱਚ ਕੇ ਵੇਖਿਆ। ਜਿੰਦਰਾ ਜਵਾਂ ਨਹੀਂ ਜਕਿਆ।

ਤੇ ਚਾਬੀ ਬਾਹਰ ਲਿਆ ਕੇ ਦੀਸਾਂ ਨੂੰ ਆਵਾਜ਼ ਮਾਰ ਕੇ ਫੜਾ ਦਿੱਤੀ, 'ਆਹ ਲੈ ਕੁੰਜੀ, ਆਵਦੇ ਨਾਲ਼ੇ ਨਾਲ਼ ਬੰਨ੍ਹ ਕੇ ਰੱਖੀਂ", ਤਿੱਖਾ ਵੇਖ ਕੇ ਉਹ ਪਰ੍ਹੇ ਨੂੰ ਤੁਰ ਗਈ ਤਾਂ ਚਾਬੀ ਹੱਥ ਵਿੱਚੋਂ ਬੁੜ੍ਹਕ ਕੇ ਥੱਲੇ ਡਿੱਗ ਪਈ। ਚਾਬੀ ਨੂੰ ਥੱਲਿਉਂ ਚੱਕ ਉਹਨੇ ਪੀੜੀ 'ਤੇ ਬੈਠੀ ਭੁਸਕ ਰਹੀ, ਦੀਸਾਂ ਦੇ ਲਮਕ ਰਹੇ ਨਾਲ਼ੇ ਦਾ ਸਿਰਾ ਫੜ ਕੇ, ਨਖਾਰੇ ਵਿੱਚ ਦੀ ਲੰਘਾ ਕੇ ਉੱਤੋਂ ਪੂਗੀ ਜਚਾ ਕੇ ਗੰਢ ਮਾਰ ਦਿੱਤੀ। ਕਿਸੇ ਸਹਿਮ ਨਾਲ਼ ਉਹਦੇ ਚਿਹਰੇ ਵੱਲ ਵੇਖਣ ਲੱਗ ਪਿਆ।

ਅਜੈਬ ਨੇ ਵੀ ਅੱਖ ਦੀ ਲਿਸ਼ਕ ਨਾਲ਼ ਸਾਰਾ ਮਾਹੌਲ ਜਾਚ ਲਿਆ। ਮੱਥਾ ਠਣਕ ਗਿਆ, ਜਿਵੇਂ ਨੋਟਾਂ ਦੀ ਖ਼ੁਸ਼ਬੂ ਆ ਗਈ ਹੁੰਦੀ ਹੈ। ਦੋ ਬੀੜੀਆਂ ਨੂੰ ਉਂਗਲਾਂ ਦੇ ਸੰਨ੍ਹ ਵਿੱਚ ਫਸਾ ਕੇ, ਮੁੱਠੀ ਘੁੱਟ ਕੇ ਜ਼ੋਰ ਨਾਲ਼ ਸੂਟਾ ਮਾਰਿਆ, 'ਏਹ ਕਾਹਦੇ ਵੱਟੀ ਫਿਰਦੈ ਮਣਾਂ' ਫੇਰ ਚਿੱਤ ਵਿੱਚ ਗੱਲ ਦੇੜ੍ਹੀ 'ਪੈਸਾ ਹੈ ਈ ਐਸੀ ਚੀਜ਼' ਫੇਰ ਉਹਦੇ ਅੰਗੂਠੇ ਵੱਲ ਵੇਖਿਆ, ਜੋ ਨੀਲਾ ਹੋਇਆ ਪਿਆ ਸੀ।

ਨੀਲੇ ਅੰਗੂਠੇ ਨੇ ਅਜੈਬ ਦਾ ਮੂੰਹ ਚਿੜ੍ਹਾ ਦਿੱਤਾ। ਦੋ ਸੂਟੇ ਛੇਤੀ ਨਾਲ਼ ਮਾਰ ਕੇ ਮੂੰਹ ਦਾ ਸਾਰਾ ਮਾਸ ਨੱਕ ਕੋਲ਼ ਇਕੱਠਾ ਕਰਕੇ, ਬੀੜੀਆਂ ਨੂੰ ਸੁੱਕੀ ਪਰਾਲੀ ਤੇ ਸੁੱਟ ਦਿੱਤਾ ਜੀਹਦੇ ਵਿੱਚੋਂ ਕਾਫੀ ਧੂੰਆਂ ਨਿਕਲ਼ ਪਿਆ।

ਚਿਹਰੇ 'ਤੇ ਸ਼ਾਂਤੀ ਦੇ ਭਾਵ ਰੱਖ ਕੇ 'ਆਹ ਪੈਲੀ ਦਾ ਦਣ ਡੁੱਕਿਆ, ਜੇੜ੍ਹੀ ਤੇਰੇ ਤੋਂ ਵੇਹਰਗੀ ਸੀ, ਕੁੜੀ ਤਾਂ ਸੌਖੀ ਕਰੀਗੇ, ਆਪਾਂ ਤੇ ਮੁੱਕੀ-ਧੱਕੇ ਈ ਖਾਣੇ ਆਂ' ਏਨਾ ਆਖ ਕੇ ਬਲੌਰੇ ਨੇ ਉਹਦੇ ਕੋਲ਼ ਦੀ ਲੰਘਣ ਲਈ ਸੱਜੇ ਪੈਰ ਦੀ ਪੱਬੀ ਹੀ ਪੱਟੀ ਸੀ ਕਿ ਅਜੈਬ ਨਹੁੰਦਰਾਂ ਲੈ ਕੇ ਪਿੱਛੇ ਪੈ ਗਿਆ ਤੇ ਮੰਜੇ 'ਤੇ ਹੀ ਖੜਾ ਹੋ ਗਿਆ।

'ਆਵਦੇ ਨਾਉਂ ਦੀ ਬਚੀ-ਖੁਚੀ ਮੁੱਢੀ ਵੀ ਪੱਟ ਕੇ ਧਰਤੀ' ਥੱਲੇ ਬਹਿ ਕੇ ਮੱਥਾ ਫੜ ਕੇ ਸਿਰ ਹਿਲਾਈ ਗਿਆ ਤੇ ਸੱਜੇ ਹੱਥ ਦੀ ਮੁੱਕੀ ਨਾਲ਼ ਹਿੱਕ ਪਿੱਟ ਕੇ ਵੈਣ ਪਾਇਆ, 'ਧੱਕੇ ਖਾਣ ਲਈ ਵੀ ਅੰਨ ਦੀ ਬੁਰਕੀ ਲੋੜੀਂਦੀ ਐ' ਹੇਠਾਂ ਤੋਂ ਉਠ ਕੇ, ਹਲੂਣੀ ਲੈ ਉਹਦੇ ਗਲਾਂਵੇਂ ਨੂੰ ਹੱਥ ਪਾਉਣ ਲੱਗਿਆ ਤਾਂ ਉਹਦੀ ਅੱਖ ਨਾਲ਼ ਅੱਖ ਮਿਲਾ ਕੇ ਭਮੰਤਰ ਗਿਆ, ਫੇਰ ਦੋਵੇਂ ਹੱਥਾਂ ਨਾਲ਼ ਬੇਕਿਰਕੀ ਨਾਲ਼ ਆਪਣਾ ਹੀ ਗਲਾਂਵਾਂ ਫੜ ਕੇ ਖਿੱਚਣ ਲੱਗ ਪਿਆ ਤੇ ਹਿੱਕ 'ਤੇ ਮੁੱਕੀਆਂ ਮਾਰਨ ਲੱਗ ਪਿਆ।

ਬਲੌਰੇ ਦਾ ਦਿਲ ਕਰਿਆ, ਲਪੇੜ ਮਾਰ ਕੇ ਔਹ ਪਰ੍ਹੇ ਸੁੱਟ ਦੇਵੇ, ਪਰ ਪਤਾ ਨਹੀਂ ਕਿਸ ਸ਼ਰਮ-ਹਯਾ ਨਾਲ਼ ਉਹਨੇ ਇੰਜ ਨਹੀਂ ਕੀਤਾ। ਅੱਖਾਂ ਵਿੱਚ ਹਰਖ ਦੀ ਹੱਸਵੀਂ ਕਾਤਰ ਵੇਖ ਕੇ ਅਜੈਬ ਦੇ ਹੱਥ ਆਪੇ ਹੀ ਢਿੱਲੇ ਹੋ ਗਏ। ਇਹ ਤਰਲਾ ਉਹਨੇ ਕਦੇ ਨਸੀਬੋ ਦੀਆਂ ਅੱਖਾਂ ਵਿੱਚ ਵੇਖਿਆ ਸੀ, ਜਦ ਅਜੈਬ ਅੰਗੂਠੇ ਤੇ ਫੋਕੀ ਪੱਟੀ ਬੰਨ੍ਹ ਕੇ ਘਰੇ ਆਉਂਦਾ ਹੁੰਦਾ ਸੀ। ਪੱਟੀ ਤੋਂ ਨਸੀਬੋ ਕਿਸੇ ਪ੍ਰੇਤ ਵਾਂਗ ਡਰਦੀ, ਦੰਦਲ ਪੈਣ ਤੱਕ ਜਾਂਦੀ।

'ਸ਼ਾਵਾ ਸੇ... ਸ਼ਾਵਾ ਸੇ....' ਆਪਣਾ ਰੋਣ ਥੰਮ ਕੇ ਅਜੈਬ ਨੇ ਹਵਾ ਵਿੱਚ ਹੀ ਹੱਥ ਨਾਲ਼ ਥਾਪੜਾ ਦੇ ਕੇ ਉਹਨੇ ਹੱਲਾਸ਼ੇਰੀ ਦੇ ਸ਼ਰਮ ਦੇਣੀ ਚਾਹੀ। ਧਰਤੀ ਤੋਂ ਰੇਤੇ ਦੀ ਲੱਪ ਭਰ ਕੇ ਹਵਾ ਵਿੱਚ ਉਡਾ ਦਿੱਤੀ। ਬਲੌਰਾ ਦੋ ਕਰਮਾਂ ਤੁਰ ਕੇ ਖੜ੍ਹ ਗਿਆ ਤੇ ਮੋਢੇ ਉੱਤੇ ਦੀ ਪਿੱਛੇ ਭਉਂਕੇ ਵੇਖਦਾ ਬੋਲਿਆ 'ਜੇ ਸ਼ਾਵਾ...ਸੇਂ ਕਹਿ ਕੇ ਹੌਂਸਲਾ ਦਿੰਨਾ ਤਾਂ ਬਾਪੂ ਮਰਨ ਤੋਂ ਪਹਿਲਾਂ ਤੈਨੂੰ ਸੂੰਅ ਆ-ਗੀ' ਜੇਬ ਵਿੱਚ ਨੋਟ ਕੱਢ ਕੇ ਉਹਦੇ ਵੱਲ ਸੁੱਟ ਦਿੱਤਾ, 'ਆ ਚੱਕ, ਛਪੜੀ 'ਤੇ ਜਾ ਕੇ ਪ੍ਰਸ਼ਾਦ ਵੰਡ, ਨਹੀਂ ਤਾਂ ਫੇਰ ਡੱਫ-ਲੀਂ'।

ਅਜੈਬ ਨੇ ਪੂਰੇ ਜ਼ੋਰ ਨਾਲ਼ ਸੱਜੇ ਹੱਥ ਦੀਆਂ ਘਰੂੰਡਾਂ ਮੂੰਹ 'ਤੇ ਮਾਰੀਆਂ।

ਮਾਸ ਉਧੜ ਕੇ ਨਹੁੰਆਂ ਵਿੱਚ ਅੜ ਗਿਆ। ਵਾਲ਼ਾਂ ਦੀਆਂ ਜੜ੍ਹਾਂ ਪੱਟੀਆਂ ਗਈਆਂ, ਜਿਨ੍ਹਾਂ ਨੂੰ ਕਿੰਨਾ ਚਿਰ ਘੂਰ ਕੇ ਵੇਖਦਾ ਰਿਹਾ। ਹਵਾ ਨਾਲ਼ ਨੋਟ ਉੱਡ ਕੇ ਉਹਦੇ ਪੈਰਾਂ ਵਿੱਚ ਆ ਗਿਆ।

ਛੱਤੜੇ ਵਿੱਚ ਬੈਠਾ ਅਜੈਬ ਚਿੱਤ ਵਿੱਚ ਕੋਸਦਾ ਈ ਰਹਿੰਦਾ, ਜਦੋਂ ਵਿਹੜੇ ਵਿੱਚ ਕੰਮ ਕਰਦੀ ਦੀਸਾਂ ਨੂੰ ਵੇਖ ਲੈਂਦਾ, 'ਵਿਹਲੀ ਰੰਨ ਨੂੰ ਗਲ਼ੀ ਦਾ ਝਾਕਾ' ਬੀੜੀਆਂ ਧੁਖਾ ਕੇ ਉੱਡਦੇ ਧੂੰਏਂ ਵੱਲ ਵੇਖ ਕੇ ਗੱਲ ਕਰਦਾ, 'ਦੀਸਾਂ ਜੇ ਕਿਸੇ ਨਾਲ਼ ਨਿਕਲ਼ ਜੇ ਤਾਂ ਪੌਂ-ਬਾਰਾਂ' ਧੂੰਏਂ ਦੀ ਲਕੀਰ ਫਿੱਕੀ ਪੈਂਦੀ ਵੇਖ ਫੇਰ ਦੱਬ ਕੇ ਸੂਟਾ ਮਾਰ ਕੇ ਬੱਦਲ ਬਣਾ ਲੈਂਦਾ, ਇਹਦੇ ਵਿਚਾਲ ਦੀ ਘਰ 'ਚ ਫਿਰਦੀ ਦੀਸਾਂ ਨੂੰ ਵੇਖਦਾ, 'ਵਿਆਹ 'ਤੇ ਖਰਚ ਕਰਨਾ ਕੇੜ੍ਹਾ ਸਉਖਾ, ਬਾਲਾ ਈ ਹੁੰਦੈ, ਘਰ ਦਾ ਥੱਲਾ ਨਿਕਲ਼-ਜੂ ਬੀੜੀਆਂ ਤੋਂ ਵੀ ਹੱਥ ਧੋ ਕੇ ਬਹਿਜਾਂ-ਗੇ, ਚਹੁ ਦਿਨਾਂ ਦੀ ਚੁੰਜ-ਕਥਾ, ਫੇਰ ਕੀ ਐ, ਕੈ ਹਜ਼ਾਰਾਂ ਰੁਪਈਆ ਪਾਣੀ ਆਨੂੰ ਵਹਿ-ਜੂ' ਸੁਰਤ ਉਦੋਂ ਟੁੱਟਦੀ ਜਦੋਂ ਬੀੜੀ ਸਾਰੀ ਮੱਚ ਕੇ ਉਂਗਲਾਂ ਦੇ ਪੋਟੇ ਸਾੜ ਦਿੰਦੀ। ਉਂਗਲਾਂ 'ਤੇ ਫੂਕ ਮਾਰਦਾ, 'ਕੁੜੀ ਵਿਔਣੀ ਤਾਂ ਨੰਗ ਜੱਟ-ਲੀ ਮੌਤ ਆ ਨਿਰੀ, ਨਾਲ਼ੇ ਊਂ ਵੀ ਕੇੜ੍ਹਾ ਸਾਡੀ ਅਲਿਦਾ ਨਿਕਲੂ, ਹੇ ਸੱਚੇ ਪਾਸ਼ਾ ਕਰਦੇ ਵਸਦਿਆਂ 'ਚ ਕਾਹਤੋਂ ਸਾਡੇ ਪਿੰਡਿਆਂ ਦੀ ਮਿੱਟੀ ਦਾ ਨਾਸ਼ ਮਾਰਦੈਂ.....'

ਨੋਟ ਚੱਕ ਕੇ ਜੇਬ ਵਿੱਚ ਪਾ ਲਿਆ ਤੇ ਉੱਠ ਕੇ ਪਿੱਲੀ ਇੱਟ ਨੂੰ ਜ਼ੋਰ ਨਾਲ਼ ਠੁੱਡਾ ਮਾਰ ਕੇ ਭੰਨ੍ਹ ਦਿੱਤਾ। ਇੱਟਾਂ ਦੀ ਚੌਕੜੀ ਬਣਾ ਕੇ, ਕੋਲ਼ ਪਏ ਤੌੜੇ ਵਿੱਚੋਂ ਪਾਣੀ ਨਾਲ਼ ਅੱਖਾਂ, ਹੱਥ, ਮੂੰਹ ਨੂੰ ਪੂਰਾ ਮਲ ਕੇ ਧੋ ਲਿਆ। ਹੱਥ-ਪੈਰ ਸਾਫੇ ਨਾਲ਼ ਪੂੰਝ ਕੇ, ਨੋਟ ਲੈ ਕੇ ਓਮੇ ਦੀ ਹੱਟੀ 'ਤੇ ਤੁਰ ਗਿਆ।

ਲੱਡੂਆਂ ਦਾ ਪ੍ਰਸ਼ਾਦ ਲਿਫਾਫੇ ਵਿੱਚ ਪਾ ਕੇ ਸਾਫੇ ਦੇ ਲੜ੍ਹ ਬੰਨ੍ਹ ਕੇ ਮੋਢੇ ਤੋਂ ਪਿੱਛੇ ਮੌਰਾਂ 'ਤੇ ਸੁੱਟ ਲਿਆ। ਚਿੱਤ ਵਿੱਚ ਵਾਖਰੂ-ਵਾਖਰੂ ਦਾ ਜਾਪ ਕਰਦਾ ਹੋਇਆ ਕਾਹਲੇ ਪੈਰੀਂ ਚੱਲ ਪਿਆ। ਬੂਹੇ ਵਿੱਚ ਖੜ੍ਹ ਕੇ ਗੁਰਦੁਆਰੇ ਦੇ ਗ੍ਰੰਥੀ ਨੂੰ ਆਵਾਜ਼ ਮਾਰੀ, 'ਓਏ ਬਾਬਾ ਜੀ, ਬਾਬਾ ਜੀ ਓਏ....' ਉਹਦੀ ਆਵਾਜ਼ ਵਿੱਚ ਕਿਸੇ ਦਬਕੇ ਜਿਹੀ ਗੜ੍ਹਕ ਸੀ। ਸਬਰ ਦਾ ਬੰਨ੍ਹ ਟੁੱਟ ਚੁੱਕਿਆ ਸੀ।

ਬਰਾਂਡੇ ਵਿੱਚ ਪੱਖਾ ਛੱਡ ਕੇ ਤਖਤ 'ਤੇ ਪਏ ਰਾਤ ਦੀ ਰੌਲ 'ਤੇ ਬੈਠਣ ਕਰਕੇ ਉਨੀਂਦੇ ਗ੍ਰੰਥੀ ਨੇ ਜੁੱਤੀ ਪੈਰਾਂ ਵਿੱਚ ਪਾਈ ਤੇ ਉਬਾਸੀ ਲੈਂਦਾ, ਆਪਣੇ ਵੱਡੇ ਢਿੱਡ ਨਾਲ਼ ਝੂਲ-ਝੂਲ ਕੇ ਤੁਰਦਾ ਹੋਇਆ ਬੂਹੇ ਕੋਲ਼ ਆ ਕੇ ਖੜ੍ਹ ਗਿਆ। ਵਿਰਲਾਂ ਵਿੱਚ ਦੀ ਅਜੈਬ ਨੂੰ ਵੇਖ ਕੇ ਕੁੰਢਾ ਖੋਲ੍ਹਣ ਦੀ ਲੋੜ ਨਾ ਸਮਝੀ ਤੇ ਇੰਜ ਈ ਪੁੱਛਿਆ, 'ਦੱਸੋ ਜੀ' ਬੋਲਣ ਦੇ ਲਹਿਜ਼ੇ ਵਿੱਚ ਰੁੱਖਾਪਣ ਸੀ।

'ਆ ਆਰਦਸੀ ਜੀ ਕਰਨੀ ਐ' ਪ੍ਰਸ਼ਾਦ ਵਾਲ਼ੇ ਲਿਫਾਫੇ ਨੂੰ ਸਾਫੇ ਦੇ ਲੜ੍ਹ ਵਿੱਚੋਂ ਖੋਲ੍ਹਦਾ ਹੋਇਆ, 'ਆ ਜੋ ਦੱਬ ਕੇ' ਗੰਢ ਪਿਚਕ ਜਾਣ ਕਰਕੇ ਉਹ ਦੰਦਾਂ ਨਾਲ਼ ਖੋਲ੍ਹਣ ਲੱਗ ਪਿਆ ਪਰ ਪੂਰਾ ਹੀ ਧਿਆਨ ਰੱਖਿਆ, ਕਿਤੇ ਮੂੰਹ ਲੱਗਣ ਕਰਕੇ ਪ੍ਰਸ਼ਾਦ ਜੂਠਾ ਨਾ ਹੋ ਜਾਵੇ।

'ਆਥਣੇ ਜੇ ਆਜਿਆ ਜੇ ਠੰਢੇ ਹੋਏ' ਏਨਾ ਆਖ ਕ ਉਹ ਉਬਾਸੀ ਲੈ ਕੇ ਤਖਤਿਆਂ ਕੋਲ਼ੋਂ ਮੁੜਨ ਈ ਲੱਗਿਆ ਸੀ ਕਿ ਅਜੈਬ ਨੇ ਜ਼ੋਰ ਨਾਲ਼ ਤਖਤੇ ਥਾਪੇ, 'ਹੁਣੇ ਆ ਬਾਬਾ ਉਦੋਂ ਨੂੰ ਤਾਂ ਕੰਮ ਹੱਥੋਂ ਰਿੜਜੂ, ਜੇੜ੍ਹਾ ਕੁਛ ਕਰੌਣਾ ਦਾਤੇ ਤੋਂ ਹੁਣੇ ਈ ਕਰੌਣਾ ਖੜ੍ਹੇ ਪੈਰੀਂ, ਬਾ-ਚ ਕੀ ਫੈਦਾ ਐਵੇਂ ਤਰਲੇ ਕਰਨ ਦਾ.....'

ਅੱਖੜ ਬੋਲ ਸੁਣ ਕੇ ਗ੍ਰੰਥੀ ਨੇ ਡਰ ਕੇ ਤਖਤੇ ਖੋਲ੍ਹ ਦਿੱਤੇ, ਕਿਤੇ ਹੋਰ ਈ ਨਾ ਭੰਬਲ-ਭੂਸੇ ਵਿੱਚ ਪਾ ਕੇ ਬਹਿ ਜਾਵੇ। ਗਲ਼ ਵਿੱਚ ਕਾਲ਼ੇ ਸੂਫ਼ ਦਾ ਸਾਫਾ ਪਾ ਲਿਆ। ਹਜ਼ੂਰੀ ਵਿੱਚ ਆ ਕੇ ਅਣਮੰਨੇ ਮਨ ਨਾਲ਼ ਮੂੰਹ ਵਿੱਚ ਗੁਣ-ਗੁਣ ਕਰੀ ਗਿਆ ਤੇ ਉਬਾਸੀਆਂ ਵੀ ਲਈ ਗਿਆ।

ਜਦੋਂ ਉਹ ਨਾਮ ਲੈ ਕੇ ਅਰਦਾਸ ਵਿੱਚ ਖੈਰ-ਸੁੱਖ ਮੰਗਣ ਲੱਗਾ ਤਾਂ ਅਜੈਬ ਨੇ 'ਖੰਗੂਰਾ' ਮਾਰ ਕੇ ਉਬਾਸੀ ਲੈਂਦੇ ਗ੍ਰੰਥੀ ਨੂੰ ਆਪਣੇ ਵੱਲ ਝਕਾ ਲਿਆ ਤੇ ਹੱਥ ਦੇ ਇਸ਼ਾਰੇ ਨਾਲ਼ , 'ਖੜੋ ਜਾ' ਟੋਕ ਦਿੱਤਾ, ਤੇ ਆਪਣੇ ਦਿਲ ਵਿੱਚ ਅੱਖਾਂ ਬੰਦ ਕਰਕੇ, ਹੱਥ ਜੋੜ ਕੇ ਅਰਜੋਈ ਕੀਤੀ।

'ਸੱਚੇ ਪਾਸ਼ਾ ਸੁਣ-ਲਾ ਕਰਦੇ ਵਸਦਿਆਂ ਚ' ਦੁਆ ਮੰਗ ਕੇ ਫੇਰ ਸਿਰ ਦਾ ਇਸ਼ਾਰਾ ਮਾਰ ਕੇ, ਬਾਕੀ ਦੀ ਰਹਿੰਦੀ ਅਰਦਾਸ ਸਿਰੇ ਲਾਉਣ ਲਈ ਆਖ ਦਿੱਤਾ। ਗ੍ਰੰਥੀ ਕਣੱਖੀ ਅੱਖ ਨਾਲ਼ ਅਜੈਬ ਵੱਲ ਵੇਖੀ ਗਿਆ, ਸੋਚਾਂ ਵਿੱਚ ਵਹਿ ਗਿਆ, ਅਰਦਾਸ ਕਰਦਾ ਹੋਇਆ।

ਉਹਨੇ ਅਜਿਹੀ ਅਰਦਾਸ ਜੀਵਨ ਵਿੱਚ ਕਦੇ ਵੀ ਨਹੀਂ ਸੀ ਕੀਤੀ।

*** *** ***

ਮੰਜੇ 'ਤੇ ਪੈਰ ਭਾਰ ਬਹਿ ਕੇ, ਇਕ ਹੱਥ ਵਿੱਚ ਥਾਲੀ ਫੜ੍ਹ ਕੇ ਦੂਜੇ ਹੱਥ ਨਾਲ਼ ਬੁਰਕੀ ਤੋੜ ਕੇ, ਰੋਟੀ ਖਾਂਦੇ ਅਜੈਬ ਦੀ ਜੀਭ ਦੰਦਾਂ ਵਿੱਚ ਕਿੰਨੇ ਵਾਰ ਛੇਹੀ ਗਈ। ਪੀੜ ਨਾਲ਼ ਚੀਕ ਈ ਪੈਂਦਾ ਤੇ ਮੂੰਹ ਖੋਲ੍ਹ ਕੇ ਜੀਭ ਨੂੰ ਫੂਕ ਮਾਰਦਾ। ਹੱਥ ਨਾਲ਼ ਝੱਲ ਵੀ ਮਾਰਦਾ।

'ਹਈ...ਉ. ਹੋ' ਅੱਖਾਂ ਦੇ ਕੋਇਆਂ ਵਿੱਚ ਪਾਣੀ ਭਰ ਆਉਂਦਾ। ਭੁੱਖ ਉਹਨੂੰ ਬਹੁਤ ਨਹੀਂ ਸੀ ਲੱਗੀ, ਪਰਸੋਂ ਦੀ ਰੋਟੀ ਖਾਣੀ ਜਿਵੇਂ ਬੰਦ ਹੀ ਕਰ ਦਿੱਤੀ ਸੀ। ਚੌਂਤਰੇ 'ਤੇ ਚੁੱਲ੍ਹੇ ਅੱਗੇ ਬੈਠਾ ਬਲੌਰਾ, ਕੰਧੋਲੀ ਦੇ ਰੌਸ਼ਨਦਾਨਾਂ ਵਿੱਚ ਦੀ ਵੇਖਦਾ ਜਦੋਂ ਉਹ ਪੀੜ ਨਾਲ਼ ਉਹ ਭੁਸਕਦਾ।

ਅਜੈਬ ਦੀ ਸੁਰਤ ਵਾਰ-ਵਾਰ ਸੁਆਤ ਵੱਲ ਜਾਂਦੀ ਪਈ ਸੀ, ਜੀਹਦੇ ਵਿੱਚ ਨਿੰਮ ਦੀ ਲੱਕੜ ਦਾ ਬਣਿਆ ਸੰਦੂਕ ਪਿਆ ਸੀ, ਜੋ ਨਸੀਬੋ ਦਾਜ ਵਿੱਚ ਲੈ ਕੇ ਆਈ ਸੀ।

ਉਹਦੀ ਝਾਕਣੀ ਨੂੰ ਬਲੌਰਾ ਚੰਗੀ ਤਰ੍ਹਾਂ ਤਾੜ ਗਿਆ।

ਰੋਟੀ ਖਾਣੀ ਉਹਨੇ ਵਿੱਚੇ ਹੀ ਛੱਡ ਦਿੱਤੀ। ਚਿੱਤ ਵਿੱਚ ਖੋਹ ਪੈਣ ਲੱਗੀ। ਏਨੀ ਕਾਹਲੀ ਸੀ ਕਿ ਪਾਣੀ ਦੀ ਥਾਂ ਉਹਨੇ ਕੋਲ਼ ਪਏ ਲੱਸੀ ਦੇ ਗਲਾਸ ਨਾਲ਼ ਹੀ ਹੱਥ ਧੋ ਲਏ। ਕੁੜਤੇ ਦੇ ਅਗਲੇ ਲੜ ਨਾਲ਼ ਹੱਥ ਪੂੰਜਦਾ ਹੋਇਆ, 'ਭੈਣੇ ਆ ਕੁੰਜੀ ਤਾਂ ਫੜ੍ਹਾ ਦੇਈ ਕੇਰਾਂ'

ਆਟੇ ਨਾਲ਼ ਉਹਦੇ ਹੱਥ ਲਿੱਬੜੇ ਸੀ ਤੇ ਪੇੜਾ ਵੀ ਹੱਥ ਵਿੱਚ ਸੀ, ਪੇੜਾ ਕਰਕੇ ਉਹਨੇ ਨਾਲ਼ੇ ਨਾਲ਼ ਬੰਨ੍ਹੀ ਚਾਬੀ ਦੰਦਾਂ ਨਾਲ਼ ਖੋਲ੍ਹ ਕੇ ਫੜ੍ਹਾ ਦਿੱਤੀ। ਉਠ ਕੇ ਅੰਦਰ ਗਿਆ ਤੇ ਸੰਦੂਕ ਵਿੱਚੋਂ ਨੋਟ ਕੱਢ ਕੇ, ਜੇਬ ਵਿੱਚ ਪਾ ਕੇ ਚੌਤਰੇ 'ਤੇ ਆ ਗਿਆ, ਧਿਆਨ ਰੱਖੀ ਮਾੜਾ ਜਾ'

ਜਿੰਦਰਾ ਖੁੱਲ੍ਹਣ 'ਤੇ ਹੁੰਦੀ ਕੁੰਡਿਆਂ ਦੀ ਖੜਾਕ ਸੁਣ ਕੇ ਅਜੈਬ ਦੇ ਕੰਨ ਖੜ੍ਹੇ ਹੋ ਗਏ।

ਬਲੌਰਾ ਉਸੇ ਵੇਲ਼ੇ ਹੀ ਤੁਰਤ ਪੈਰੀਂ ਜਾ ਕੇ ਓਮੇ ਦੀ ਹੱਟੀ ਤੋਂ ਇਕ ਜਿਸਤੀ ਲੋਹੇ ਦਾ ਸੰਗਲ ਖਰੀਦ ਕੇ ਲੈ ਆਇਆ। ਪੂਰਾ ਨਰੋਆ ਸੀ। ਆਪਣੇ ਪੈਰ ਵਿੱਚ ਕੁੰਡਾ ਪਾ ਕੇ, ਦੂਜੇ ਸਿਰੇ ਨੂੰ ਦੋਵਾਂ ਹੱਥਾਂ ਨਾਲ਼ ਵਲ੍ਹੇਟ ਲਿਆ। ਫੇਰ ਪੂਰੇ ਜ਼ੋਰ ਨਾਲ਼ ਸਾਰਾ ਤਾਣ ਲਗਾ ਕੇ ਉਹਨੂੰ ਖਿੱਚ ਕੇ ਤੋੜਨ ਲੱਗ ਪਿਆ। ਸਾਰਾ ਸਰੀਰ ਕੰਬ ਰਿਹਾ ਸੀ। ਪੈਰਾਂ 'ਤੇ ਹੱਥਾਂ ਵਿੱਚ ਇਕ ਰੱਸਾ-ਕਸੀ ਹੋਣ ਲੱਗੀ। ਦੋ ਤਿੰਨ ਵਾਰ ਹੁੱਜ ਕੇ ਵੀ ਮਾਰੇ। ਫੇਰ ਦੋ ਲੰਮੇ ਸਾਹ ਲੈ ਕੇ ਸੁਰਤ ਟਿਕਾਣੇ ਸਿਰ ਕੀਤੀ, ਪੂਰੀ ਤਸੱਲੀ ਨਾਲ਼ ਬੋਲਿਆ, 'ਠੀਕ ਐ' ਤੇ ਪਰ੍ਹੇ ਥੁੱਕ ਦਿੱਤਾ।

ਓਮਾ ਉਹਦੇ ਹੁੰਦੇ ਇਸ ਕੌਤਕ ਨੂੰ ਵੇਖਦਾ ਰਿਹਾ। ਉਹਦੇ ਲੱਗਦੇ ਜ਼ੋਰ ਨਾਲ਼ ਉਹਦੇ ਵੀ ਦੰਦ ਕਰੀਚੇ ਗਏ, 'ਏਹ ਨੀ ਟੁੱਟਦਾ ਮੰਹਿ ਤੋਂ' ਉਹਦੀ ਜਾੜ ਵੀ ਦੁੱਖਣ ਲੱਗ ਪਈ ਸੀ, ਜੀਹਦੇ ਵਿੱਚ ਉਹਨੇ ਫੁਰਤੀ ਨਾਲ਼ ਗੱਲੇ ਵਿੱਚ ਪਿਆ ਲੌਂਗਾਂ ਦੇ ਤੇਲ ਵਿੱਚੋਂ, ਰੂੰ ਦਾ ਫੰਬਾ ਲਬੇੜ ਕੇ ਦੁਖਦੀ ਜਾੜ੍ਹ ਵਿੱਚ ਰੱਖ ਦਿੱਤਾ।

'ਮੰਹਿ ਨੂੰ ਤਾਂ ਸੋ ਸ਼ਰਮ ਹੁੰਦੀ ਐ, ਪਰ ਬੰਦੇ ਨੂੰ ਨਈਂ' ਬਾਕੀ ਵਧੇ ਰੁਪਏ ਉਹਨੇ ਖਾਤੇ ਵਿੱਚ ਕਟਾ ਦਿੱਤੇ ਸੀ। ਸੰਗਲ ਲੈ ਕੇ ਘਰ ਆ ਗਿਆ।

ਉਹਨੂੰ ਬੂਹੇ ਵਿੱਚ ਖੜੇ ਨੂੰ ਵੇਖ ਕੇ ਅਜੈਬ ਐਂਵੇਂ ਹੀ ਤੂੜੀ ਦੇ ਕੁੱਪ 'ਤੇ ਬੈਠੀਆਂ

ਚਿੜੀਆਂ ਨੂੰ 'ਹੋ..' ਕਰਕੇ ਉਡਾਉਣ ਦਾ ਬਹਾਨਾ ਕਰਨ ਲੱਗ ਪਿਆ। ਸੰਗਲ ਦਾ ਇਕ ਸਿਰਾ ਮੰਜੇ ਦੀ ਬਾਹੀ ਨਾਲ਼ ਬੰਨ੍ਹ ਕੇ, ਜਿੰਦਰਾ ਮਾਰ ਦਿੱਤਾ ਤੇ ਦੂਜੇ ਸਿਰੇ ਨਾਲ਼ ਅਜੈਬ ਦੀ ਲੱਤ ਬੰਨ੍ਹਣ ਲੱਗਿਆ ਤਾਂ ਇਹ ਵੇਖ ਕੇ ਦੀਸਾਂ ਵੀ ਘਾਬਰ ਗਈ।

'ਆਹ ਕੀ ਕਮਲ ਮਾਰੀ ਜਾਨਾਂ' ਅਜੈਬ ਨੇ ਹੱਥ ਅੱਗੇ ਕਰਕੇ, ਦੋਏ ਗਿੱਟੇ ਪਿੱਛੇ ਨੂੰ ਖਿੱਚ ਕੇ ਫੇਰ ਚੌਂਕੜੀ ਮਾਰ ਕੇ ਪੱਟ ਥੱਲੇ ਕਰ ਲਏ।

'ਦੀਂਹਦਾਂ ਈ ਐ, ਏਨੀ ਨਿਗ੍ਹਾ ਨੀ ਮੱਠੀ ਹੋਈ ਤੇਰੀ' ਉਹਨੇ ਲੱਤ ਖਿੱਚ ਕੇ ਚੌਂਕੜੀ ਵਿੱਚੋਂ ਬਾਹਰ ਵੱਲ ਨੂੰ ਕਰ ਲਿਆ। ਸੰਗਲ ਦਾ ਵਲ ਮਾਰ ਕੇ ਕੜੀਆਂ ਵਿੱਚੋਂ ਦੀ ਜਿੰਦਰਾ ਲੰਘਾ ਕੇ ਚਾਬੀ ਘੁਮਾ ਦਿੱਤੀ ਤੇ ਜਿੰਦਰੇ ਨੂੰ ਫੇਰ ਜੋਹ ਕੇ ਵੇਖਿਆ। ਫੇਰ ਉਹਦੇ ਮੰਜੇ ਕੋਲ਼ ਪਈ ਉਹ ਹਰ ਸ਼ੈਅ ਚੱਕ ਕੇ ਪਾਸੇ ਸੁੱਟ ਦਿੱਤੀ, ਜੀਹਦੇ ਨਾਲ਼ ਠੋਕਰਾਂ ਮਾਰ ਕੇ ਜਿੰਦਰਾ ਤੋੜਿਆ ਜਾ ਸਕਦਾ ਸੀ।

'ਕਾਹਤੋਂ" ਅਜੈਬ ਨੇ ਦੱਬਵੇਂ ਬੋਲ ਵਿੱਚ ਕੋਈ ਭੇਤ ਪੁੱਛਣ ਦੀ ਵਿੱਡ ਬਣਾਈ।

'ਘੁਣ ਜਿਹਾ ਖਾਈ ਜਾਂਦੈਂ ਕਿਤੇ ਪੈਸੇ ਚਾਕੇ ਈ ਨਾ ਟਿੱਬ ਜਾਵੇ, ਹੁਰ ਕੀ ਚੱਸ ਹੋਣੀ ਆਂ' ਚਾਬੀ ਨੂੰ ਕੁੜਤੇ ਦੇ ਗੀਜੇ ਵਿੱਚ ਪਾ ਲਿਆ ਤੇ ਹੱਥ ਝਾੜ ਕੇ ਬੋਲਿਆ, 'ਜੇ ਪਸ਼ਾਬ ਕਰਨਾ ਹੋਇਆ ਤਾਂ ਪੈਂਦ 'ਤੇ ਬਹਿ ਕੇ ਈ ਕਰ-ਲੀਂ, ਐਵੇਂ ਨਾ ਸੁੱਤੇ ਪਏ ਨੂੰ ਠਾਂਦੀ' ਤੇ ਆਪ ਸੰਦੂਕ ਦੇ ਅੱਗੇ ਮੰਜਾ ਡਾਹ ਕੇ ਪੈ ਗਿਆ।

*** *** ***

# ਵੰਗ-ਵਾਣੀ

ਦੀਸਾਂ ਦੇ ਰਿਸ਼ਤੇ ਦੀ ਪੂਰੀ ਪੱਕ-ਠੱਕ ਹੋ ਗਈ।

ਉਹਦਾ ਰੰਗ ਰੂਪ ਵੇਖ ਕੇ ਸਾਰਾ ਪਰਿਵਾਰ ਹੀ ਈਨ ਮੰਨ ਗਿਆ। ਕੰਮ ਕਰ-ਕਰ ਕੇ ਸਾਰਾ ਸਰੀਰ ਮੱਕੀ ਦੇ ਆਟੇ ਵਾਂਗ ਗੁੰਨ੍ਹਿਆ ਪਿਆ ਸੀ। ਕਿਸੇ ਨੇ ਮਿੱਸੀ ਨਾਂਹ ਵੀ ਨਹੀਂ ਕੀਤੀ। ਇਕ ਦੂਜੇ ਦੇ ਕੰਨਾਂ ਵਿੱਚ ਖੁਸਰ-ਮੁਸਰ ਕਰਦੇ ਹੋਇਆਂ, ਸਭ ਦੀਆਂ ਧੌਣਾਂ ਹਾਂ ਵਿੱਚ ਹਿੱਲ ਰਹੀਆਂ ਸੀ। ਸਾਰੀ ਗੱਲ ਪਟਵਾਰੀ ਨੇ ਪੈਸਿਆਂ ਦੇ ਲਾਲਚ ਵਿੱਚ ਆਪੇ ਹੀ ਸੰਭਾਲ ਲਈ। ਮੁੱਛਾਂ 'ਤੇ ਹੱਥ ਫੇਰ ਕੇ, ਉਹਨੇ ਦਿਲ ਵਿੱਚ ਗੱਲ ਰੜਕਾਈ 'ਬਈ ਬੱਕਰੇ ਨੇ ਤਾਂ ਕੱਲੀ ਜਾਨ ਦੇਣੀ ਐ, ਜੰਞ ਰਜੌਣ ਦਾ ਠੇਕਾ ਨ੍ਹੀ ਲਿਆ' ਤੇ ਫੇਰ ਮੁੰਡੇ ਦੇ ਪਿਉ ਦੇ ਸੀਨੇ ਵਿੱਚ ਲਾਲਚ ਦਾ ਤੋੜਕਾ ਗੱਢ ਦਿੱਤਾ, 'ਉਰੇ ਹੋ ਨਾਜ਼ਰ ਸਿਆਂ, ਗੱਲ ਸੁਣ, ਏਨੂੰ ਖੜਸੁੱਕ ਨੂੰ ਕੀਹਨੇ ਡੋਲਾ ਦੇਣਾ, ਹੋਰ ਦਸ-ਵੀਹ ਵਰ੍ਹਿਆਂ ਬਾਦ ਐਦੀ ਗੁੱਤੀ ਪੂਰੀ ਜਾਣੀ ਆਂ, ਫੇਰ ਏਹਦੀ ਪੈਲੀ ਵਿੱਚ ਹਲ਼ ਤੁਸੀਂ ਜੋਤਣਾ, ਹੁਣ ਬਾਹਲੀਆਂ ਜਕਾਂ-ਤਕਾਂ ਨਾ ਕਰ'

ਬਲੌਰੇ ਨੇ ਜਦੋਂ ਗੁਰਦੁਆਰੇ ਵੜਣ ਲਈ, ਪਾਣੀ ਦੀ ਖੇਲ ਵਿੱਚ ਪੈਰ ਧੋਣ ਲਈ ਪੁਲਾਂਘ ਪੱਟੀ, ਤਾਂ ਇਹਦੇ ਵਿੱਚ ਆਪਣਾ ਚਿਹਰਾ ਵੇਖ ਕੇ ਕਚਿਆਣ ਮੰਨ ਗਿਆ। ਪੈਰ ਨੂੰ ਉਵੇਂ ਈ ਹਵਾ ਵਿੱਚ ਰੋਕ ਲਿਆ ਤੇ ਕੋਲ਼ ਲੰਘਦੇ, ਆਪਣੇ ਹੋਣ ਵਾਲ਼ੇ ਜਵਾਈ ਹਰਨੇਕ ਨੂੰ ਰੋਕਿਆ, ਕਿਤੇ ਪਾਣੀ ਵਿੱਚ ਦਿਸਦੇ ਆਪਣੇ ਮੂੰਹ 'ਤੇ ਪੈਰ ਨਾ ਰੱਖ ਦੇਵੇ। ਬੂਹੇ ਵਿੱਚ ਬਣੇ ਸੰਗਮਰਮਰ ਦੇ ਥੜੇ 'ਤੇ, ਬੈਠੇ ਛੋਟੇ-ਛੋਟੇ ਨਿਆਣੇ ਭੀਖ ਮੰਗਦੇ ਵੇਖੇ ਤਾਂ ਇੱਥੋਂ ਹੀ ਮੁੜ ਜਾਣ ਦਾ ਫੈਸਲਾ ਕਰ ਲਿਆ, 'ਰੱਬ ਦੇ ਘਰ ਈ ਜਦੋਂ ਲੋਕ ਭੁੱਖੇ-ਭਾਣੇ ਫਿਰਦੇ ਐ, ਫੇਰ ਏਥੇ ਕਰਨਾ ਕੀ ਐ, ਏਦੂੰ ਤੇ ਸਿਵਿਆਂ 'ਚ ਚੱਲ ਕੇ ਬਹਿ-ਜਾਈਏ...' ਪੈਰ ਵਿੱਚ ਜੁੱਤੀ ਪਾ ਲਈ।

ਹਰਨੇਕ ਕੁਛ ਬੋਲਦਾ ਹੋਇਆ ਝਿਜਕ ਮੰਨ ਗਿਆ ਤੇ ਸਭ ਦੇ ਚਿਹਰਿਆਂ ਤੇ ਆਏ ਸਹਿਮ ਨਾਲ਼ ਮੱਥਿਆਂ 'ਤੇ ਪਈਆਂ ਤਿਉੜੀਆਂ ਤਾੜ ਕੇ ਚੁੱਪ ਕਰ ਗਿਆ।

ਸਾਫੇ ਨਾਲ਼ ਚਾਦਰੇ 'ਤੇ ਪਈ ਧੂੜ ਨੂੰ ਝਾੜਦਾ ਹੋਇਆ ਬਲੌਰਾ ਪਾਸੇ ਨੂੰ ਤੁਰ ਪਿਆ ਤੇ ਪਿੱਛੇ ਹੀ ਪਟਵਾਰੀ ਤੇ ਦੀਸਾਂ ਵੀ। ਨਾਲ਼ ਹੀ ਪਟਵਾਰੀ ਨੇ ਹੱਥ ਨਾਲ਼ ਚੱਲਣ ਦਾ ਇਸ਼ਾਰਾ ਕਰ ਦਿੱਤਾ 'ਹੋਣੀ ਐ ਏਹਦੀ ਰੱਬ ਨਾਲ਼ ਕੋਈ ਲਾਗ-ਡਾਟ....'

'ਗੁਰੂ ਦੇ ਦਰੋਂ ਐ ਮੁੜਨਾ ਚੰਗੀ ਗੱਲ ਨੀਂ' ਹਰਨੇਕ ਦੀ ਮਾਂ ਨੇ ਕਿਸੇ ਦੇ ਕੰਨ ਵਿੱਚ ਗੱਲ ਕੀਤੀ ਤੇ ਨਾਲ਼ ਹੀ ਦੋਵੇਂ ਹੱਥ ਬੰਨ੍ਹ ਕੇ ਭੁੱਲ ਬਖਸਾਉਣ ਲਈ ਕਿਹਾ, 'ਭੁੱਲ ਚੁੱਕ ਬਖਸ਼ੀ ਦਾਤਿਆ' ਹਵਾ ਦਾ ਰੁਖ ਇਧਰ ਨੂੰ ਹੋਣ ਕਰਕੇ ਬਲੌਰੇ ਦੇ ਕੰਨ ਵਿੱਚ ਚੁਗਲੀ ਹੋ ਗਈ ਤੇ ਉਹਨੇ ਨਵੀਂ ਗੱਲ ਹੀ ਕੱਢ ਮਾਰੀ, 'ਭੈਣ ਜੀ ਨਾਂਹ ਮੈਨੂੰ ਕਿਸੇ ਦੀ ਚੁੱਕ ਐ, ਨਾ ਹੀ ਕੁੱਛ ਭੁੱਲਿਆਂ' ਫੇਰ ਤਾੜਵੀਂ ਅੱਖ ਨਾਲ਼ ਗੁਰਦੁਆਰੇ ਵੱਲ ਵੇਖਿਆ, 'ਆਲਸੀ ਬੰਦਿਆਂ ਨੂੰ ਰੱਬ ਤਾਈਂ ਗਊਂ ਹੁੰਦੇ, ਜੇੜ੍ਹੇ ਹਰਾਮ ਦਾ ਖਾਣ ਗਿੱਜੇ ਐ, ਮੈਂ ਕਦੇ ਰੱਬ ਤੋਂ ਮੰਗ ਕੇ ਨੀਂ ਖਾਧਾ, ਹੱਡ ਪੈਰ ਚੱਲਦੇ ਰਹਿਣ, ਹੁਣ ਤੀਕ

ਹੱਥੀਂ ਕਮਾ ਕੇ ਈ ਖਾਧਾ' ਫੇਰ ਹੱਥਾਂ ਦੀਆਂ ਤਲੀਆਂ ਉਹਦੇ ਅੱਗੇ ਕਰ ਦਿੱਤੀਆਂ, ਜਿਨ੍ਹਾਂ 'ਤੇ ਮੋਟੇ-ਮੋਟੇ ਅੱਟਣ ਪਏ ਸੀ।

ਅਜਿਹੇ ਅੱਟਣ ਪਟਵਾਰੀ ਨੇ ਆਪਣੇ ਬਾਪੂ ਦੇ ਹੱਥਾਂ 'ਤੇ ਪਏ ਵੇਖੇ ਸੀ ਤੇ ਫੇਰ ਆਪਣੇ ਹੱਥਾਂ ਦੀਆਂ ਕੂਲ਼ੀਆਂ ਤਲੀਆਂ ਵੱਲ ਵੇਖ ਕੇ ਹੱਡੀਂ ਲੁਕੇ ਆਲਸ ਨੂੰ ਨਿਹਾਰ ਗਿਆ। ਮੁੱਠੀਆਂ ਮੀਚ ਕੇ ਛੇਤੀ ਨਾਲ਼ ਪਤਲੂਣ ਦੀਆਂ ਜੇਬਾਂ ਵਿੱਚ ਪਾ ਲਈਆਂ।

ਇੱਥੋਂ ਚੱਲ ਕੇ, ਉਹ ਇਕ ਢਾਬੇ ਵਿੱਚ ਆ ਕੇ ਬਹਿ ਗਏ।

ਇੱਕ ਮੁੰਡਾ ਮੇਜ਼ 'ਤੇ ਟਾਕੀ ਮਾਰ ਕੇ, ਜੀਹਦੇ ਟਾਕੀਆਂ ਲੱਗੀ ਹੋਈ ਗੋਡਿਆਂ ਤੱਕ ਨੀਵੀਂ ਡੋਕਲ ਨਿੱਕਰ ਪਾਈ ਸੀ ਤੇ ਲਿੱਸਾ ਹੋਣ ਕਰਕੇ ਮਾਸ ਵਿੱਚੋਂ ਹਿੱਕ ਦੀਆਂ ਪੱਸਲ਼ੀਆਂ ਬਾਹਰ ਝਾਕ ਰਹੀਆਂ ਸੀ, ਜਿਨ੍ਹਾਂ ਨੂੰ ਕੋਈ ਵੀ ਗਿਣ ਸਕਦਾ ਸੀ, ਉਹਨਾ ਕੋਲ਼ ਹੱਥ ਜੋੜ ਕੇ ਬੋਲਿਆ, 'ਹਾਂ...ਜੀ'

'ਕੰਢੇ ਆਲ਼ੀ ਚਾਹ ਲਿਆ ਬਣਾ ਕੇ, ਨਾਲ਼ੇ ਪਾਣੀ ਦਾ ਜੱਗ ਫੜ੍ਹਾ-ਜੀਂ' ਹਰਨੇਕ ਨੇ ਪੂਰੀ ਲਿਆਕਤ ਨਾਲ਼ ਗੱਲ ਤੋਰੀ ਤਾਂ ਬਲੌਰੇ ਨੇ ਖੁਸ਼ੀ ਨਾਲ਼ ਪਟਵਾਰੀ ਵੱਲ ਵੇਖਿਆ।

ਕੁਰਸੀ ਤੋਂ ਉੱਠ ਕੇ ਬਲੌਰੇ ਨੇ ਗੀਝੇ ਵਿੱਚੋਂ ਦਾਣਿਆਂ ਦੀ ਲੱਪ ਭਰ ਕੇ ਕੱਢੀ ਤੇ ਵਿੱਚੋਂ ਘੁੰਢੀਆਂ ਕੱਢਦਾ ਬੋਲਿਆ, 'ਬਾਈ ਸਵ ਪੜਤਾਲ ਕਰਲੋ ਜੋ ਵੀ ਕਰਨੀਂ ਐਂ, ਫੇਰ ਈ ਗਾਂਹ ਆਲ਼ਾ ਤੋਰਾ ਤੋਰੀਏ..' ਫੇਰ ਲੱਪ ਪੱਕੇ ਥਾਂ 'ਤੇ ਖਿਲ੍ਹਾਰ ਦਿੱਤੀ। ਰੁੱਖਾਂ 'ਤੇ ਬੈਠੇ ਪੰਛੀਆਂ ਦੀ ਉਡਾਰ ਨੱਚ-ਨੱਚ ਕੇ ਚੋਗਾ ਚੁਗਣ ਲੱਗੀ। ਕੋਲ਼ ਫਿਰਦਾ ਕੁੱਤਾ ਵੇਖ ਕੇ ਉਹ ਰਾਖੀ ਕਰਨ ਲਈ ਕੋਲ਼ ਈ ਖੜ੍ਹ ਗਿਆ, ਕਿਤੇ ਇਨ੍ਹਾਂ ਵਿੱਚੋਂ ਕਿਸੇ ਪੰਛੀ ਨੂੰ ਆਪਣਾ ਸ਼ਿਕਾਰ ਨਾ ਬਣਾ ਲਏ। ਫੇਰ ਕੁੱਤੇ ਦੀਆਂ ਅੱਖਾਂ ਵਿੱਚ ਬੇ-ਵਸੀ ਵੇਖ ਕੇ, ਇਕ ਥਾਲੀ ਰੋਟੀ ਦੀ ਮੰਗਾ ਕੇ, ਉਹਦੇ ਅੱਗੇ ਧਰ ਦਿੱਤੀ।

'ਸਾਡੇ ਵੰਨੀਉਂ ਤਾਂ ਅੱਧੀ ਛੁੱਟੀ ਸਾਰੀ ਆ' ਨਾਜਰ ਨੇ ਅੱਗੇ ਹੋ ਕੇ ਬਲੌਰੇ ਨੂੰ ਬੁੱਕਲ ਵਿੱਚ ਘੁੱਟ ਕੇ ਹਿਲਾ ਦਿੱਤਾ, 'ਕੱਲ੍ਹ ਈ ਜੰਨ ਲੈ ਕੇ ਆਜੀ-ਗੇ...'

'ਭੋਰਾ ਕੁ ਮੈਨੂੰ ਵੀ ਜੋਹ ਕੇ ਵੇਖ ਲੈਣ-ਦੇ; ਐ ਕਵੇਂ ਜੰਨ ਲੈ ਕੇ ਆਜੋਂ-ਗੇ' ਬਲੌਰੇ ਨੇ ਛੁਹਾਰੇ ਨੂੰ ਹਰਨੇਕ ਦੇ ਮੂੰਹ ਕੋਲ਼ੋਂ ਈ ਪਿੱਛੇ ਮੋੜ ਲਿਆ ਤੇ ਇਹ ਸੁਣ ਕੇ, ਨਾਜਰ ਦੀ ਪੱਗ ਝਟਕੇ ਨਾਲ਼ ਧੌਣ ਚੱਕਣ ਕਰਕੇ ਮੱਥੇ ਤੋਂ ਚੀਚੀ ਭਰ ਹੇਠਾਂ ਨੂੰ ਸਰਕ ਗਈ। ਹਰਨੇਕ ਦੇ ਮੋਢੇ 'ਤੇ ਹੱਥ ਧਰ ਕੇ ਉਹਨੂੰ ਆਪਣੇ ਨਾਲ਼ ਢਾਬੇ ਦੇ ਇਕ ਪਾਸੇ ਲੈ ਗਿਆ।

ਹੱਥ ਵਿੱਚ ਫੜ੍ਹੇ ਛੁਹਾਰੇ ਦੀ ਖੇੜ ਵਿੱਚ ਨਹੁੰ ਫੇਰਦਾ ਹੋਇਆ ਬਲੌਰਾ ਤਾੜੇ ਨਾਲ਼ ਬੋਲਿਆ, 'ਦੀਸਾਂ ਦਾ ਇਕ ਮੁੰਡੇ ਨਾਲ਼ ਸੂਤ ਸੀਗਾ, ਫੇਰ ਨਾ ਆਖੀਂ ਬਈ ਲਕੋ ਰੱਖਿਆਂ, ਕਿਤੇ ਬਾ-ਰ ਛੱਡ ਛੁਡਾ ਕਰਦਾ ਫਿਰੇਂ, ਪਰਦੇ ਰੱਖ-ਰੱਖ ਕੇ ਤਾਂ ਦਿਨ ਕੱਟੀ ਹੁੰਦੀ ਐ, ਜਿਉਂ ਨੀਂ ਹੁੰਦਾ' ਉਹਦੀ ਚਾਲ ਵੇਖ ਕੇ ਅੱਖਾਂ ਨਾਲ਼ ਕੱਬੀ ਹਾਸੀ ਨਾਲ਼ ਝਾਕਿਆ, 'ਨਾਲੇ ਆ-ਵੀ ਗੱਲ ਪੱਕੀ ਐ, ਉਹਦੇ ਬਿਨਾਂ ਝਾਕੀ ਵੀ ਕਿਸੇ ਹੁਰ

ਵੰਨੀ ਨੀਂ, ਤੇਰੀ ਤੋਰ 'ਤੇ ਉਹਦੇ ਆਲ਼ੀ ਰਚਕ ਐ ਬੇਲੀਆ, ਉਹਤੋਂ ਤਾਂ ਨਿਬਾ ਨਈਂ ਹੋਇਆ, ਤੈਥੋਂ ਨਿਬਾ ਹੋ-ਜੂ'

ਇਹ ਸੁਣ ਕੇ ਹਰਨੇਕ ਨੂੰ ਕੁਛ ਸੁੱਝਿਆ ਨਹੀਂ ਅੱਗੋਂ ਕੀ ਮੋੜਾ ਦੇਵੇ, ਪਰ ਫੇਰ ਜਕ ਦਿਣੇ ਪਟਵਾਰੀ ਦੀ ਘਰੋਂ ਤੁਰਨ ਵੇਲ਼ੇ ਆਖੀ ਗੱਲ ਯਾਦ ਆ ਗਈ, 'ਓਹਦਾ ਮਤਾ ਈ ਕੁਛ ਹੋਊਂ-ਜੇ ਐ, ਪਤਾ ਨ੍ਹੀ ਪਤਿਉਰੇ ਦਾ ਕੀ ਮੂੰਹੋਂ ਕੱਢ ਮਾਰੇ, ਪਰਤਿਆਵੇਂ ਬਾਲ੍ਹੇ ਲੈਂਦਾ' ਫੇਰ ਉਹਦੀ ਧੌਣ ਕਿਸੇ ਹਾਮੀ ਵਿੱਚ ਹਿੱਲ ਗਈ ਤੇ ਨਾਲ਼ ਈ ਹਵਾ ਦਾ ਠੰਡਾ ਬੁੱਲ੍ਹਾ ਵਗਿਆ ਤਾਂ ਬਲੌਰੇ ਨੇ ਰੱਟੀ ਪਾਈ ਰੱਖੀ, 'ਆਹ ਧੌਣ ਕਿਤੇ ਵਾ ਨਾਲ਼ ਤਾਂ ਨਈਂ ਹਲੋਰਾ ਖਾ-ਗੀ, ਏਥੇ ਧੋਬੀ ਬੌਤ ਫਿਰਦੇ ਐ, ਕਿਤੇ ਐਵੇਂ ਰਾਮ ਵਾਂਗੂੰ ਨਾ ਕਿਸੇ ਦੀ ਚੁੱਕ 'ਚ ਆ ਕੇ ਮੇਰੀ ਭੈਣ ਨਾਲ਼ ਵੈਰ ਪੀਹਣ ਬਹਿ-ਜੀਂ" ਛੁਹਾਰੇ ਨਾਲ਼ ਠੋਡੀ ਨੂੰ ਚੁੱਕ ਲਿਆ ਤੇ ਕਣੱਖਾ ਜਿਹਾ ਵੇਖਿਆ, 'ਉਹ ਤਾਂ ਕੱਲੀ ਸੀਤਾ ਈ ਸੀਗੀ ਬੇਲੀਆ, ਜੇੜ੍ਹੀ ਚੁੱਪ-ਚੁਪੀਤੇ ਭੁੱਬਲ 'ਚ ਬਹਿ-ਗੀ ਸੀ, ਮੇਰੀ ਚੌੜ੍ਹ ਨਾ ਜਾਣੀ, ਏਹ ਤਾਂ ਨਿਰਾ ਲਾਬੂੰ ਐ, ਅਸੀਂ ਤਾਂ ਰੱਬ ਦੀਆਂ ਗੱਲਾਂ 'ਚ ਨਈਂ ਆਉਂਦੇ, ਤੂੰ ਨਾ ਵੇਖੀ ਕਿਤੇ ਰੱਬ ਵਾਂਗ ਲੋਕਾਂ ਦੀਆਂ ਗੱਲਾਂ 'ਚ ਆ ਕੇ, ਆਵਦਾ ਘਰ ਉਜਾੜ ਕੇ ਬਹਿ-ਜੇਂ' ਸਾਨੂੰ ਖੰਗਰ ਇੱਟ ਅਰਗੇ ਬੰਦੇ ਦੀ ਭਾਲ ਐ, ਰੱਬ ਅਰਗੇ ਬੰਦੇ ਦੀ ਨਈਂ" ਫੇਰ ਉਹਦੇ ਮੋਢੇ 'ਤੇ ਹੱਥ ਰੱਖ ਕੇ ਬੋਲਿਆ, 'ਖਾਣਾ ਹੁਣ ਮੇਰੇ ਕੋਲ਼ੋਂ ਛੁਹਾਰਾ ਕੇ ਨਈਂ, ਪਚਾ-ਲੇਂ-ਗਾ'

ਹਰਨੇਕ ਨੂੰ ਅੱਜ ਰੱਬ ਬਹੁਤ ਛੋਟਾ ਲੱਗਣ ਲੱਗ ਪਿਆ ਸੀ ਤੇ ਉਹਨੇ ਬਲੌਰੇ ਦੇ ਹੱਥ ਵਿੱਚੋਂ ਆਪ ਹੀ ਛੁਹਾਰਾ ਦੰਦੀ ਵੱਢ ਕੇ ਖਾ ਲਿਆ, 'ਲੋਟ ਐ ਬਾਈ' ਤੇ ਪੈਰੀਂ ਹੱਥ ਲਾ ਦਿੱਤੇ। ਦੋਵਾਂ ਦੇ ਚਿਹਰਿਆਂ 'ਤੇ ਆਈ ਰੌਣਕ ਵੇਖ ਕੇ, ਚਿਰਾਂ ਤੋਂ ਸੇਲ੍ਹੀ ਤੇ ਆਈ ਪੱਗ ਨੂੰ ਨਾਜਰ ਨੇ ਹੱਥ ਨਾਲ਼ ਥਾਂ ਸਿਰ ਕਰ ਲਿਆ ਤੇ ਬੁੜ੍ਹੀਆਂ ਨੇ ਸਿਰਾਂ ਤੋਂ ਸਰਕੀਆਂ ਚੁੰਨੀਆਂ ਟਿਕਾਣੇ 'ਤੇ ਕਰ ਲਈਆਂ।

ਬਲੌਰੇ ਨੇ ਜੇਬ ਵਿੱਚੋਂ ਦਾਣਿਆਂ ਦੀ ਲੱਪ ਵੀ ਜਕ ਦਿਣੇ ਖਿਲਾਰ ਕੇ, ਉਹਨੂੰ ਜੱਫੀ ਵਿੱਚ ਘੁੱਟਿਆ ਤੇ ਫੇਰ ਇਕ ਲੱਪ ਹੋਰ ਆਕਾਸ਼ ਵੱਲ ਸੁੱਟ ਦਿੱਤੀ, ਜੋ ਉਹਨਾਂ ਤੇ ਕਣੀਆਂ ਵਾਂਗ ਦਾਣਾ-ਦਾਣਾ ਹੋ ਕੇ ਡਿੱਗੀ।

ਹਰਨੇਕ ਦੀ ਮਾਂ ਤੇ ਭੈਣ ਦੋਵੇਂ ਉੱਥੋਂ ਉਠ ਕੇ ਮੰਡੀ ਨੂੰ ਆ ਗਈਆਂ। ਸਭ ਦੇ ਚਿਹਰਿਆਂ 'ਤੇ ਹਾਸੇ-ਖੇੜ੍ਹੇ ਸੀ। ਸਾਰੀ ਸ਼ਗਨ ਵਾਲ਼ੀ ਸਮੱਗਰੀ ਤੇ ਹੋਰ ਨਿੱਕ ਸੁੱਕ ਲੈ ਕੇ ਤੁਰਤ-ਪੈਰੀਂ ਆ ਗਈਆਂ।

ਬਲੌਰੇ ਨੇ ਉਂਗਲ ਵਿੱਚੋਂ ਛਾਪ ਲਾਹ ਕੇ ਦੀਸਾਂ ਨੂੰ ਫੜਾ ਦਿੱਤੀ, ਪਰ ਦੀਸਾਂ ਨੇ ਇਹ ਛਾਪ ਆਪਣੀ ਉਂਗਲ ਵਿੱਚ ਪਾ ਲਈ ਤੇ ਘੀਚਰ ਦੀ ਦਿੱਤੀ ਛਾਪ ਲਾਹ ਕੇ ਹਰਨੇਕ ਦੀ ਉਂਗਲ ਵਿੱਚ ਪਾ ਦਿੱਤੀ।

'ਬਾਬਾ ਜੀ ਨਈਂ ਆਏ' ਨਾਜਰ ਨੇ ਐਵੇਂ ਸਰਸਰੀ ਈ ਗੱਲਾਂ ਵਿੱਚ ਪੁੱਛ ਲਿਆ।

ਉਹਦੇ ਬੋਲਣ ਲਈ ਮੂੰਹ ਖੋਲ੍ਹਿਆ ਈ ਸੀ ਕਿ ਪਟਵਾਰੀ ਡਰ ਗਿਆ, ਕਿਤੇ ਹੋਰ ਹੀ ਨਾ ਕਸੂਤੀ ਭੁੱਬਲ ਕੱਢ ਮਾਰੇ, ਤੇ ਉਹਦੀ ਥਾਂ ਆਪ ਬੋਲ ਪਿਆ, 'ਉਹ ਥੋੜ੍ਹਾ ਜਿਹਾ ਤਾਪ ਝੜਾਈ ਬੈਠੇ ਐ'

ਬਲੌਰੇ ਨੇ ਤੜਕੇ ਪੂਰੀ ਤਿਆਰੀ ਵੱਟ ਕੇ, ਮਾਵਾ ਲੈ ਕੇ ਸਿਰ 'ਤੇ ਪੋਚਵੀਂ ਪੱਗ ਬੰਨ੍ਹ ਲਈ, ਤੇ ਅਜੈਬ ਦੇ ਗਿੱਟੇ ਨਾਲ਼ ਬੱਧੇ ਸੰਗਲ ਦਾ ਜਿੰਦਰਾ, ਜੇਬ ਵਿੱਚੋਂ ਚਾਬੀ ਕੱਢ ਕੇ ਖੋਲ੍ਹ ਦਿੱਤਾ, 'ਚੱਲੇ-ਗਾ ਸੰਗ' ਪਰ ਅੱਗੋਂ ਕੋਈ ਸੁਰ ਨਾ ਮਿਲਦਾ ਵੇਖ ਕੇ ਆਪ ਹੀ ਫੈਸਲਾ ਕਰਿਆ, 'ਕਰ ਮੌਜ਼ਾਂ ਬਾਪੂ, ਤੁਰ ਫਿਰਿਆ ਆਥਣ ਤੀਕ' ਨੋਟਾਂ ਵਾਲ਼ੀ ਗੱਠੜੀ ਸਾਫੇ ਦੇ ਲੜ ਬੰਨ੍ਹ ਕੇ, ਮੋਢੇ ਤੋਂ ਪਿੱਛੇ ਮੌਰਾਂ 'ਤੇ ਕਰਕੇ ਸੁੱਟ ਲਈ।

ਦੀਸਾਂ ਨੇ ਅੰਦਰੋਂ ਸੰਦੂਕੜੀ ਵਿੱਚੋਂ ਨਵਾਂ ਕੁੜਤਾ-ਚਾਦਰਾ ਲਿਆ ਕੇ ਮੰਜੇ ਦੀਆਂ ਪੈਂਦਾਂ 'ਤੇ ਰੱਖ ਦਿੱਤਾ, 'ਜੇ ਨਾਲ਼ ਜਾਣਾ ਤਾਂ ਵੇਖ-ਲਾ ਬਾਪੂ' ਨਲਕੇ ਤੋਂ ਪਾਣੀ ਦੀ ਬਾਲਟੀ ਭਰ ਕੇ ਨਹਾਉਣ ਖਾਨੇ ਵਿੱਚ ਰੱਖਦੇ ਹੋਇਆ, ਕਿਹਾ, 'ਬਾਲ੍ਹੀ ਸਾਬਣ ਨਾ ਲਾਈਂ ਬਾਪੂ, ਸਿਰ 'ਚ ਜੰਮ-ਜੂ....'

ਅਜੈਬ ਮੰਜੇ ਤੋਂ ਉੱਠ ਕੇ ਨਹਾਉਣ ਲਈ ਤੁਰ ਗਿਆ ਪਰ ਸਾਰਾ ਪਾਣੀ ਬੁੱਕ ਭਰ-ਭਰ ਕੇ ਆਪਣੇ ਸੰਗਲ ਵਾਲ਼ੇ ਗਿੱਟੇ 'ਤੇ ਧਾਰ ਬੰਨ੍ਹ ਕੇ ਪਾਈ ਗਿਆ। ਮਲ-ਮਲ ਕੇ ਇਸ ਗਿੱਟੇ ਨੂੰ ਧੋਣ ਵਿਚ ਹੀ ਡੋਲ੍ਹ ਦਿੱਤਾ। ਮੰਜੇ 'ਤੇ ਬੈਠਾ ਵੀ ਉਹ ਤੌੜੇ ਵਿੱਚਲਾ ਠੰਢਾ ਪਾਣੀ ਗਲਾਸ ਨਾਲ਼ ਧਾਰ ਬੰਨ੍ਹ ਕੇ ਗਿੱਟੇ 'ਤੇ ਪਾਈ ਜਾਂਦਾ। ਜਿਵੇਂ ਇਸ ਲੋਹੇ ਦੇ ਸੰਗਲ ਨੂੰ ਉਹ ਖੋਰਨਾ ਚਾਹੁੰਦਾ ਸੀ।

ਗਿੱਟਾ ਧੋ ਕੇ ਉਹ ਫੇਰ ਛੱਤੜੇ ਹੇਠ ਪਏ ਵਾਣ ਦੇ ਮੰਜੇ 'ਤੇ ਆ ਕੇ ਪੈ ਗਿਆ। ਉਹਨਾਂ ਨਾਲ਼ ਨਹੀਂ ਸੀ ਆਇਆ, ਸਗੋਂ ਚਿੱਤ ਵਿੱਚ ਗਾਰੇ ਵਾਂਗ ਖਰੀ ਗਿਆ।

ਪਰ ਹੁਣ ਪਟਵਾਰੀ ਦੇ ਮਾਰੇ ਝੂਠ ਨਾਲ਼ ਬਲੌਰੇ ਨੂੰ ਗੁੱਸੇ ਦੀ ਖਵੀ ਚੜ੍ਹੀ ਤੇ ਖਿੱਝ ਕੇ ਬੋਲਿਆ, 'ਤਾਪ-ਤੂਪ ਨਈਂ ਕੋਈ ਚੜ੍ਹਿਆ-ਜੀ, ਐਵੇਂ ਗੱਪ ਐ, ਸੰਗਲ ਲਾ ਕੇ ਆਇਆਂ ਜੀ'

ਸਾਰਿਆਂ ਦੇ ਬੁੱਲ੍ਹਾਂ 'ਤੇ ਫੇਰ ਹਾਸੇ ਦੀਆਂ ਬੂੰਦਾ ਸਿੰਮ ਗਈਆਂ।

ਹਰਨੇਕ ਨੇ ਜਦੋਂ ਚਾਹ ਪੀ ਕੇ ਕੱਚ ਦੀ ਗਲਾਸੀ ਭੁੰਜੇ ਮੇਜ਼ 'ਤੇ ਰੱਖੀ ਤਾਂ ਉਹਦੇ ਵਿੱਚ ਦੋ ਘੁੱਟਾਂ ਵਧੀ ਚਾਹ ਵੇਖ ਕੇ, ਬਲੌਰੇ ਨੂੰ ਕਾਫੀ ਤਸੱਲੀ ਹੋਈ। ਇਹ ਤਾਂ ਰੱਜੇ ਬੰਦੇ ਦੀ ਨਿਸ਼ਾਨੀ ਹੈ ਪਰ ਪਟਵਾਰੀ ਨੇ ਇਕ ਬੂੰਦ ਵੀ ਨਹੀਂ ਸੀ ਛੱਡੀ।

ਨਾਜਰ ਨੇ ਉਹਦੀ ਬਚੀ ਦੋ ਘੁੱਟ ਚਾਹ ਚੱਕ ਕੇ ਪਰ੍ਹੇ ਖੂੰਜ ਵਿੱਚ ਕਰਕੇ ਡੋਲ੍ਹ ਦਿੱਤੀ ਤੇ ਬੋਲਿਆ, 'ਐਵੇਂ ਮੱਖੀਆਂ ਦੇ ਮਰਨ ਨੂੰ ਵਿੱਢ ਬਣੂੰ' ਉਹਦਾ ਇਹ ਪੁੰਨ ਧਰਮ ਵਾਲ਼ਾ ਕੰਮ ਵੇਖ ਕੇ ਚਿੱਤ ਵਿੱਚ ਚਾਅ ਚੜ੍ਹ ਗਿਆ।

ਬਲੌਰੇ ਨੇ ਪੂਰੀ ਰਚਕ ਬੈਠਾ ਕੇ ਪੁੱਛਿਆ, 'ਹਰਨੇਕ ਸਿੰਆਂ ਸੰਗੀ ਨਾ, ਦੱਸ ਦੀਂ ਜੋ ਕੁਛ ਲੈਣਾ ਹੋਇਆ, ਐਂ ਕੱਲ੍ਹ ਨੂੰ ਐਵੇਂ ਸਾਡੀ ਭੈਣ ਨੂੰ ਮਿਹਣੇ ਨਾ ਮਾਰੀ ਜਾਈ'...

'ਕਾਹਦਾ ਮੇਹਣਾ'

'ਆਹੀ ਬੀ ਤੇਰੇ ਨੰਗ ਭਰਾ ਨੇ ਦਿੱਤਾ ਈ ਕੱਖ ਨ੍ਹੀ.' ਦੀਸਾਂ ਦੇ ਸਿਰ 'ਤੇ ਹੱਥ ਫੇਰਿਆ ਤੇ ਨੀਵੀਂ ਪਾਈ ਉਹ ਚੁੰਨੀ ਨਾਲ਼ ਮੱਥੇ ਦਾ ਮੁੜ੍ਹਕਾ ਪੂੰਝ ਗਈ, ਜਿਵੇਂ ਕਰਮਾਂ 'ਤੇ ਜੰਮੀ ਸਾਰੀ ਧੂੜ ਲਾਹ ਦਿੱਤੀ ਹੋਵੇ।

'ਨਾ ਜੀ ਨਾ' ਨਾਜਰ ਨੇ ਪੂਰੀ ਸ਼ਰਧਾ ਨਾਲ਼ ਹੱਥ ਜੋੜੇ, 'ਕਿਸੇ ਨੂੰ ਔਖਾ ਕਰਕੇ ਲਵਾਇਆ ਖੋਟਾ ਧੇਲਾ ਵੀ ਤੁੱਕਦਾ ਨਹੀਂ ਹੁੰਦਾ, ਸਭ ਕੁਛ ਦਿੱਤਾ ਵਿਐ ਦਾਤੇ ਨੇ'

'ਚੱਲ ਕਿਸੇ ਨੂੰ ਤਾਂ ਰਜਾਇਆ ਨਾ ਰੱਬ ਨੇ, ਨਈਂ ਤਾਂ ਲੋਕ ਲੁੱਟ ਈ ਮਚਾਈ ਜਾਂਦੇ ਐਂ, ਜੇੜ੍ਹਾ ਧਿੱਜ ਗਿਆ, ਜਾਣੋ ਲੁੱਟਿਆ ਗਿਐ' ਅਕਾਸ਼ ਵੱਲ ਵੇਖ ਕੇ ਉਹਨੇ ਦਿਲ ਵਿੱਚ ਤਰਸ ਨਾਲ਼ ਰੱਬ ਨੂੰ ਤਸੱਲੀ ਦਿੱਤੀ, 'ਐਵੇਂ ਨਾ ਹੁਣ ਬਾਹਲਾ ਡਰੀ ਜਾ, ਤੈਨੂੰ ਫੁੜਕਾ ਕੇ ਛਾਂਵੇ ਸਿੱਟੂ .....'

ਆਪਣੀ ਝੋਲੀ ਵਿੱਚ ਪਏ ਮਖਾਣਿਆਂ ਦੀ ਚੁੰਨੀ ਵਿੱਚ ਗੰਢ ਮਾਰ ਕੇ, ਹਰਨੇਕ ਦੀ ਮਾਂ ਬੋਲੀ, 'ਦਾਜ-ਦੂਜ ਨਈਂ ਅਸੀਂ ਭਾਈ ਡੱਕਾ ਵੀ ਲੈਣਾ, ਹੱਥਾਂ ਵਿੱਚ ਬਰਕਤ ਰਵੇ' ਉਹਨੇ 'ਪੱਕੀ ਨਾਂਹ' ਵਿੱਚ ਹੱਥ ਖੜ੍ਹੇ ਕਰ ਦਿੱਤੇ।

'ਲੈ ਆਹ ਕੀ ਗੱਲ ਹੋਈ ਭਲਾਂ, ਦਾਜ-ਦੂਜ ਤਾਂ ਬੰਦੇ ਨੂੰ ਠੋਕ-ਵਜਾ ਕੇ ਲੈਣਾ ਚਾਈਦਾ' ਨਾਲ਼ ਹੀ ਨਹੁੰਆਂ ਦੇ ਨਾਲ਼ ਮੇਜ਼ ਨੂੰ ਖੜਕਾਉਣ ਲੱਗ ਪਿਆ। ਸਾਰਿਆਂ ਦੇ ਵੱਲ ਵੇਖ ਕੇ ਆਪਣੀ ਟਣਕਾਈ ਗੱਲ ਦੇ ਪਏ ਪ੍ਰਭਾਵ ਦੀ ਨਿਰਖ ਕਰੀ।

'ਦਾਜ, ਏਹ 'ਤੇ ਬੁਰੀ ਬਲਾਅ' ਨਾਜਰ ਨੇ ਹੈਰਾਨੀ ਨਾਲ਼ ਸੰਗਦੇ ਹੋਇਆਂ, ਦਿਲ ਵਿੱਚ ਪੈਲੀ ਮਿਲਣ ਦੇ ਪਏ ਲਾਲਚ ਨੂੰ ਦੱਬਣ ਲਈ, ਆਪਣੀ ਆਖੀ ਪੜ੍ਹਾਈ ਦੇ ਪ੍ਰਭਾਵ ਵਿੱਚ ਇਨਕਾਰ ਕਰਕੇ, ਪਟਵਾਰੀ ਨਾਲ਼ ਅੱਖ ਮਿਲਾ ਲਈ।

'ਏਹ ਤਾਂ ਤੇਰੇ ਮਨ ਦਾ ਓਹਲਾ, ਕੌਣ ਸਾਲਾ ਆਂਹਦਾ ਕਰਾ ਮੂੰਹ 'ਤੇ, ਦੀਸਾਂ ਵੀ ਅੱਧ ਦੀ ਮਾਲਕ ਐ ਜੀ, ਭੈਣ ਦੀ ਥਾਉਂ ਮੇਰਾ ਭਰਾ ਹੁੰਦੀ, ਫੇਰ ਵੀ ਅੱਧ ਵੰਡਾ ਲੈਂਦੀ ਡਾਂਗ ਨਾਲ਼' ਬਲੌਰੇ ਨੇ ਇਸ਼ਾਰੇ ਨਾਲ਼ ਢਾਬੇ ਦੇ ਮੁੰਡੇ ਨੂੰ ਬਿੱਲ ਲੈ ਕੇ ਆਉਣ ਲਈ ਆਖਿਆ ਤੇ ਮੇਜ਼ 'ਤੇ ਪਿਆ ਗਲਾਸ ਚੱਕ ਕੇ ਖੜਕਾ ਦਿੱਤਾ, 'ਲੋਕਾਂ ਦਾ ਵੀ ਸਰਿਆ ਪਿਐ'

'ਏਨ੍ਹਾਂ ਦੀ ਸਮਝ ਤਾਂ ਰੱਬ ਨੂੰ ਵੀ ਨਹੀਂ ਆਈ 'ਪਟਵਾਰੀ ਨੇ ਮਾਮਲਾ ਭਖਦਾ ਵੇਖ ਕੇ ਤੰਦ ਰਲਾ ਦਿੱਤੀ, ਕਿਤੇ ਬਣੀ-ਬਣਾਈ ਸਾਰੀ ਰਿਸ਼ਤੇ ਦੀ ਗੱਲ ਨਾ ਵਿਗੜ ਜਾਵੇ।

'ਆਹੀ ਸਮਝ ਆਵੇ ਵੀ ਕਿਵੇਂ, ਰੱਬ ਵੀ ਕੇੜ੍ਹਾ ਬੰਦੇ ਦੇ ਮੱਥੇ ਲੱਗ ਕੇ ਉਹਦੀ ਸੁਣ ਦੈ, ਅੰਨ੍ਹਾਂ ਵੰਡੇ ਰਿਉੜੀਆਂ ਤੇ ਮੁੜ-ਮੁੜ ਆਪਣਿਆਂ ਨੂੰ ਦੇਵੇ' ਫੇਰ ਗੱਲ ਨੂੰ ਤਰਕ ਨਾਲ਼ ਪੂਰਾ ਕਰਿਆ, 'ਕੁੜੀ-ਧਿਆਣੀ ਦੇ ਵਿਆਹ ਦਾਜ-ਵਿਆਰ ਲੱਖ-ਸਵਾ ਲੱਖ ਲਾਉਣ ਤੋਂ ਜਕਦੇ ਆਂ, ਪਰ ਉਹਦੇ ਹਿੱਸੇ ਬਹਿੰਦੀ ਲੱਖਾਂ ਦੀ ਪੈਲੀ ਕਵਜੇ ਚ' ਕਰਨੋ ਟਲ-ਦੇ ਨ੍ਹੀ ਹੂੰਅ' ਇਹ ਚਿਤਾਰੀ ਸੁਣ ਕੇ ਕਿਸੇ ਦੇ ਮੂੰਹ ਤੋਂ ਮੱਖੀ ਨਹੀਂ ਉੱਡੀ।

ਢਾਬੇ ਦਾ ਸਾਰਾ ਖਰਚ ਦੇ ਕੇ ਬਲੌਂਗਾ, ਦੀਸਾਂ ਨੂੰ ਜੀਪ ਵਿੱਚ ਚੜ੍ਹਾ ਕੇ ਬੱਸ ਸਟੈਂਡ ਵੱਲ ਨੂੰ ਆ ਗਿਆ। ਫੁੱਲਾਂ ਵਾਲ਼ੇ ਨਾਕੇ ਕੋਲ਼ ਜੀਪ ਰੁਕਵਾ ਲਈ, 'ਆਹ ਬਿੰਦ-ਝੱਟ ਰੋਕੀਂ, ਮਾੜੀ ਜੀ ਹਕੀਮ ਤੋਂ ਦਵਾਈ ਲੈ-ਲਾਂ' ਚਾਲਕ ਨੇ ਸੜਕ 'ਤੇ ਇਕ ਪਾਸੇ ਟਾਲ ਕਰਕੇ ਰੋਕ ਲਈ।

ਕਾਹਲੀ ਨਾਲ਼ ਚਾਦਰੇ ਦੇ ਲੜ ਉੱਪਰ ਕਰਕੇ, ਉਹ ਨਾਲ਼ ਦੀ ਗਲ਼ੀ ਵਿੱਚ ਵੜ ਗਿਆ। ਦੁਕਾਨ ਤੋਂ ਪਹਿਲਾਂ ਹੀ ਇਕ ਖੁੰਜ ਵਿੱਚ ਆਪਣੀ ਪਾਟੀ ਬੋਰੀ ਤੇ ਪੋਥੀਆਂ ਰੱਖ ਕੇ, ਬੈਠੇ ਹੋਏ ਪੰਡਤ ਤੇ ਨਜ਼ਰ ਆ ਗਈ। ਜੀਹਦੇ ਅੱਗੇ ਪਿੱਤਲ-ਲੋਹੇ ਦੀਆਂ ਛਾਪਾਂ ਪਈਆਂ ਸਨ। ਉਹਦੀ ਟੱਲੀ ਦੀ ਟਣਕਾਰ ਸੁਣ ਕੇ ਬਲੌਂਗਾ ਕੋਲ਼ ਪਈ ਪੀੜੀ 'ਤੇ ਜਚ ਕੇ ਬਹਿ ਗਿਆ। ਸੱਜੇ ਹੱਥ ਦੀ ਤਲੀ ਨੂੰ ਹਿੱਕ ਨਾਲ਼ ਘਸਾ ਕੇ ਸਾਫ ਕੀਤਾ ਤੇ ਉਹਦੇ ਅੱਗੇ ਕਰ ਦਿੱਤਾ, 'ਕਰ-ਖਾਂ ਭੋਰਾ ਚਾਨਣ.....'

'ਵਾਹ ਜੀ ਵਾਹ' ਪੰਡਤ ਇਉਂ ਹੱਲਾਸ਼ੇਰੀ ਦਿੰਦਾ ਹੋਇਆ, ਆਪਣੀ ਧੋਤੀ ਨਾਲ਼, ਰੱਸੀ ਨਾਲ਼ ਬੰਨ੍ਹ ਕੇ ਗਲ਼ ਵਿੱਚ ਲਮਕਾਈ ਐਨਕ ਦੇ ਸ਼ੀਸ਼ੇ ਸਾਫ ਕਰਨ ਲੱਗ ਪਿਆ, ਤੇ ਐਨਕ ਅੱਖਾਂ ਤੇ ਚਾੜ੍ਹ ਕੇ, ਚਿਹਰੇ 'ਤੇ ਹਾਸੀ ਲਿਆ ਕੇ, ਕਿੰਨਾ ਕੁਛ ਬੋਲੀ ਗਿਆ। ਬਲੌਂਗਾ ਸੁਣੀ ਗਿਆ ਤੇ ਅਖੀਰ ਜਦ ਉਹਨੇ ਦੱਕਸਣਾ ਮੰਗਣ ਲਈ ਆਪਣੀ ਪਿੱਤਲ ਦੀ ਕਚਕੋਲ ਅੱਗੇ ਕੀਤੀ ਤਾਂ ਉਹਨੇ ਤੇਵਰ ਬਦਲ ਕੇ ਕਿਹਾ, 'ਪੰਡਤ ਜੀ ਜੋ ਕੁਛ ਮੈਂ ਪੁੱਛਣਾ ਸੀ, ਉਹ ਤੂੰ ਦੱਸਿਆ ਈ ਨਈਂ, ਹੁਰ ਈ ਵਲੈਤੀ ਘੋੜੀ ਨੂੰ ਠਿੱਬੀ ਲਾ-ਤੀ'।

'ਪੁੱਛੋ ਜਜ਼ਮਾਨ' ਫੇਰ ਪੰਡਤ ਨੇ ਬਨਾਉਟੀ ਰੀਝ ਨਾਲ਼ ਵੇਖਿਆ, 'ਲੇਖ ਬੌਤ ਤਿੱਖੇ ਨੇ ਬੱਚਾ, ਪੱਕਾ ਈ ਸੁਰਗ ਮਿਲੂ....'

'ਸੁਰਗ ਤਾਂ ਪੰਡਤ ਜੀ ਆਪਾਂ ਡਾਂਗ ਨਾਲ਼ ਲਵਾਂਗੇ, ਜੇ ਉਹਨੇ ਨਾ ਵੀ ਦਿੱਤਾ' ਬਲੌਂਰੇ ਨੇ ਮੁੱਛ ਨੂੰ ਵੱਟ ਚਾੜ੍ਹ ਕੇ ਪੰਡਤ ਦੇ ਗਲ਼ ਵਿੱਚ ਪਾਈ ਸਿਵਜ਼ੀ ਦੀ ਤਸਵੀਰ ਵੱਲ ਵੇਖ ਕੇ ਘੂਰੀ ਵੱਟੀ, 'ਏਥੇ ਨਰਕ ਥੋੜ੍ਹਾ ਭੋਗ ਲਿਆ' ਫੇਰ ਉਹਦੇ ਚਿਤ ਵਿੱਚ ਫੁਰਨਾ ਫੁਰਿਆ, ਜਦੋਂ ਕਿਸੇ ਬੰਦੇ ਨੂੰ ਹੱਥ ਪੱਲਾ ਹਿਲਾਏ ਬਿਨਾਂ ਸਵ ਕੁਛ ਮਿਲੇ, ਉਹ ਹੁੰਦਾ ਸਵਰਗ 'ਚ, ਤੇ ਜਿਸਨੂੰ ਹੱਥੀਂ ਕਰਕੇ ਵੀ ਨਾ ਕੁਛ ਮਿਲੇ ਉਹ ਹੁੰਦਾ ਨਰਕ।

ਪੰਡਤ ਨੇ ਆਪਣਾ ਹੱਥ ਢਿੱਲਾ ਕਰ ਲਿਆ, ਜੀਹਦੇ ਵਿੱਚ ਬਲੌਂਰੇ ਦਾ ਹੱਥ ਫੜ੍ਹਿਆ ਸੀ ਤੇ ਸਲਾਹ ਦਿੱਤੀ, 'ਫੇਰ ਜੇ ਸਵ ਕੁਛ ਡਾਂਗ ਨਾਲ਼ ਈ ਲੈਣਾ ਤਾਂ ਮੇਰੇ ਜਿਹੇ ਨੂੰ ਹੱਥ ਵਿਖੌਣ ਦਾ ਕੀ ਲਾਭ'

'ਆਹ ਵੇਖ ਕੇ ਦੱਸ ਖਾਂ, ਬੀ ਮਰਨ-ਮਰੌਣ ਲਈ ਕੇੜ੍ਹਾ ਦਿਨ ਚੰਗਾ ਰਹੂ, ਕਿਦੋਂ ਆਹ ਰੱਬ ਮੱਥੇ ਲੱਗੂ' ਜੇਬ ਵਿੱਚੋਂ ਵੀਹ ਦਾ ਨੋਟ ਕੱਢ ਕੇ ਉਹਦੀ ਕਚਕੌਲ ਵਿੱਚ ਰੱਖ ਦਿੱਤਾ।

ਪੰਡਤ ਕਿਸੇ ਚਾਅ ਵਿੱਚ ਉਹਦੇ ਹੱਥ ਨੂੰ ਪਰਖੀ ਗਿਆ। ਲਕੀਰਾਂ ਦਾ

ਅੰਦਾਜ਼ਾ ਲਗਾ ਕੇ ਪੋਥੀ ਖੋਲ੍ਹ ਲਈ ਤੇ ਲਕੀਰਾਂ ਦੀ ਮੇਲ-ਤੁਕਾਂਤ ਕਰਕੇ ਮਨ ਵਿੱਚ ਭਵਿੱਖ ਬਾਣੀ ਬਣਾਈ ਗਿਆ ਤੇ ਬੋਲਿਆ, 'ਜੇੜ੍ਹੇ ਬੰਦੇ ਐਂਤਕੀ ਦੀ ਪੂਰਨਮਾਸ਼ੀ ਨੂੰ ਮਰਨ-ਗੇ, ਉਹ ਜਾਣਗੇ ਸਿੱਧੇ ਈ ਰੱਬ ਦੇ ਚਰਨਾਂ 'ਚ

'ਚਰਨਾਂ 'ਚ... ਹੂੰਅ' ਚੇੜ੍ਹ ਮੰਨ ਕੇ ਆਪਣੇ ਨਾਲ਼ ਈ ਗੱਲਾਂ ਕਰਨ ਲੱਗ ਪਿਆ, 'ਜਿਉਂਦੇ ਜੀਅ ਨੂੰ ਘੱਟ ਠੁੱਡੇ ਮਾਰੇ ਆ ਬੀ ਮਰਨ ਬਾਦ ਵੀ, ਜਾ ਕੇ ਉਹਦੇ ਪੈਰਾਂ ਵਿੱਚ ਬਹਿ ਜਾਈਗੇ, ਝਟਕੇ ਨਾਲ਼ ਖੜਾ ਹੋਂ ਗਇਆ, 'ਬਾਕੀ ਮੈਂ ਵੇਖੂੰ ਕੀ ਬਣਦੈ।'

ਫਿਰ ਉੱਥੋਂ ਉਠ ਕੇ ਮਲ੍ਹਮ ਲਏ ਬਿਨਾਂ ਈ ਇੱਧਰ ਆ ਕੇ ਜੀਪ ਦੀ ਅਗਲੀ ਸੀਟ ਉੱਤੇ ਬਹਿ ਕੇ ਬੋਲਿਆ, ਚੱਲ ਬਾਈ ਖਿੱਚ ਦੇ ਕੰਮ...'

*** *** ***

ਓਮੇ ਸੇਠ ਨੇ ਤਾੜੀ ਮਾਰ ਕੇ, ਹੱਟੀ ਦੇ ਰੌਸ਼ਨਦਾਨਾਂ ਵਿੱਚ ਬੈਠੇ ਕਬੂਤਰ ਉਡਾ ਦਿੱਤੇ। ਸੋਟੀ ਨਾਲ਼ ਉਹਨਾਂ ਦੇ ਆਲ੍ਹਣੇ ਲਾਹ ਕੇ ਬਾਹਰ ਲਿਆ ਸੁੱਟੇ ਤਾਂ ਇਨ੍ਹਾਂ ਵਿੱਚ ਪਏ ਆਂਡੇ ਫੁੱਟ ਜਾਣ ਕਰਕੇ, ਨੱਕ 'ਤੇ ਬਾਂਹ ਕਰਦੇ ਹੋਇਆਂ ਸੂਗ ਮੰਨੀ, 'ਏਨ੍ਹਾ ਨੇ ਅੱਧ ਲਹੂ ਪੀਤਾ, ਹੇ ਰਾਮ.... ਰਾਧੇ .... ਰਾਧੇ ....!' ਤੇ ਫੇਰ ਅੰਦਰ ਆ ਕੇ ਰੇਡੀਓ ਦੀ ਸੁੱਚ ਨੂੰ ਘੁੰਮਾ ਕੇ ਟੇਸ਼ਣ ਲੱਭ ਕੇ ਲਾ ਲਿਆ ਤੇ ਗਾਣਾ ਸੁਣਨ ਲੱਗ ਪਿਆ।

'ਮਾਂ ਦੀਏ ਲਾਡੋ ਨੀ ਟਾਹਲੀ ਵਾਲ਼ੇ ਖੇਤ ਨਾ ਜਾਈਂ,
ਖੇਤ ਨਾ ਜਾਈਂ, ਖੇਤ ਨਾ ਜਾਈਂ,
ਹਾਂ, ਮਾਂ ਦੀਏ ਲਾਡੋ, ਨੀਂ ਟਾਹਲੀ ਵਾਲ਼ੇ ਖੇਤ ਨਾ ਜਾਈ.....।

ਗਲ਼ੀ ਵਿੱਚੋਂ ਲੰਘਦੇ ਬਲੌਰੇ ਨੇ ਪੈਰ ਮਲ ਲਏ। ਜਾਣੋ ਧਰਤੀ ਵਿੱਚ ਗੱਡੇ ਹੀ ਗਏ। ਗੁੱਸੇ ਨਾਲ਼ ਐਸੀ ਚਿੱਤ ਨੂੰ ਕਚਿਆਈ ਚੜ੍ਹੀ, ਉਹ ਕਾਹਲੇ ਪੈਰੀਂ ਹੱਟੀ 'ਤੇ ਆ ਕੇ ਖੜ੍ਹ ਗਿਆ। ਗਾਣਾ ਚੱਲੀ ਗਿਆ। ਤਾਂ ਉਹਦੀ ਬੁੱਕਲ ਵਿੱਚੋਂ ਰੇਡੀਉ ਨੂੰ ਚੱਕ ਕੇ ਜ਼ੋਰ ਨਾਲ਼ ਥੱਲੇ ਮਾਰਿਆ, ਪਰ ਫੇਰ ਵੀ ਉਹ ਖਰੜ ਆਵਾਜ਼ ਵਿੱਚ ਗਾਉਂਦਾ ਰਿਹਾ।

'ਮਾਂ ਦੀਏ ਲਾਡੋ ਨੀਂ ਟਾਹਲੀ ਵਾਲ਼ੇ ਖੇਤ ਨਾ ਜਾਂਈ...।

ਪਰ੍ਹੇ ਪਿਆ ਚਾਰ ਪੰਜ ਇੱਟਾਂ ਦਾ ਖੰਗਰ ਚੱਕ ਕੇ, ਸਿਰ ਤੋਂ ਲਿਆ ਕੇ, ਜ਼ੋਰ ਨਾਲ਼ ਮਾਰਿਆ, ਤਾਂ ਹੱਟੀ ਵਿੱਚ ਪਈਆਂ ਚੀਜਾਂ ਦੇ ਨਾਲ਼ ਭਰੇ ਮਰਤਬਾਨਾਂ ਵਿੱਚ ਕੰਬਣੀ ਛਿੜ ਗਈ। ਰੇਡੀਓ ਵਿੱਚ ਧੂੰਆਂ ਨਿਕਲ਼ ਗਿਆ ਤੇ ਬੰਦ ਹੋ ਗਿਆ। ਓਮਾ ਡਰਦਾ ਹੋਇਆ ਉੱਠ ਕੇ ਅੰਦਰਲੇ ਬੂਹੇ ਕੋਲ਼ ਜਾ ਕੇ ਖੜ੍ਹ ਗਿਆ, ਜੋ ਉਹਦੇ ਘਰ ਵਿੱਚ ਜਾ ਕੇ ਖੁੱਲ੍ਹਦਾ ਸੀ, ਕਿਤੇ ਭੂਸਰਿਆ ਬੰਦਾ ਉਹਦੇ ਹੀ ਨਾ ਕੁਛ ਚੱਕ ਕੇ ਮਾਰ ਦੇਵੇ। ਮੂੰਹ ਵਿੱਚੋਂ ਚੂੰ ਨਹੀਂ ਕੱਢੀ।

ਉਹਨੇ ਆਕਾਸ਼ ਵੱਲ ਵੇਖ ਕੇ ਜ਼ੋਰ ਨਾਲ਼ ਥੁੱਕ ਦਿੱਤਾ ਤੇ ਫੇਰ ਆਪਣੀ ਬੋਲ-ਬਾਣੀ ਤੇ ਕਾਬੂ ਕਰਦਾ ਬੋਲਿਆ, 'ਸੇਠਾ ਆਹ ਕੇ-ਰਪਈਆਂ ਦਾ ਸੀਗਾ ਤੇਰਾ ਢਿੱਮ-ਢੋਣ੍ਹਾ ਜਾ'

'ਤਿੰਨ ਸਉਦਾ' ਨਾ ਚਾਹੁੰਦੇ ਹੋਇਆਂ ਵੀ ਉਹਦੇ ਮੂੰਹ ਵਿੱਚੋਂ ਨਿਕਲ਼ ਗਿਆ, ਤੇ ਜਦ ਬਲੌਰਾ ਫੇਰ ਵੀ ਖ਼ਤ ਪਏ ਸਾਨ੍ਹ ਵਾਂਗ ਵੇਖੀ ਹੀ ਗਿਆ ਤਾਂ ਉਹਨੇ ਨਾਲ਼ ਦੀ ਨਾਲ਼ ਬਿਆਨ ਬਦਲ ਲਿਆ, 'ਊਂ ਤਾਂ ਏਹ ਪੁਰਾਣਾ ਲਿਆ ਸੀਗਾ, ਦੋ ਵਰ੍ਹੇ ਮੇਰੇ ਕੋਲ਼ੇ ਵੀ ਹੋ-ਗੇ ਐ ਚਲਦੇ ਨੂੰ, ਹੁਣ ਤੇ ਮਸਾਂ ਈ ਸੌ ਕੁ ਈ ਰਹਿ ਗਿਆ ਹੋਊ...'

'ਕੋਈ ਨਾ ਖਾਤੇ ਵਿੱਚ ਲਿਖ-ਲੀਂ, ਦੇ-ਜੂੰ-ਗਾ ਮੈਂ ਆਪੇ ਈ, ਐਵੇਂ ਨਾ ਘਰੇ ਗੇੜ੍ਹਾ ਮਾਰੀ' ਤੇ ਫੇਰ ਖੰਗਰ ਇੱਟ ਨਾਲ਼ੋਂ ਟੁੱਟੀ ਨਿੱਕੀ ਜਿਹੀ ਰੋੜੀ ਨੂੰ ਚੱਕ ਕੇ, ਆਪਣੇ ਹੱਥ ਦੀਆਂ ਲਕੀਰਾਂ ਤੇ ਜੰਮੀ ਮੈਲ਼ ਲਾਹੁੰਦਾ ਹੋਇਆ, ਖੂਹ ਵਾਲ਼ੀ ਗਲ਼ੀ ਪੈ ਗਿਆ ਤੇ ਅੱਗੋਂ ਸ਼ਹਿਰ ਨੂੰ ਜਾਂਦੀ ਘੀਚਰ ਕੀ ਟਰਾਲੀ 'ਤੇ ਚੜ੍ਹ ਗਿਆ।

ਬਲੌਰੇ ਨੇ ਬਚੀ ਸਾਰੀ ਪੈਲੀ ਮੋਦਨ ਕਿਆਂ ਨੂੰ ਦੋ ਵਰ੍ਹਿਆਂ ਲਈ ਠੇਕੇ 'ਤੇ ਦੇ ਦਿੱਤੀ ਸੀ। ਇਹਦੇ ਨਾਲ਼ ਏਨਾ ਕੁ ਪੈਸਾ ਇਕੱਠਾ ਹੋ ਗਿਆ, ਜੀਹਦੇ ਨਾਲ਼ ਵਿਆਹ ਪੂਰਾ ਗੱਜ-ਵੱਜ ਕੇ ਕੀਤਾ ਜਾ ਸਕਦਾ ਸੀ। ਬਾਕੀ ਸੰਦੂਕ ਵਿੱਚੋਂ ਨਸੀਬੋ ਦੇ ਟੂਮ-ਗਹਿਣੇ ਵੀ ਮਿਲ ਗਏ, ਜੋ ਉਹਨੇ ਆਪਣੀ ਧੀ ਲਈ ਸੰਭਾਲ ਕੇ ਰੱਖੇ ਸੀ। ਪਰ ਫੇਰ ਵੀ ਇਕ ਕਨਾਲ, ਜੋ ਸੜਕ ਦੇ ਕਿਨਾਰੇ ਲੱਗਦੀ ਸੀ, ਉਹ ਠੇਕੇ 'ਤੇ ਨਹੀਂ ਸੀ ਦਿੱਤੀ, ਇਹਦੇ ਵਿੱਚ ਉਹਨੇ ਵਰਮੇ ਨਾਲ਼ ਧਰਤੀ ਵਿੱਚ ਸੁਰਾਖ ਮਾਰ ਕੇ ਲੰਮੀਆਂ ਪਾਂਤਾ, ਬਣਾ ਕੇ ਟਾਹਲੀਆਂ ਲਿਆ ਕੇ ਲਾ ਦਿੱਤੀਆਂ।

ਚਾਰੇ ਪਾਸੇ ਵੱਟ ਦੇ ਅੰਦਰ ਵਾਰ ਕਰਕੇ, ਕਿੱਕਰਾਂ ਦੇ ਝਾਫਿਆਂ ਨਾਲ਼ ਵਾੜਾਂ ਕਰ ਦਿੱਤੀਆਂ। ਕਿਤੇ ਕੋਈ ਆਵਾਰਾ ਗਾਂ-ਮੱਝ ਇਨ੍ਹਾਂ ਨੂੰ ਮੁੱਛ ਨਾ ਜਾਵੇ। ਮੂੰਹ 'ਤੇ ਸਾਫੇ ਦਾ ਮੜਾਸਾ ਮਾਰ ਕੇ, ਜਿਵੇਂ ਠੰਢ ਉਹਦੇ ਹੱਡਾਂ ਨੂੰ ਕੁਤਰ-ਕੁਤਰ ਕੇ ਖਾ ਰਹੀ ਹੋਵੇ, ਕੋਲ਼ ਵਗਦੀ ਆਂਢ ਵਿੱਚੋਂ ਬਾਲਟੀ ਨਾਲ਼ ਪਾਣੀ ਭਰ-ਭਰ ਕੇ, ਸੱਜਰ ਲਾਈਆਂ ਟਾਹਲੀਆਂ ਨੂੰ ਪਾ ਦਿੱਤਾ।

ਚਾਰ ਦਿਨਾਂ ਬਾਦ ਉਹ ਪਾਣੀ ਪਾਉਣ ਲਈ ਫੇਰ ਖੇਤ ਆਇਆ ਤਾਂ ਉਹਨੇ ਇਕ ਟਾਹਲੀ ਦੇ ਮੁਰਝਾਏ ਪੱਤਿਆਂ ਵੱਲ ਵੇਖ ਕੇ, ਆਪਣੇ ਹੱਥਾਂ ਨੂੰ ਕਿਸੇ ਸ਼ੱਕ ਨਾਲ਼ ਵੇਖਣਾ ਸ਼ੁਰੂ ਕਰ ਦਿੱਤਾ, ਜਿਵੇਂ ਉਹਨੂੰ ਇਹਨਾਂ ਦੀ ਬਰਕਤ 'ਤੇ ਕੋਈ ਭਰੋਸਾ ਨਹੀਂ ਸੀ ਰਿਹਾ, 'ਮਾੜ੍ਹੀ ਗੱਲ ਐ ਬਈ ਸੋਡੇ ਆਸਤੇ' ਤੇ ਫੇਰ ਇਸ ਟਾਹਲੀ ਮੁੜ ਪੁੱਟ ਕੇ ਲਾ ਦਿੱਤਾ।

ਕੁਝ ਦਿਨ ਬਾਦ ਇਹ ਟਾਹਲੀ ਵੀ ਪੱਤੇ ਹਰੇ ਕਰਨ ਲੱਗ ਪਈ।

*** *** ***

ਏਧਰ ਦੀਸਾਂ ਦੇ ਵਿਆਹ ਦੇ ਦਿਨ ਨੇੜ ਨੂੰ ਆ ਗਏ ਤਾਂ ਦੋ ਮੰਜੇ ਜੋੜ ਕੇ, ਸੁਆਤ ਦੀ ਛੱਤ ਉੱਤੇ, ਰੱਸੀ ਨਾਲ਼ ਸਪੀਕਰ ਬੰਨ੍ਹ ਦਿੱਤਾ। ਜੀਹਦੇ 'ਤੇ ਅੱਠੇ ਪਹਿਰ ਈ ਗਾਣੇ ਚੱਲਦੇ ਰਹਿੰਦਾ। ਧੱਤੂ ਟੇਪ ਤੇ ਰੀਲਾਂ ਦੀ ਚੱਕਰੀ ਨੂੰ ਘੁੰਮਾ-ਘੁੰਮਾ ਕੇ ਮਰਜ਼ੀ ਵਾਲ਼ਾ ਗਾਣਾ ਲਾਉਂਦਾ ਰਹਿੰਦਾ।

ਬਲੌਰਾ ਕੁੱਜੇ ਨੂੰ ਪੱਟਾਂ ਰੱਖ ਕੇ ਉਹਦੇ ਨਾਲ਼ ਗੱਲਾਂ ਕਰਕੇ ਚਿੱਤ ਪਰਚਾ ਲੈਂਦਾ ਤੇ ਉਂਗਲਾਂ ਦੇ ਪੋਟਿਆਂ ਦੀ ਥਾਪ ਦੇ ਕੇ ਵਜਾਉਂਦਾ ਹੋਇਆ, ਕੁਛ ਨਾ ਕੁਛ

ਗਾਉਂਦਾ ਵੀ। ਜੀਹਦੀ ਕੋਲ਼ ਦੀ ਲੰਘਦੇ ਅਜੈਬ ਨੂੰ ਵੀ ਕੋਈ ਸਮਝ ਨਾ ਪੈਂਦੀ, ਪਰ ਤੁੰਨ-ਤਨਾ-ਤਨਾ ਤਨ 'ਚ ਕੋਈ ਨਾ ਕੋਈ ਅਰਥ ਲੁਕਿਆ ਹੁੰਦਾ।

ਇਉਂ ਮੰਜੇ 'ਤੇ ਬੈਠੇ ਨੂੰ ਜਦ ਵੀ ਕਿਸੇ ਦੇ ਲੈਣ ਦੇਣ ਦਾ ਖਿਆਲ ਆ ਜਾਂਦਾ ਤਾਂ ਉਹ ਜਿੰਨਾ ਮਰਜ਼ੀ ਥੱਕਿਆ ਹੁੰਦਾ ਤਾਂ ਵੀ ਤੜਾਫਾ ਮਾਰ ਕੇ ਉੱਠ ਬਹਿੰਦਾ। ਭਾਵੇਂ ਦੀ ਅੱਧੀ ਰਾਤ ਦਾ ਵੇਲ਼ਾ ਵੀ ਹੁੰਦਾ, ਦਿਲ ਤੇ ਭਾਰ ਪੈਣ ਲੱਗ ਪੈਂਦਾ ਸੀ ਤੇ ਫੇਰ ਦੀਸਾਂ ਤੋਂ ਪੈਸੇ ਫੜ੍ਹ ਕੇ ਉਸ ਬੰਦੇ ਦਾ ਉਧਾਰ ਮੋੜ ਆਉਂਦਾ।

ਅੱਜ ਉਹਨੂੰ ਜਦ ਮੋਦਨ ਦੇ ਰੁਪਏ ਦੇਣੇ ਯਾਦ ਆਏ ਤਾਂ ਉਹਨੇ ਦੀਸਾਂ ਨੂੰ ਆਵਾਜ਼ ਮਾਰੀ ਪਰ ਅੱਗੋਂ ਕੋਈ ਸੁਰ-ਜਵਾਬ ਨਾ ਮਿਲਿਆ ਵੇਖ ਕੇ, ਆਪ ਈ ਚਾਦਰੇ ਦੇ ਲੜ ਚੱਕ ਕੇ ਢਾਕਾਂ ਤੇ ਧਰ ਕੇ, ਦੂਜੀ ਸਵਾਤ ਵਿੱਚ ਚਲਾ ਗਿਆ। ਇਹਦੀਆਂ ਕੰਧਾਂ 'ਤੇ ਮੇਖਾਂ ਗੱਡ ਕੇ ਕਾਨਿਆਂ ਦਾ ਫਰੇਮ ਬਣਾ ਕੇ ਕਿੰਨੇ ਈ ਛੱਜ ਜਿਹੇ ਲਟਕੇ ਹੋਈ ਸੀ। ਜਿਨ੍ਹਾਂ 'ਤੇ ਉਹਨੇ ਹੱਥਾਂ ਨਾਲ਼ ਨਵੇਂ-ਡਿਜੈਣ ਦੇ ਮੋਰ ਸੱਪ ਵਾਹੇ ਸੀ।

ਛੱਤ ਵਿੱਚ ਪਏ ਮੋਘਰੇ ਵਿੱਚੋਂ ਆਉਂਦੀ ਧੁੱਪ ਨਾਲ਼ ਕਿੰਨੀ ਹੀ ਗਰਦ ਉੱਡਦੀ ਨਜ਼ਰ ਆਈ ਤਾਂ ਉਹਨੇ ਛੱਤ 'ਤੇ ਕੋਰ ਮਿੱਟੀ ਦੀ ਘਾਣੀ ਬਣਾ ਕੇ ਲਾਉਣ ਦੀ ਠਾਣ ਲਈ। ਪੁੱਠੇ ਹੱਥ ਨਾਲ਼ ਤਖਤੇ ਥਾਪੜੇ ਤਾਂ ਦੀਸਾਂ ਉਵੇਂ ਈ ਪਈ ਰਹੀ।

ਜੇ ਉਹ ਜਾਗਦੀ ਹੁੰਦੀ ਤਾਂ ਆਪ ਚਾਬੀ ਕੱਢ ਕੇ ਫੜਾ ਦਿੰਦੀ, ਪਰ ਹੁਣ ਉਹਨੂੰ ਸੁੱਤੀ ਪਈ ਨੂੰ ਜਗਾਉਣਾ ਕਿਸੇ ਪਾਪ ਤੋਂ ਘੱਟ ਸੀ ਲੱਗ ਰਿਹਾ। ਦਿਲ ਵਿੱਚ ਡਰ ਵੀ ਸੀ, ਕਿਤੇ ਹੁਣ ਯਾਦ ਆਇਆ ਉਧਾਰ ਵੀ ਚੇਤੇ ਵਿੱਚੋਂ ਨਾ ਨਿਕਲ਼ ਜਾਵੇ। ਕੁਛ ਚਿਰ ਇਉਂ ਹੀ ਖੜਾ ਹੋਇਆ, ਦੀਸਾਂ ਨੂੰ ਸਿਰ ਤੋਂ ਪੈਰਾਂ ਤੱਕ ਵੇਖ ਗਿਆ ਤੇ ਫੇਰ ਮੰਜੇ ਕੋਲ਼ ਪੈਰਾਂ ਭਾਰ ਬੈਠ ਕੇ ਉਹਦੇ ਲੱਕ 'ਤੇ ਲਮਕ ਰਹੀ ਨਾਲ਼ੇ ਨਾਲ਼ ਬੰਨ੍ਹੀ ਚਾਬੀ ਨੂੰ ਨਹੁੰਆਂ ਨਾਲ਼ ਖੋਲ੍ਹਣ ਲੱਗਿਆ। ਗੰਢ ਪਿੱਚਕੀ ਹੋਣ ਕਰਕੇ ਨਹੀਂ ਖੁੱਲ੍ਹੀ ਤਾਂ ਫੇਰ ਇਹਨੂੰ, ਗੋਢਿਆਂ ਭਾਰ ਬਹਿ ਕੇ ਦੰਦਾਂ ਨਾਲ਼ ਖੋਲ੍ਹਣ ਲੱਗਿਆ ਤਾਂ ਉਹਦੀ ਦਾੜ੍ਹੀ ਦੇ ਵਾਲ ਢਿੱਡ 'ਤੇ ਖਹਿਣ ਨਾਲ਼ ਦੀਸਾਂ ਦੇ ਅੰਦਰ ਕੰਬਣੀ ਛਿੜ ਗਈ। ਉਹ ਛਾਪਲ ਕੇ ਪਈ ਰਹੀ। ਥੋੜੇ ਜਿਹੇ ਡਰ ਨਾਲ਼, ਉਹਨੇ ਅੱਖਾਂ ਦੀਆਂ ਪਲਕਾਂ ਨੂੰ ਢਿੱਲਾ ਕਰਕੇ ਵੇਖਿਆ, ਤਾਂ ਫੇਰ ਸਾਹ ਰੋਕ ਕੇ ਪੈ ਗਈ। ਇਕੇਰਾਂ ਤਾਂ ਉਹਨੂੰ ਸਵਾਤ ਵਿੱਚ ਪਾਇਆ ਚੀਲ ਦਾ ਸ਼ਤੀਰ ਟੁੱਟਣ ਕਰਕੇ, ਸਾਰੀ ਛੱਤ ਬਾਲ੍ਹਾ-ਬਾਲ੍ਹਾ ਕਰਕੇ ਉੱਤੇ ਡਿੱਗਦੀ ਦਿਸਣ ਲੱਗੀ। ਕੰਧਾਂ ਦੀਆਂ ਵਿਰਲਾਂ ਵਿੱਚੋਂ ਗਾਰੇ ਦੇ ਸਰਕਣ ਦੀ ਜਰਕ ਸੁਣਾਈ ਦੇਣ ਲੱਗੀ.. ਪਰ... ਪਰ...

ਖੈਰ ਚਾਬੀ ਖੋਲ੍ਹ ਕੇ, ਉਹਨੇ ਸੰਦੂਕ ਦੇ ਕੁੰਢੇ ਨੂੰ ਲੱਗਿਆ ਜਿੰਦਰਾ ਖੋਲ੍ਹ ਲਿਆ ਤੇ ਹੱਥਾਂ-ਕੋਲਾ ਕਰਕੇ, ਲੀੜਿਆਂ ਦੀ ਤਹਿ ਥੱਲੇ ਪਈ ਨੋਟਾਂ ਦੀ ਗੰਠੜੀ ਵਿੱਚੋਂ ਬਣਦੇ ਰੁਪਏ ਕੱਢ ਕੇ ਜੇਬ ਵਿੱਚ ਪਾ ਲਏ, ਅਤੇ ਜਿੰਦਰਾ ਫੇਰ ਜੜ ਕੇ, ਚਾਬੀ ਦੀਸਾਂ ਦੇ ਰੇਸ਼ਮੀ ਨਾਲ਼ੇ ਨਾਲ਼ ਗੰਢ ਮਾਰ ਕੇ ਬੰਨ੍ਹ ਦਿੱਤੀ ਤੇ ਬਾਹਰ ਆ ਕੇ ਛੱਤੜੇ ਹੇਠ ਪਏ ਅਜੈਬ ਦੇ ਗਿੱਟੇ ਨਾਲ਼ ਬੰਨੇ ਸੰਗਲ ਦੀ ਪੂਰੀ ਨਿਰਖ ਕੀਤੀ, ਕਿਤੇ ਖੁੱਲ੍ਹਾ ਤਾਂ ਨਹੀਂ।

ਪੂਰੀ ਤਸੱਲੀ ਕਰਕੇ ਮੋਦਨ ਕੇ ਘਰ ਨੂੰ ਤੁਰ ਪਿਆ।

ਮੋਦਨ ਆਪਣੇ ਬੂਹੇ ਵਿੱਚ ਪਈ ਲੱਕੜ ਤੇ ਬੈਠਾ ਹੋਇਆ ਭੁੰਨੇ ਛੋਲਿਆਂ ਨੂੰ ਤਲੀਆਂ ਵਿੱਚ ਰਗੜ ਕੇ ਫੋਲਕ ਲਾਹ ਰਿਹਾ ਸੀ। ਜਦ ਫੂਕ ਮਾਰ ਕੇ ਇਹਨਾਂ ਛਿਲਕਾਂ ਨੂੰ ਉਡਾਇਆ ਤੇ ਵਿੱਚੋਂ ਦੀ ਬਲੌਰਾ ਕੋਲ਼ ਖੜਾ ਵਿਖਾਈ ਦਿੱਤਾ, ਜੀਹਨੇ ਜੇਬ ਵਿੱਚੋਂ ਨੋਟ ਕੱਢ ਕੇ ਫੜ੍ਹਾ ਦਿੱਤੇ, 'ਆ ਲੈ ਬੀ', ਮੋਦਨ ਨੇ ਉਹਦੇ ਹੱਥਾਂ ਵਿੱਚ ਨੋਟ ਗਿਣ ਲਏ ਸੀ ਤੇ ਫੇਰ ਕਣੱਖੀ ਝਾਤ ਨਾਲ਼ ਫੜ੍ਹ ਕੇ ਬੇਫਿਕਰਿਆਂ ਦੇ ਵਾਂਗ ਜੇਬ ਵਿੱਚ ਪਾ ਲਏ। ਬਲੌਰੇ ਨੇ ਉਹਦੀ ਅਣਗੌਲ਼ੀ ਵੇਖ ਕੇ ਆਖਿਆ 'ਬੇਲੀਆ ਗਿਣ ਤਾਂ ਲੈਂਦਾ'

'ਲੈ ਯਾਰ, ਗਿਣਤੀ ਮਿਣਤੀ 'ਚ ਕੀ ਪਿਐ, ਤੈਂ ਕੇੜ੍ਹਾ ਥੋੜੇ ਦੇਜੇਂਗਾ' ਉਹਨੇ ਮੋਢੇ 'ਤੇ ਹੱਥ ਰੱਖ ਕੇ ਯਕੀਨ ਹੋਣ ਦਾ ਨਾਅਰਾ ਲਾਇਆ, 'ਜੇ ਚਾਈਦੇ ਐਂ ਤਾਂ ਲੈ ਜਾ ਫੇਰ ਦੇ ਜੀਂ' ਗੀਝੇ ਵਿੱਚ ਹੱਥ ਪਾ ਲਿਆ ਨੋਟ ਫੇਰ ਕੱਢ ਕੇ ਫੜਾਉਣ ਲਈ 'ਦੇਵਾਂ ਜੇ ਆਖੇਂ ਤਾਂ'

'ਖ਼ਾਲੀ ਜੇਬ 'ਚ ਹੱਥ ਪਾਈ ਜਾਨੈ ਮੋਦਿਆ' ਉਹਦੀ ਮਾਗੀ ਫੋਕੀ ਸੁਲ੍ਹਾ 'ਤੇ ਟਕੋਰ ਕੀਤੀ, 'ਪੈਸੇ ਤਾਂ ਦੂਜੀ ਜੇਬ 'ਚ ਪਾਈ ਫਿਰਦੈਂ, ਐਥੋਂ ਕੱਖ ਨੀਂ ਨਿਕਲਣਾ, ਡੱਕਾ ਵੀ' ਲੋਕਾਂ ਦੀ ਐਸੀ ਹਰਕਤ ਵਿੱਚੋਂ ਰੱਬ ਦੇ ਕਿਸੇ ਸਰਾਪ ਦੀ ਬੋਅ ਆਉਣ ਲੱਗ ਪੈਂਦੀ।

'ਨਾ..ਨਾ ਐਵਜੀ ਗੱਲ ਨ੍ਹੀ' ਉਹ ਕੱਚਾ ਹੋ ਗਿਆ, 'ਮੰਵੀ ਕਦੇ ਕੋਈ ਬੰਦਾ ਗੁੱਸੇ ਨਈਂ ਹੋਣ ਦਿੱਤਾ-ਗਾ, ਸਵ ਨੂੰ ਖੁਸ਼ ਰੱਖੀ-ਦੈ..'

'ਜੀਹਤੋਂ ਕਾਈ ਜਾਣਾ ਗੁੱਸੇ ਨੀਂ ਹੋਇਆ, ਉਹਦੇ 'ਚ ਬੰਦੇ ਆਲੀ ਫੇਰ ਕਣੀ ਨੀਂ ਹੁੰਦੀ, ਉਹ ਤੇ ਬੈਸ ਖੱਚ ਈ ਹੁੰਦੈ', ਉਹ ਨੇ ਚਾਦਰੇ ਨੂੰ ਪੱਟਾਂ ਤੱਕ ਉੱਚਾ ਚੁੱਕ ਲਿਆ ਤੇ ਫੇਰ ਕੋਲ਼ ਦੀ ਲੰਘਦੇ ਬੰਦੇ ਦੇ ਮੂੰਹ ਵਿੱਚੋਂ ਗੀਤ ਦੀ ਪੰਕਤੀ ਸੁਣੀ ਕਿ ਲੱਗਜਾ ਗੁਰਾਂ ਦੇ ਆਖੇ, ਸੌਖ ਆਜੂ ਬੰਦਿਆ। ਤੇ ਇਹ ਸੁਣ ਕੇ ਬਲੌਰੇ ਨੇ ਆਕੜ ਨਾਲ਼ ਆਖਿਆ, 'ਆਪੋ ਆਪਣੇ ਰੱਬ ਦੇ ਆਖੇ ਲੱਗ ਕੇ ਤਾਂ ਏਹ ਸਾਰੇ ਕੰਜਰ-ਕਲੇਸ਼ ਪਏ ਐ, ਐਦੂੰ ਤਾਂ ਫੇਰ ਰੱਬ ਦੀ ਨਾ ਮੰਨਣ 'ਚ ਈ ਲੋਕਾਂ ਦਾ ਭਲਾ'

'ਕੋਈ ਰੈਲੀ ਜੀ ਗੱਲ ਕਰ-ਖਾਂ'

'ਰੈਲੇ ਬੰਦੇ ਈ ਰੈਲੀ ਗੱਲ ਕਰਦੇ ਹੁੰਦੇ ਆ, ਆਪਾਂ ਤੇ' 'ਉਂਗਲਾਂ ਦੀ ਕੰਘੀ ਬਣਾ ਕੇ ਉਹਨੇ ਆਪਣੇ ਸਿਰ ਉੱਤੋਂ ਦੀ ਕਰਕੇ, ਅੰਗੜਾਈ ਭੰਨਦੇ ਹੋਇਆਂ, 'ਢਿੱਬਰੀ ਆਨੂੰ ਸਦਾ ਟੈਟ ਈ ਰਹੇ ਆਂ', ਉਹ ਜੁੱਤੀ ਨਾਲ਼ ਰੇਤੇ ਨੂੰ ਠੁੱਠੇ ਮਾਰ ਕੇ ਧੂੜਾਂ ਪੁੱਟਦਾ ਘਰ ਨੂੰ ਆ ਗਿਆ।

ਘਰ ਆ ਕੇ ਉਹਨੇ ਕੂੰਜਾ ਚੱਕ ਕੇ ਮੰਜੇ ਦੇ ਪਾਵੇ 'ਤੇ ਰੱਖ ਲਿਆ। ਸਿਰ ਤੋਂ ਪੱਗ ਲਾਹ ਕੇ ਉੱਤੇ ਧਰ ਦਿੱਤੀ ਤੇ ਗੀਝੇ ਵਿੱਚੋਂ ਨੋਟ ਕੱਢ ਕੇ ਕੂੰਜੇ ਨੂੰ ਵਖਾਇਆ, 'ਆ ਵੇਖੀ ਭਲਾਂ ਕੀ ਕਮੀ-ਪੇਸ਼ੀ ਐ ਏਹਦੇ 'ਚ' ਕਿੰਨਾ ਚਿਰ ਉਵੇਂ ਬੈਠਾ ਹੋਇਆ ਕੂੰਜੇ ਦੀਆਂ ਅੱਖਾਂ ਅੱਗੇ ਪੁੱਠਾ ਸਿੱਧਾ ਕਰੀ ਗਿਆ, 'ਲੈ ਤੂੰ ਤਾਂ ਪਤੰਦਰਾਂ ਮੋਢੇ ਈ

ਮਾਰ ਗਿਐਂ, ਤੇਰੀ ਭਿਆਂ ਫੇਰ, ਮੈਂ ਦੱਸਾਂ ਨੋਟ ਨੂੰ ਫੇਰ ਸੈਨਤ ਮਾਰ ਕੇ ਕੁੱਜੇ ਦੀ ਮਰਜ਼ੀ ਪੁੱਛਣੀ ਚਾਹੀ ਤੇ ਫੇਰ ਆਪ ਦੱਸਿਆ, 'ਜੇ ਮੈਥੋਂ ਸੁਣਨੀ ਐ ਤਾਂ ਸੁਣ, ਏਹਦੇ ਤੇ ਕੱਲੇ ਗਾਂਧੀ ਦੀ ਸੂਰਤ ਐ, ਡਾਂਗ ਹੈ ਨਈਂ, ਜੇ ਕਿਤੇ ਹੱਥ 'ਚ ਡਾਂਗ ਵੀ ਫੜੀ ਹੁੰਦੀ ਨਾ ਫੇਰ ਸਾਰਿਆਂ ਨੇ ਤੁੱਕਿਆਂ ਵਾਂਗ ਸਿੱਧੇ ਹੋਣਾ ਸੀ, ਜਵਾਂ ਵੀ ਝੋਲ ਨਹੀਂ ਸੀ ਪੈਣੀ'

ਕੁੱਜੇ 'ਤੇ ਉਂਗਲਾਂ ਨਾਲ਼ ਫੇਰ ਥਾਪ ਦਿੱਤੀ।

'ਹਾਹੋ ਡਾਂਗ ਵੱਡੇ ਲੋਕਾਂ ਦੇ ਹੱਥ ਐ, ਜੇੜ੍ਹੇ ਨਿੱਕੇ ਬੰਦਿਆਂ ਨੂੰ ਗੁੱਲੀ ਦੇ ਦਣ ਵਾਂਗ ਭਜਾਈ ਫਿਰਦੇ ਐ, ਜਵੇਂ ਉਹ ਆਖੀ ਜਾਂਦੈ ਐਂ ਗਾਂਧੀ ਵਚਾਰਾ ਨਿਹੱਥਾ ਉਮੇਂ-ਜਵੇਂ ਕਰੀ ਜਾਂਦਾ' ਫੇਰ ਸਪੀਕਰ ਦੀ ਆਵਾਜ਼ ਉੱਚੀ ਕਰ ਦਿੱਤੀ, 'ਸਵ ਗਾਂਧੀ ਦੇ ਪੁੱਤ ਐ, ਬੰਦੇ ਦਾ ਏਥੇ ਕਾਈ ਨੀਂ, ਕੋਲ਼ ਬੈਠਾ ਅਜੈਬ ਉਹਦੀਆ ਗੱਲਾਂ ਸੁਣੀ ਗਿਆ, ਪਰ ਮੂੰਹੋਂ ਬੋਲਿਆ ਕੁਝ ਨਹੀਂ। ਹੁਣ ਉਹਨੇ ਬੋਲਣਾ ਵੀ ਬੰਦ ਕਰ ਦਿੱਤਾ ਸੀ।

*** *** ***

ਦੀਸਾਂ ਦੀ ਬਰਾਤ ਪੂਰੀ ਚੜ੍ਹ ਕੇ ਆ ਗਈ, ਜੀਹਦੀ ਸੇਵਾ ਕਰਨ ਵਿੱਚ ਕੋਈ ਕਸਰ ਨਹੀਂ ਰਹਿਣ ਦਿੱਤੀ। ਪਾਸ਼ੋ ਵੀ ਵਿਆਹ ਤੋਂ ਕਿੰਨੇ ਦਿਨ ਪਹਿਲਾਂ ਹੀ ਆ ਗਈ ਸੀ ਤੇ ਸਭ ਤੋਂ ਮੋਹਰੀ ਬਣ ਕੇ, ਨਸੀਬੋ ਦੇ ਜਿੰਮੇ ਆਉਣ ਵਾਲ਼ੇ ਸਾਰੇ ਕੰਮ ਪੂਰੇ ਸੁਚੱਜੇ ਤਰੀਕੇ ਨਾਲ਼ ਕਰ ਦਿੱਤੇ।

ਜਦ ਪਾਠੀ ਨੇ ਸਪੀਕਰ ਵਿੱਚ 'ਕੰਨਿਆਂ ਦਾਨ' ਦੀ ਰਸਮ ਅਦਾ ਕਰਨ ਲਈ ਆਦੇਸ਼ ਦਿੱਤਾ ਤਾਂ ਅਜੈਬ ਚਾਦਰੇ ਦੇ ਲੜ ਇਕੱਠੇ ਕਰਕੇ, ਲੱਤਾਂ ਦਾ ਨੰਗੇਜ਼ ਕੱਜਦਾ ਹੋਇਆ ਉਠ ਪਿਆ। ਅਜੇ ਆਪਣੇ ਲੱਕ ਵਿੱਚੋਂ ਕੁੱਬ ਵੀ ਨਹੀਂ ਸੀ ਕੱਢਆ, ਕਿ ਉਹਦੀ ਅੱਖ ਬਲੌਰੇ ਨਾਲ਼ ਮਿਲ ਗਈ। ਉਹਦੀ ਵੱਟੀ ਘੂਰੀ ਨੇ ਅਜੈਬ ਨੂੰ ਗਿੱਚੀ ਤੋਂ ਫੜ੍ਹ ਕੇ ਫੇਰ ਥੱਲੇ ਹੀ ਬੈਠਾ ਦਿੱਤਾ।

ਥੱਲੇ ਬਹਿ ਕੇ ਉਹ ਆਪਣੀ ਸੱਜੀ ਕੱਛ ਨੂੰ, ਗਲਵੇਂ ਵਿੱਚ ਦੀ ਹੱਥ ਪਾ ਕੇ ਨਹੁੰਆਂ ਨਾਲ਼ ਖੁਰਕਣ ਲੱਗ ਪਿਆ ਪਰ ਜਦ ਬਲੌਰਾ ਵੀ ਨਹੀਂ ਉੱਠਿਆ ਤਾਂ ਪਾਠੀ ਨੇ ਫੇਰ ਉਹੀ ਬੋਲ ਦੁਹਰਾਏ।

'ਓਏ ਜੈਬ' ਸਾਰੇ ਇਕੱਠ ਵਿੱਚੋਂ ਰਲਵੇਂ ਬੋਲ ਗੂੰਜਣ ਲੱਗ ਪਏ। ਪਟਵਾਰੀ ਨੂੰ ਇੱਥੇ ਵੀ ਕਹਾਣੀ ਕੁਛ ਵਿਗੜ ਰਹੀ ਨਜ਼ਰ ਆਉਣ ਲੱਗ ਪਈ।

'ਹੂੰ..'

'ਜੈਵ ਓਏ' ਉਹਦੇ ਕੋਲ਼ ਬੈਠੇ ਪਿੰਡ ਦੇ ਮੋਹਤਵਰ ਬੰਦਿਆਂ ਨੇ ਉਹਨੂੰ ਬਾਂਹ ਤੋਂ ਫੜ੍ਹ ਕੇ ਹਲੂਣ ਦਿੱਤਾ, 'ਓ ਸੌਂਰਿਆ, ਬੋਲਾ ਤਾਂ ਨੀਂ ਹੋ ਗਿਆ...'

ਉਹ ਸਿਰ ਨੂੰ 'ਹਾਂ-ਨਾਂਹ' ਵਿੱਚ ਫੇਰ ਗਿਆ।

'ਮਾਰਦੇ ਫੂਕ ਬਿੰਦ ਝੱਟ ਸਾਰੇ ਸਨਸਿਆਂ ਨੂੰ, ਹੋ ਕਰੜਾ, ਪੁੰਨ ਧਰਮ ਦਾ ਕੰਮ ਕਰ-ਲਾ, ਉੱਠ ਖੜ੍ਹੋ' ਨਾਲ਼ ਹੀ ਪਾਣੀ ਦਾ ਗਲਾਸ ਟਰੇਅ ਵਿੱਚੋਂ ਚੱਕ ਕੇ ਫੜ੍ਹਾ ਦਿੱਤਾ, 'ਪੀ' ਪਾਣੀ ਦਾ ਗਲਾਸ ਜਿੰਨਾ ਪੀਤਾ ਗਿਆ, ਪੀ ਲਿਆ, ਤੇ ਬਾਕੀ ਵਧੇ

ਪਾਣੀ ਦੀ ਪਤਲੀ ਧਾਰ ਬੰਨ੍ਹ ਕੇ, ਆਪਣੇ ਗਿੱਟੇ ਤੇ ਪਾਉਣ ਲੱਗ ਪਿਆ।

ਇਹ ਹਰਕਤ ਵੇਖ ਕੇ ਸਾਰੇ ਦੰਗ ਰਹਿ ਗਏ ਤੇ ਭਿੱਜਣ ਤੋਂ ਆਪਣੇ ਕੱਪੜੇ ਸਹੀ ਕਰਕੇ ਥੋੜ੍ਹੇ-ਥੋੜ੍ਹੇ ਪਿੱਛੇ ਨੂੰ ਸਰਕ ਗਏ।

ਜਲੇਬੀਆਂ ਵਾਲ਼ੀ ਪਰਾਂਤ ਕਿਸੇ ਹੋਰ ਬੰਦੇ ਨੂੰ ਫੜ੍ਹਾ ਕੇ, ਘੀਚਰ ਭੱਜ ਕੇ ਪੰਡਾਲ ਵਿੱਚ ਨੰਗੇ ਸਿਰ ਹੀ ਆ ਕੇ ਖੜ੍ਹ ਗਿਆ। ਬਲੌਰੇ ਨੇ ਜਦੋਂ ਉੱਠ ਕੇ ਕੁੜਤੇ ਦੇ ਵੱਲ ਕੱਢਦੇ ਹੋਇਆਂ, ਪੰਡਾਲ ਦੇ ਬੂਹੇ ਕੋਲ਼ ਖੜੇ ਘੀਚਰ ਦੇ ਨਰੋਏ ਮੂੰਹ ਵੱਲ, ਬਿਨਾਂ ਪਿੱਠ ਭੰਵਾਏ, ਕੋਈ ਨਿਰਖ ਕਰਨ ਦੇ ਤੌਰ ਤਰੀਕੇ ਨਾਲ਼ ਵੇਖਿਆ, ਤਾਂ ਬੁੱਲ੍ਹਾਂ ਤੇ ਕੌੜੀ ਹਾਸੀ ਦੀ ਫਿੱਕੀ ਲਕੀਰ ਖਿੱਚੀ ਗਈ। ਅੱਗੇ ਵੱਧ ਕੇ ਬਲੌਰੇ ਨੇ ਆਪਣੀ ਜੇਬ ਵਿੱਚੋਂ ਛਾਪ ਕੱਢ ਕੇ ਹਰਨੇਕ ਦੀ ਉਂਗਲ ਵਿੱਚ ਪਾ ਦਿੱਤੀ। ਮੂੰਹ ਨੂੰ ਛੁਹਾਰਾ ਜਿਹਾ ਲਗਾ ਕੇ ਦੋਵਾਂ ਦੇ ਦੁਸਾਲੇ ਫੜ੍ਹ ਕੇ, ਪੂਰੇ ਤਾਣ ਨਾਲ਼ ਪੀਡੀ-ਗੰਢ ਪਾ ਦਿੱਤੀ।

ਜਦੋਂ ਲਾਵਾਂ ਲੈਂਦੀ ਹੋਈ ਦੀਸਾਂ ਨੇ ਕਾਣੇ ਜਿਹੇ ਘੁੰਢ ਵਿੱਚੋਂ ਅੱਖ ਦੀ ਲਿਸ਼ਕੋਰ ਨਾਲ਼, ਦੋਵੇਂ ਹੱਥ ਜੋੜ੍ਹ ਕੇ ਰੱਬ ਦੀ ਹਜ਼ੂਰੀ ਵਿੱਚ ਖੜੇ ਘੀਚਰ ਵੱਲ ਝਾਤੀ ਮਾਰ ਕੇ ਵੇਖਿਆ, ਤਾਂ ਉਹਦੇ ਬੁੱਲ੍ਹਾਂ 'ਤੇ ਕੋਈ ਅਗੰਮੀ-ਖ਼ੁਸ਼ੀ ਸੀ, ਤੇ ਅੱਖਾਂ ਵਿੱਚ ਨਮੀ ਵੀ, ਐਸੀ ਖ਼ੁਸ਼ੀ ਪਹਿਲੀ ਮਿਲਣੀ ਵੇਲ਼ੇ ਹੋਈ ਸੀ।

ਪਲ ਭਰ ਵਿੱਚ ਸਾਰੇ ਰਿਸ਼ਤੇ ਬਦਲ ਗਏ।

ਆਥਣੇ ਡੋਲੀ ਤੋਰ ਕੇ, ਬਲੌਰੇ ਨੇ ਹੱਥ ਵਿੱਚ ਛੈਣੇ ਫੜ੍ਹ ਲਏ ਤੇ ਨੱਚਣ ਲੱਗ ਪਿਆ। ਕੋਲ਼ ਖੜ੍ਹੇ ਦੋ ਢੋਲੀ ਵਾਰ-ਵਾਰ ਸਾਹ ਲੈ ਕੇ ਢੋਲ ਵਜਾ ਰਹੇ ਸੀ, ਘੀਚਰ ਵੀ ਪਤਾ ਨਹੀਂ ਕਿਸੇ ਵੇਲ਼ੇ ਆ ਕੇ ਉਹਦੇ ਨਾਲ਼ ਨੱਚਣ ਲੱਗ ਪਿਆ।

ਫੇਰ ਬਲੌਰਾ ਛੈਣੇ ਸੁੱਟ ਕੇ, ਭੱਜ ਕੇ ਸੁਆਤ ਵਿੱਚ ਗਿਆ ਤੇ ਬੋਰੀ ਤੇ ਪਿਆ ਕੂੰਜਾ ਚੱਕ ਕੇ ਬਾਹਰ ਲੈ ਆਇਆ ਤੇ ਉਹਨੂੰ ਹਵਾ ਵਿੱਚ ਸਿਰ ਤੋਂ ਉੱਚਾ ਉਛਾਲ ਕੇ ਕਿਸੇ ਨਿਆਣੇ ਵਾਂਗ ਫੜ੍ਹਦਾ ਤੇ ਫੇਰ ਇਹਨੂੰ ਆਪਣੇ ਸਿਰ ਤੋਂ ਉੱਚਾ ਕਰਕੇ ਨੱਚਣ ਲੱਗ ਪਿਆ...'।

ਅੱਧੀ ਰਾਤ ਤੱਕ ਢੋਲ ਦੇ ਢਮੱਕੇ ਦੀਆਂ ਗੂੰਜਾਂ ਪਿੰਡ ਦੀ ਜੂਹ ਤੀਕ ਪਈ ਗਈਆਂ।

***   ***   ***

# ਰਵਾ-ਰਵੀ

ਗਲ਼ੀ ਵਿੱਚ ਬੈਠੇ ਆਵਾਰਾ ਕੁੱਤੇ ਬਲੌਰੇ ਨੂੰ ਵੇਖ ਕੇ ਅੱਜ ਭਉਂਕੇ ਨਹੀਂ ਤਾਂ ਹੈਰਾਨੀ ਨਾਲ਼ ਉਹਦੀ ਰੂਹ ਵਿੱਚ ਚਿੱਬ ਪੈ ਗਿਆ। ਕਾਲ਼ੇ ਕੁੱਤੇ ਵੱਲ ਮੁੱਕੀ ਵੱਟ ਕੇ, ਦਾਬਾ ਮਾਰਿਆ, 'ਹਟ..' ਪਰ ਕੁੱਤੇ ਦੇ ਮੂਹ ਤੋਂ ਮੱਖੀ ਨਹੀਂ ਉਡੀ। ਉਬਾਸੀ ਲੈ ਕੇ ਉਵੇਂ ਪਿਆ ਰਿਹਾ। ਉਹਨੇ ਪਿੱਛੇ ਗਲ਼ੀ ਵਿੱਚ ਨਜ਼ਰ ਮਾਰੀ, ਉਹਨੂੰ ਆਪਣੀ ਕੋਈ ਪੈੜ ਵੀ ਬਣੀ ਹੋਈ ਵਿਖਾਈ ਨਹੀਂ ਦਿੱਤੀ।

ਉਹਨੇ ਆਪਣੀ ਨਬਜ਼ ਨੂੰ ਦੂਜੇ ਹੱਥ ਵਿੱਚ ਫੜ ਕੇ ਟੋਇਆ, ਕੋਈ ਰੜਕ ਨਹੀਂ ਲੱਗੀ। ਜਾਪਿਆ, ਕਿਤੇ ਏਨ੍ਹਾਂ ਲਈ ਮਰ ਗਿਆ। ਇਹ ਕੁੱਤੇ ਤਾਂ ਗਲ਼ੀ ਵਿੱਚ ਆਉਂਦੇ ਨੂੰ ਵੇਖ ਕੇ, ਦੂਰੋਂ ਹੀ ਕੱਚਾ ਵੱਢ ਖਾਣ ਤੱਕ ਆਉਂਦੇ ਸੀ ਪਰ ਅੱਜ ਇਨ੍ਹਾਂ ਨੇ ਕਿਹੜੀ ਨੇਸ਼ਤੀ ਲੜ ਬੰਨ੍ਹੀ ਹੋਈ ਸੀ।

ਦੀਸਾਂ ਦੇ ਵਿਆਹ ਤੋਂ ਬਾਦ ਉਹ ਘਰ ਵਿੱਚੋਂ ਬਾਹਰ ਨਹੀਂ ਸੀ ਨਿਕਲ਼ ਸਕਿਆ। ਘਰ ਵਿੱਚ ਖਾਣ ਲਈ ਕਿੰਨੀ ਭਾਜੀ ਪਈ ਸੀ ਤੋੜਿਆਂ ਵਿੱਚ, 'ਬਾਪੂ ਮੇਰੀ ਤਾਂ ਤੇਰੇ ਨਾਲ਼ ਏਨੇ ਕੁ ਅੰਨ-ਜਲ ਦੀ ਸਾਂਝ ਐ' ਇਹਦੇ ਵਿੱਚੋਂ ਬਾਟੀ ਭਰ ਕੇ ਅਜੈਬ ਨੂੰ ਫੜ੍ਹਾ ਦਿੰਦਾ ਤੇ ਬੱਕਰੀ ਚੋਅ ਕੇ ਖਾਰਾ ਦੁੱਧ ਪੀ ਲੈਂਦਾ। ਹੁਣ ਜਿਵੇਂ ਇਹੀ ਉਹਦਾ ਰਿਜ਼ਕ ਬਣ ਗਿਆ।

ਇਨ੍ਹਾਂ ਦੋ-ਚਿੱਤੀਆਂ ਵਿੱਚ ਉਹ ਗਲ਼ੀਆਂ ਦਾ ਗਾਰਾ ਮਿੱਧਦਾ ਹੋਇਆ ਪੀਰੂ ਘੁਮਿਆਰ ਦੇ ਬੂਹੇ ਅੱਗੇ ਜਾ ਕੇ ਖੜ ਗਿਆ। ਕੰਧਾਂ ਦੀ ਥਾਂਵੇਂ ਝਾਫਿਆਂ ਦੀ ਵਾੜ ਸੀ, ਜੀਹਨੇ ਉਹਦੇ ਕੱਚੇ ਕੋਠੇ ਨੂੰ ਘੇਰਾ ਪਾਇਆ ਸੀ।

ਬੂਹੇ ਦੀ ਥਾਂ, ਟੇਢੀ ਕਰਕੇ ਰੱਖੀ ਹੋਈ ਲੱਕੜ ਲੰਘ ਕੇ ਜਦ ਦੋ ਕਦਮ ਚੱਲ ਕੇ ਅੱਗੇ ਆਇਆ ਤਾਂ 'ਗਾਂਹ ਈ ਆਜਾ, ਆ ਬਹਿ-ਜਾ' ਪੀਰੂ ਨੇ ਆਪਣੇ ਥੱਲੇ ਪਈਆਂ ਦੋ ਇੱਟਾਂ ਵਿੱਚੋਂ ਇੱਕ ਇੱਟ ਕੱਢ ਕੇ ਅੱਗੇ ਰੱਖ ਦਿੱਤੀ, ਤੇ ਹੱਥ ਨਾਲ਼ ਝਾੜ ਕੇ ਕਿਹਾ, 'ਹੁਣ ਬਹਿ ਤਖਤ ਤੇ', ਉਹ ਚਿਲਮ ਨੂੰ ਬੀੜੀ ਅਤੇ ਸੁੱਖੇ ਦੇ ਪੱਤਿਆਂ ਵਿੱਚ ਰਲਾ ਕੇ ਬਣਾਏ ਮਲਬੇ ਨਾਲ਼ ਨੱਪ-ਨੱਪ ਕੇ ਭਰ ਰਿਹਾ ਸੀ।

ਬਲੌਰੇ ਦੀਆਂ ਅੱਖਾਂ ਵਿੱਚ ਰਾਤ ਦੇ ਉਨੀਂਦਰੇ ਦੀ ਰੜਕ ਪੈ ਰਹੀ ਸੀ। ਰਾਤੀਂ ਕਿੰਨੀ ਈ ਮਿੱਟੀ ਕਹੀ ਦੇ ਟੱਕਿਆਂ ਨਾਲ਼ ਬੁੜਕ ਦੇ ਉਹਦੀ ਅੱਖ ਵਿੱਚ ਪੈਂਦੀ ਰਹੀ, ਜੀਹਨੂੰ ਕੱਢਣ ਦੀ ਕੋਸ਼ਿਸ਼ ਕਰਦਾ ਤਾਂ ਰੜਕ ਬਾਹਲੀ ਈ ਪੈਂਦੀ। ਘਰ ਦੀ ਹਰ ਸ਼ੈਅ ਨੂੰ ਪੂਰੀ ਪਰਖ ਕਰਨ ਦੀ ਰੀਝ ਨਾਲ਼ ਵੇਖਣ ਲੱਗ ਪਿਆ ਤਾਂ ਪੀਰੂ ਨੇ ਉਹਦੀ ਨਜ਼ਰ ਵੱਲ ਵੇਖ ਕੇ ਜਿਹੜੀ ਪਾਸੇ ਉਹ ਜਾਂਦੀ ਪਈ ਸੀ, ਬੋਲਿਆ, 'ਕਾਹਦੀ ਨਿਰਖ ਕਰੀ ਜਾਨੈਂ ਬਾਈ' ਚਿਲਮ ਭਰ ਕੇ, ਉਹਦੇ ਹੇਠ ਲੀਰ ਵਲ੍ਹੇਟ ਲਈ, ਜੀਹਦੇ ਨਾਲ਼ ਮੂੰਹ ਲਾ ਕੇ ਸੂਟਾ ਮਾਰਦਾ ਸੀ।

'ਤੂੰ ਆਹ ਇੱਕੋ ਕੋਠੜੇ ਵਿੱਚ ਈ ਸਾਰੀ ਉਮਰ ਕੱਢ-ਲੀ, ਲੋਕੀ ਤਾਂ ਸਭ ਕੁਛ ਹੁੰਦੇ ਸੁੰਦੇ ਵੀ ਲੁੱਟ ਮਚਾਈ ਬੈਠੇ ਐ' ਮੋਢੇ ਮਾਰ ਕੇ ਸੋਚਾਂ ਵਿੱਚ ਗੋਤਾ ਖਾ ਗਿਆ,

'ਕਵੇਂ ਲੰਘੀ ਐ ਜਿੰਦਗੀ ਫੇਰ'

'ਐਨ ਬੋਤ ਵਧੀਆ, ਪੂਰੇ ਦਾਣੇ ਤੇ, ਨਾ ਫਿਕਰ ਨਾ ਫਾਕਾ, ਖਾਣ ਨੂੰ ਰੋਟੀ ਜੁੜ ਜਾਂਦੀ ਐ, ਤੇ ਰਹਿਣ ਨੂੰ ਘੋਲਾ ਆ, ਤੇ ਪਾਉਣ ਲਈ ਤਿੰਨ ਲੀੜੇ, ਹੋਰ ਬੰਦੇ ਨੂੰ ਕੀ ਵੈਂਗਣ ਚਾਈਦੇ, ਜਦੋਂ ਮਰਗੇ ਉਦੋਂ ਕਾਈ ਵੀਰ ਭਰਾ ਤੇਰੇ ਅਰਗਾ ਸੀਖ ਬਾਲ ਕੇ ਲਾਹ ਈ ਦੇਊ, ਡੱਬੀ ਆਪਾਂ ਉਸ ਖੂੰਜ 'ਚ ਰੱਖ ਕੇ ਜਾਵਾਂਗੇ... ਜੇ ਆਪਾਂ ਵੀ ਮਰ ਗਏ ਨਾ ਵੇਖੀ ਫੇਰ ਵੀ ਕਵੇਂ ਸਾਡੀ ਸੁਆਹ ਤੇਰੇ ਆਖਣ ਵਾਂਗੂੰ ਰੱਬ ਦੀਆਂ ਅੱਖਾਂ ਵਿੱਚ ਉੱਡ ਪੈਂਦੀ...' ਪੀਰੂ ਨੇ ਆਪਣੀ ਰਾਮ-ਕਹਾਣੀ ਸੁਣਾ ਕੇ, ਤੀਲੀ ਬਾਲ ਕੇ ਚਿਲਮ ਵਿੱਚ ਸੁੱਟ ਦਿੱਤੀ।

'ਹੂੰ' ਘਰ ਵਿੱਚ ਚਾਰੇ ਪਾਸੇ ਪਏ ਘੜਿਆਂ ਦੀ ਲੱਗੀ ਚਿਣਤੀ ਵੱਲ ਵੇਖੀ ਗਿਆ।

ਪੀਰੂ ਚਾਰ ਸੂਟੇ ਮਾਰ ਕੇ ਫੇਰ ਬੋਲਿਆ, 'ਨਾਲੇ ਜੇੜ੍ਹੀ ਸ਼ੈਅ ਬੰਦਾ ਹੱਥੀਂ ਕਮਾ ਲਵੇ ਉਹ ਰੱਬ ਤੋਂ ਮੰਗਣ ਦੀ ਕਦੇ ਨੀਤ ਨਈਂ ਰੱਖੀ, ਦੋ ਕੁ ਆਰੀ ਮੱਤ ਮੰਗੀ ਸੀਗੀ ਦਾਤੇ ਤੋਂ, ਉਹ ਏਨੇ ਦਿੱਤੀ ਨਈਂ, ਤੇ ਨਾ ਹੀ ਏਨੇ ਦੇਣੀ ਐਂ", ਫੇਰ ਆਕਾਸ਼ ਵੱਲ ਉਡਦੇ ਜਨੌਰਾਂ ਵੱਲ ਵੇਖਿਆ, 'ਨਾਲੈ ਹੁਣ ਬਲੌਰ ਸਿਆਂ ਉਮਰ ਈ ਟੱਪ-ਗੀ ਮੱਤ ਲੈ ਕੇ ਕਰਨੀ ਵੀ ਕੀ ਐ, ਅਹਿਸਾਨ ਕਰਾਉਣ ਈ ਐ',

'ਹੂੰ... ਨਾਲ਼ੇ ਜਿਨ੍ਹਾਂ ਨੂੰ ਮੱਤ ਰੱਬ ਨੇ ਦਿੱਤੀ ਐ, ਉਨ੍ਹਾਂ ਨੂੰ ਕੇੜ੍ਹਾ ਹਜੇ ਆਈ ਐ, ਐਵੇਂ ਖਰਾਬ ਈ ਕਰੀ ਐ' ਉਹਦੀ ਘਰ ਵਿੱਚ ਘੁੰਮਦੀ ਨਜ਼ਰ ਫੇਰ ਪੀਰੂ ਤੇ ਆ ਕੇ ਟਿੱਕ ਗਈ।

ਪੀਰੂ ਚਿਲਮ ਵਿੱਚੋਂ ਨਿਕਲ਼ ਕੇ ਧੂੰਏਂ ਵੱਲ ਵੇਖ ਕੇ, 'ਏਦਾਂ ਸੂਟਾ ਮਾਰ ਕੇ ਟਿੱਲੇ 'ਤੇ ਜਾਣ ਦੀ ਲੋੜ ਨੀਂ, ਨਾ ਈ ਕੰਨ ਪੜਵਾਉਣ ਦੀ, ਘਰ ਆ ਕੇ ਈ ਹੀਰ ਦਰਸ਼ ਦਖੌਂਦੀ ਐ, ਲੈ ਮੰਵੀ ਕੀ ਸੁਰਲੀਆ ਈ ਗੁੰਨਣ ਲੱਗ ਪਿਆ, ਤੂੰ ਦੱਸ ਕਵੇਂ ਆਉਣੇ ਕੀਤੇ, ਮੇਰੇ ਬੂਹੇ ਦਾ ਵਰਕਾ ਕਿਵੇਂ ਠੱਲ੍ਹਿਆ...'

ਚਾਦਰੇ ਦੀ ਬੁੱਕਲ ਵਿੱਚੋਂ ਝੋਲਾ ਕੱਢ ਕੇ ਉਹਦੀ ਤਲੀ 'ਤੇ ਧਰ ਦਿੱਤਾ, 'ਆਹ ਕਾਟ ਵੰਡਦੀਂ'

'ਲੈ ਬੱਲੇ ਬੀ ਵਧਾਈਆਂ ਫੇਰ ਤਾਂ' ਚਿਲਮ ਨੂੰ ਕੋਲ਼ ਪਈ ਇੱਟ ਵਿੱਚ ਰੱਖ ਉਹਨੇ ਦੋਵਾਂ ਹੱਥਾਂ ਨਾਲ਼ ਝੋਲੇ ਨੂੰ ਉਹਦੇ ਹੱਥਾਂ ਵਿੱਚ ਹੀ ਘੁੱਟ ਲਿਆ, 'ਲੈ ਏਹ ਤਾਂ ਰਾਤੋ-ਰਾਤ ਵੰਡ-ਦੂੰ, ਕਰਦੂੰ ਸਾਰਾ ਕੰਮ ਟਿੱਚਣ, ਜੀਹਦੇ ਨਾਲ਼ ਕੋਈ ਲਾਗਾ-ਡਾਟ ਐ, ਉਹਦਾ ਨਾਉਂ ਦੱਸਦੇ, ਉਹਨੂੰ ਆਪਾਂ ਨਾ ਸੱਦਾਂ-ਗੇ'

'ਲਾਗ-ਡਾਟ ਆਲ਼ੇ ਨੂੰ ਤਾਂ ਸਿਰ ਤੇ ਜਾਗੋ ਚਕਾ ਕੇ ਗਿੱਧੇ ਚ ਨਚਾਉਣ ਸਵਾਦ ਆਉਂਦਾ, ਬਾਕੀ ਤਾਂ ਬਿਨ ਸੱਦੇ-ਸਦਾਏ ਈ ਜਾਣ, ਨਾਲ਼ੇ ਏਨੀ ਕਾਅਲ-ਨੀਂ ਵਖੌਣੀ, ਨਾਲ਼ੇ ਆਪਾਂ ਕੇੜ੍ਹਾ ਅਜੇ ਮਰ ਚੱਲੇ ਆਂ, ਚਾਰ ਕੁ ਦਿਨ ਹੈ-ਗੇ ਆਂ' ਪੀਰੂ ਲਈ ਹਰ ਅੱਖਰ ਤੋਕੜ ਮੱਝ ਵਰਗਾ ਸੀ ਤੇ ਫੇਰ ਨਾਲ਼ ਈ ਆਪਣੇ ਸਾਫੇ ਦੇ

ਲੜ ਵਿੱਚੋਂ ਸਰੋਂ ਦੇ ਬੀਜਾਂ ਦੀ ਨਿੱਕੀ ਜਿਹੀ ਪੋਟਲੀ ਉਹਨੂੰ ਫੜ੍ਹਾ ਦਿੱਤੀ, ਤੇ ਇਸ ਵਾਰ ਆਪ ਉਹਦੇ ਦੋਵੇਂ ਹੱਥ ਕੋਈ ਵਾਅਦਾ ਲੈਣ ਦੀ ਰੀਝ ਨਾਲ਼ ਘੁੱਟ ਕੇ ਬੋਲਿਆ, 'ਬੈਸ ਆਹ ਸਰੋਂ ਦਾ ਛਿੱਟਾ ਜਾ ਕੇ ਮੇਰੇ ਵਾਹਣ ਵਿੱਚ ਦੇ-ਦਿਆ ਕਰੀਂ, ਉਹ ਆਵਦੇ ਹੱਥੀਂ ਕਿਤੇ ਲੰਘਦੀ-ਵੜ੍ਹ ਦੀ ਸਾਗ ਤੋੜ ਕੇ ਲੈ-ਜਿਆ ਕਰੂ...'

ਬਲੌਰੇ ਦੀ ਧੁੱਪਾਂ ਨਾਲ਼ ਪੱਕ-ਪੱਕ ਕੇ ਐਨ ਜਵਾਂ ਖੰਗਰ ਹੋਈ ਚਮੜੀ ਵੇਖ ਕੇ, ਪੀਰੂ ਦਾ ਜਿਵੇਂ ਗਚ ਭਰ ਗਿਆ, ਜਿਵੇਂ ਉਹਦੇ ਵਿੱਚ ਚੱਤੋ ਪਹਿਰ ਹੀ ਕੋਈ ਸ਼ੈਅ ਰਿੱਜੀ ਜਾਂਦੀ ਹੋਵੇ। ਫੇਰ ਉਹਦੇ ਹੱਥਾਂ ਨੂੰ ਫੜ ਕੇ ਨਿਰਖ ਕਰਕੇ ਵੇਖਿਆ, ਸੱਜੇ ਹੱਥ ਨਾਲ਼ੋਂ ਖੱਬੇ ਹੱਥ 'ਤੇ ਸੱਟਾਂ ਦੇ ਡੂੰਘੇ ਨਿਸ਼ਾਨ ਸੀ। ਉਹਦੇ ਹੱਥਾਂ ਨੂੰ ਸਿਰ ਤੋਂ ਉਚੇ ਚੱਕ ਕੇ ਆਪਣੇ ਜਾਣੀਂ ਆਕਾਸ਼ ਨੂੰ ਵਖਾ ਕੇ ਬੋਲਿਆ, 'ਜਦੋਂ ਰੱਬ ਤੇਰੇ ਹੱਥਾਂ ਵੰਨੀ ਵੇਖੂ, ਭੈਣ ਦੇਣੇ ਨੂੰ ਸ਼ਰਮ ਤਾਂ ਆਊ, ਬਈ ਏਹ ਬੰਦੇ ਸਾਰੀ ਉਮਰ ਚੰਮ ਜੋਤ-ਜੋਤ ਕੇ ਖੇਤਾਂ ਵਿੱਚ ਕਮਾਉਂਦੇ ਰਹੇ, ਤੇ ਕਦੇ ਢਕਾਰ ਨਹੀਂ ਲੈ ਕੇ ਵੇਖਿਆ, ਤੇ ਫੇਰ ਆਪਣੇ ਹੱਥਾਂ ਦੀ ਵੀ ਅਜਿਹੀ ਹਾਲਤ ਵੇਖ ਕੇ ਬੋਲਿਆ, 'ਰੱਬ ਨੂੰ ਆਪਣਾ ਪਾਪ ਲੈ ਕੇ ਬੈਠੂ, ਵੇਖੀ ਜਾਂਈ ਮਰ ਕੇ'

ਬਲੌਰੇ ਨੇ ਗੋਢਿਆਂ ਤੇ ਹੱਥ ਰੱਖ ਕੇ ਬਿਨਾਂ ਉਠਦੇ ਹੋਇਆਂ, ਕੋਲ਼ ਪਏ ਤੋੜਿਆਂ ਦੇ ਢੇਰ ਤੋਂ ਥਾਪ ਦੇ ਕੇ ਮੋੜ੍ਹ ਦਿੱਤਾ, 'ਰੱਬ ਨੂੰ ਤਾਂ ਆਪਣੇ ਮੱਥੇ ਲੱਗਣਾ ਔਖਾ ਹੋਜੂ ਪੀਰੂ 'ਤੇ ਫੇਰ ਉਸ ਦਿਨ ਪੰਡਤ ਵਾਲ਼ੀ ਦੱਸੀ ਤਰੀਕ ਦੇ ਹਿਸਾਬ ਨਾਲ਼ ਪੀਰੂ ਨੂੰ ਕਾਰਡ ਵੰਡਣ ਦੀ ਪੱਕੀ ਠੋਕਵੀਂ ਹਦਾਇਤ ਦਿੱਤੀ, 'ਸੰਗਰਾਂਤ ਤੋਂ ਅਗਲੇ ਦਿਨ ਈ ਵੰਡਣੇ ਐ ਬਾਈ'

ਤੇ ਉਹਦੇ ਜਾਂਦੇ ਹੋਏ ਦੀ ਚਾਦਰੇ ਵਿੱਚੋਂ ਨੰਗੀ ਹੁੰਦੀ ਲੱਤ ਵੱਲ ਪੀਰੂ ਵੇਖਣ ਲੱਗ ਪਿਆ।

*** *** ***

ਘਰ ਦੇ ਸਾਰੇ ਵਿਹੜੇ ਵਿੱਚ ਲਾਈਆਂ ਟਾਹਲੀਆਂ ਨੂੰ ਕਈ ਦਿਨ ਬੀਤ ਗਏ।

ਟਾਹਲੀਆਂ ਦੇ ਜੜ੍ਹ ਮਾਰ ਲਈ ਸੀ, ਸਿਰਫ ਪੰਜ ਕੁ ਟਾਹਲੀਆਂ ਈ ਸੁੱਕ ਗਈਆਂ ਸੀ, ਜਿਨ੍ਹਾਂ ਦੀ ਜੜ੍ਹ ਨਾਲ਼ੋਂ ਮਿੱਟੀ ਜਵਾਂ ਭੁਰ ਗਈ ਸੀ, 'ਜੇੜ੍ਹੇ ਬੂਟੇ ਦੀ ਜੜ੍ਹ ਰੱਬ ਨੂੰ ਦਿਖ-ਜੇ, ਉਹ ਨੀਂ ਕਦੇ ਬਹਾਲ ਹੁੰਦਾ, ਸੁੱਕ ਜਾਂਦੈ' ਜਦ ਉਹਨੂੰ ਨਸੀਬੋ ਦੀ ਗੱਲ ਯਾਦ ਆਈ ਤਾਂ ਖਿੜ ਕੇ ਹੱਸ ਪਿਆ। ਫੇਰ ਆਪ ਨੂੰ ਸੋਚ ਆਈ, 'ਸੈਂਤ ਉਨ੍ਹਾਂ ਦੀ ਜੜ੍ਹ ਰੱਬ ਨੂੰ ਦਿਖ-ਗੀ ਹੋਣੀ ਐ, ਤਾਂ ਹੀ ਉਹ ਹਜੇ ਤਾਂਈ ਬਹਾਲ ਨਹੀਂ ਹੋਏ-ਗੇ, ਰੱਬ ਤੋਂ ਵੀ ਬਹੁਤ ਕੁਛ ਲਕੋਅ ਕੇ ਰੱਖਣਾ ਪੈਂਦਾ, ਜੇ ਏਥੇ ਧਰਤੀ ਤੇ ਵਸਣਾ ਹੋਏ ਤਾਂ...'

ਜਦੋਂ ਉਹ ਪੱਟਾਂ 'ਤੇ ਹੱਥ ਰੱਖ ਕੇ ਖੜ੍ਹਾ ਹੋਇਆ ਤਾਂ ਉਹਦੇ ਗੋਢਿਆਂ ਦੇ ਜੋੜਾਂ ਵਿੱਚੋਂ ਖਾਸ ਕਰਕੇ ਲੱਕ ਵਿੱਚੋਂ ਕੜ-ਕੜ ਕਰਕੇ ਕੜਾਕੇ ਨਿਕਲ਼ੇ। ਬਹੁਤ ਚਿਰ ਦਿਊਂ ਪੈਰਾਂ ਭਾਰ ਬਹਿਣ ਕਰਕੇ ਅਜਿਹਾ ਹੋਇਆ ਤੇ ਸਿਰ ਨੂੰ ਹੰਦਾਲੀ ਚੜ੍ਹ ਗਈ।

ਸੁਰਤ ਟਿਕਾਣੇ ਸਿਰ ਹੋਈ ਤਾਂ ਉਹਨੇ ਖੱਬੇ ਪਾਸੇ ਮੁੜ ਕੇ ਵੇਖਿਆ ਤਾਂ ਧੱਤੂ ਖੜਾ ਸੀ। ਜੀਹਦੇ ਸਿਰ 'ਤੇ ਨਿੱਕੀ ਜਿਹੀ ਜੂੜ੍ਹੀ ਕਰਕੇ ਪੀਲੇ ਰੰਗ ਦਾ ਪਟਕਾ ਬੰਨਿਆਂ ਸੀ ਤੇ ਬੋਲਿਆ, 'ਚਾਚਾ ਓ ਬੱਕਰੀ 'ਤੇ ਹੂਟਾ ਈ ਦਵਾਦੇ ਆੜੀ ਬਣ ਕੇ...'

'ਚੱਲ ਖੋਲ੍ਹ ਫੇਰ...' ਜਦੋਂ ਉਹ ਚਾਅ ਨਾਲ਼ ਬੱਕਰੀ ਖੋਲ੍ਹਣ ਲਈ ਕੰਧ ਨਾਲ਼ ਗੱਡੇ ਕਿੱਲੇ ਵੱਲ ਗਿਆ ਤਾਂ ਉਹਦੀ ਤੋਰ ਵੇਖ ਕੇ ਪਛਾਣ ਗਿਆ, ਬਈ ਇਹ ਦਾਰੋ 'ਤੇ ਗਿਆ। ਮੋਦਨ ਤਾਂ ਮੌਰਾਂ ਵਿੱਚ ਥੋੜਾ ਜਿਹਾ ਕੁੱਬ ਪਾ ਕੇ ਤੁਰਦਾ ਹੁੰਦਾ ਸੀ।

ਬਲੌਰੇ ਨੂੰ ਬੱਕਰੀ ਦਾ ਰੱਸਾ ਫੜ੍ਹਾ ਕੇ, ਆਪ ਉਹ ਟਪੂਸੀ ਮਾਰ ਕੇ ਬੱਕਰੀ ਦੀ ਢੂਹੀ 'ਤੇ, ਦੋਵੇਂ ਪਾਸੇ ਥੱਲੇ ਪੈਰ ਲਾ ਕੇ ਚੜ੍ਹ ਗਿਆ ਤੇ ਬੋਲਿਆ, 'ਚੱਲ ਮੇਰੀ ਘੋੜੀ ਡੁੱਕ...ਡੁੱਕ...ਡੁੱਕ...' ਤੇ ਬਲੌਰੇ ਨੇ ਸਾਰੇ ਵਿਹੜੇ ਵਿੱਚ ਲਾਈਆਂ ਟਾਹਲੀਆਂ ਦੀਆਂ ਪਾਤਾਂ ਵਿੱਚ ਦੀ ਇਕ ਗੇੜਾ ਕੱਢ ਕੇ ਉਹਨੂੰ ਝੂਟਾ ਦੇ ਦਿੱਤਾ, ਤੇ ਫੇਰ ਉਹਦੇ ਨਾਲ਼ ਖੁਰਲੀ ਤੇ ਅੱਸੀ 'ਤੇ ਜਾ ਕੇ ਬਹਿ ਗਿਆ।

'ਚਾਚਾ ਤੇਰੇ ਵੱਲੀਂ ਮੇਰੀਆਂ ਕੱਲ੍ਹ ਸਣੇ ਤਿੰਨ ਠਿਆਨੀਆਂ ਹੋਗੀ'ਆਂ' ਕਿੱਲੇ ਤੇ ਬੱਕਰੀ ਬੰਨ੍ਹ ਕੇ ਉਹਦੀ ਪਿੱਠ 'ਤੇ ਥਾਪੀ ਦੇ ਕੇ, ਖੱਬੇ ਹੱਥ ਦੇ ਅੰਗੂਠੇ ਨਾਲ਼ ਦੋ ਉਂਗਲਾਂ ਦੱਬ ਕੇ, ਸੱਜੇ ਹੱਥ ਦੀਆਂ ਤਿੰਨ ਉਂਗਲਾਂ ਵਿਖਾ ਦਿੱਤੀਆਂ।

ਬਲੌਰੇ ਨੇ ਆਪਣੀ ਜੇਬ ਵਿੱਚੋਂ ਚਾਰ ਠਿਆਨੀਆਂ ਕੱਢ ਕੇ ਹੌਲੀ ਕੁ ਦਿਣੇ ਉਹਦੀ ਤਲੀ 'ਤੇ ਰੱਖ ਕੇ ਮੁੱਠੀ ਬੰਦ ਕਰ ਦਿੱਤੀ, 'ਆ-ਲੈ ਅੱਜ ਸਣੇ ਚਾਰ ਠਿਆਨੀਆਂ ਬਈ, ਸਾਬ੍ਹ ਨੱਕੀ ਕਰਦੀ ਫੇਰ' ਧੱਤੂ ਨੇ ਦੋਵੇਂ ਹੱਥਾਂ ਵਿੱਚ ਚਾਰ ਠਿਆਨੀਆਂ ਨੂੰ ਫੜ੍ਹ ਕੇ ਆਪਣੇ ਕੰਨ ਕੋਲ਼ ਕਰਕੇ ਛਣਕਾ ਕੇ ਆਵਾਜ਼ ਸੁਣੀ ਤੇ ਫੇਰ ਚਾਅ ਨਾਲ਼ ਕਿੱਲੇ 'ਤੇ ਚੜ੍ਹ ਕੇ ਉਹਦੇ ਗਲ ਨਾਲ਼ ਜੱਫੀ ਪਾ ਲਈ।

ਬਲੌਰਾ ਖੜ੍ਹਾ ਹੋ ਗਿਆ, ਤਾਂ ਵੀ ਉਹਨੇ ਇਹ ਜੱਫੀ ਨਹੀਂ ਕੱਢੀ ਤੇ ਨਾਲ਼ ਲਮਕ ਹੀ ਗਿਆ। ਤੇ ਬੋਲਿਆ, 'ਹਏਂ ਚਾਚਾ ਉਏ ਜੇ ਤੂੰ ਮੇਰਾ ਭਾਪਾ ਹੁੰਦਾ ਕਿੰਨਾ ਚੰਗਾ ਹੋਣਾ ਸੀ, ਨਜ਼ਾਰੇ ਬੱਝ ਜਾਣੇ ਸੀਗੇ, ਨਿੱਤ ਈ ਠਿਆਨੀ ਦੇਇਆ ਕਰਦਾ..ਹਨਾ' ਇਹ ਸੁਣ ਕੇ ਬਲੌਰੇ ਦੇ ਚਿੱਤ ਨੂੰ ਕਰਾਰ ਆਇਆ, ਜਿਵੇਂ ਔੜਾਂ ਮਾਰੀ ਧਰਤੀ ਤੇ ਕਣੀਆਂ ਪੈ ਗਈਆਂ ਹੋਣ..! ਤੇ ਉਹਨੂੰ ਗੋਦੀ ਚੱਕ ਕੇ, ਮੋਹ ਨਾਲ਼ ਸਿਰ ਵਿੱਚ ਹੱਥ ਫੇਰਨ ਲੱਗਿਆ। ਦੋ ਵਾਰ ਉਹਨੂੰ ਜ਼ੋਰ ਨਾਲ਼ ਹਵਾ ਵਿੱਚ ਆਪਣੇ ਸਿਰ ਤੋਂ ਉਛਾਲ ਕੇ ਜੁਫਿਆ ਵੀ ਤੇ ਫੇਰ ਉਹਨੂੰ ਹੇਠਾਂ ਉਤਾਰ ਦਿੱਤਾ।

ਜਦ ਧੱਤੂ ਗੋਦੀ ਉਤਰ ਕੇ ਹੱਟੀ ਵੱਲ ਚੀਜ਼ੀ ਲੈਣ ਗਿਆ ਤਾਂ ਬਲੌਰੇ ਨੇ ਪੋਲੀ ਜਿਹੀ ਆਵਾਜ਼ ਮਾਰ ਕੇ ਉਹਨੂੰ ਰੋਕ ਲਿਆ, 'ਓਏ ਧੱਤੂ' ਧੱਤੂ ਨੇ ਉਹਦੇ ਵੱਲ ਮੁੜ ਕੇ ਵੇਖਿਆ ਤੇ ਫੇਰ ਇਕ ਦੂਜੇ ਦੀਆਂ ਅੱਖਾਂ ਵਿੱਚ ਝਾਕ ਕੇ ਬਾਹਰ ਵੱਲ ਤੁਰ ਗਿਆ।

ਧੱਤੂ ਨੂੰ ਜਾਂਦੇ ਨੂੰ ਵੇਖਦੇ ਹੋਇਆਂ ਉਹਦੀ ਨਜ਼ਰ ਕੋਲੋਂ ਨਾਲ਼ ਦੀ ਕੰਧ 'ਤੇ ਪਈ, ਜੀਹਦਾ ਮੀਹਾਂ ਨਾਲ਼ ਖਰ-ਖਰ ਕੇ ਲਾਲ ਰੋਗਣ ਵਿਹੜੇ ਵਿੱਚ ਦੂਰ ਤੱਕ ਫੈਲਿਆ ਸੀ। ਇਹ ਮਿੱਟੀ ਵਿੱਚੋਂ ਪੈਂਦੀ ਲਾਲ ਭਾਅ ਨਾਲ਼ ਆਪਣੇ ਲਹੂ ਦਾ ਰੰਗ ਵੀ

ਮਿਲਦਾ ਵੇਖ ਕੇ ਚਿੱਤ ਨੂੰ ਕਾਫੀ ਢਾਰਸ ਬੱਝ ਗਿਆ। ਚਾਹੇ ਵਿਰਲਾਂ ਅੱਗੇ ਨਾਲੋਂ ਹੋਰ ਵੀ ਸੂਤ ਭਰ ਵੱਡੀਆਂ ਹੋ ਗਈਆਂ ਸੀ ਪਰ ਫੇਰ ਵੀ ਉਹ ਟੱਸ ਤੋਂ ਮੱਸ ਨਹੀਂ ਸੀ ਹੋਈ। ਪਰ ਬਚਨੇ ਦੇ ਚੁਬਾਰੇ ਦੀਆਂ ਦੋ ਬਨੇਰੇ ਦੀਆਂ ਇੱਟਾਂ ਉਖੜ ਪਈਆਂ ਵਿਖਾਈ ਜ਼ਰੂਰ ਦੇ ਗਈਆਂ।

ਇੰਨੇ ਘੀਚਰ ਵੀ ਕਾਫੀ ਸੋਤੇ ਹੋਏ ਦੋਵਾਂ ਦੀ ਰੋਟੀ ਥਾਲੀ ਵਿੱਚ ਪਾ ਕੇ ਲੈ ਆਇਆ ਤਾਂ ਵਿਹੜੇ ਵਿੱਚ ਇਸ ਕੌਤਕ ਨੂੰ ਵੇਖ ਕੇ ਸਸਤੇ ਵਿੱਚ ਆ ਗਿਆ। ਬੋਚ ਕੇ ਟਾਹਲੀਆਂ ਉੱਤੋਂ ਦੀ ਲੰਘਦਾ ਬਲੌਰੇ ਕੋਲ਼ ਜਾ ਕੇ ਪੈਰਾਂ ਭਾਰ ਈ ਬਹਿ ਗਿਆ, ਜੋ ਟੋਏ ਵਿੱਚ ਗੜਵੀ ਨਾਲ਼ ਧਾਰ ਬੰਨ੍ਹ ਕੇ ਪਾਣੀ ਪਾਈ ਜਾਂਦਾ ਸੀ।

'ਘੀਚਰਾ ਜੇ ਏਨਾਂ ਬੂਝਿਆਂ 'ਚੋਂ ਕੋਈ ਚਿੱਤ ਡੁਲਾ-ਜੇ ਨਾ, ਜੇਰਾ ਬੰਨ੍ਹਾ ਜਿਆ ਕਰੀਂ, ਮੇਰੇ ਬਾਦ ਵੀ ਇਨ੍ਹਾਂ ਨਾਲ਼ ਕੋਈ ਗੱਲਾਂ ਕਰਨ ਆਲ਼ਾ ਚਾਹੀਦੈ' ਬਲੌਰੇ ਨੇ ਡੋਲੂ ਦਾ ਢੱਕਣ ਖੋਲ੍ਹ ਕੇ, ਉਸ ਨਾਲ਼ ਲੱਸੀ ਪੀ ਕੇ ਡਕਾਰ ਲਈ। ਰੋਟੀ ਖਾਣ ਨੂੰ ਦਿਲ ਨਹੀਂ ਮੰਨਿਆਂ, ਤੇ ਫੇਰ ਆਪਣੇ ਕੋਲ਼ ਟੋਕਰੇ ਥੱਲੇ ਲਕੋ ਕੇ ਰੱਖੀ ਇਕ ਵੱਡੇ ਬੁੱਕ ਜਿੱਡੀ ਲਾਲ ਗੁਥਲੀ ਚੱਕ ਕੇ, ਘੀਚਰ ਨੂੰ ਫੜ੍ਹਾ ਦਿੱਤੀ ਤੇ ਕਿਹਾ, 'ਜਿੱਦੇਂ ਧੱਤੂ ਰੋਵੇ ਨਾ, ਐਦੇ 'ਚੋਂ ਇੱਕ ਠਿਆਨੀ ਕੱਢ ਕੇ ਉਹਨੂੰ ਦੇ ਦਿਆਂ ਕਰੀਂ...'

'ਜੀ ਬਾਈ ਚੰਗਾ' ਉਹਤੋਂ ਇੱਥੇ ਹੋਰ ਬਹੁਤਾ ਚਿਰ ਨਹੀਂ ਸੀ ਬੈਠ ਗਿਆ, ਜਦੋਂ ਉਹਦੀ ਨਜ਼ਰ ਨੱਕ ਦੀ ਸੇਧ ਵਿੱਚ ਖੜੀ ਸੁਆਤ ਵੱਲ ਗਈ, ਜਿੱਥੇ ਕਦੇ ਉਹ ਦੀਸਾਂ ਨੂੰ ਮਿਲਦਾ ਹੁੰਦਾ ਸੀ, ਉਹਨੂੰ ਇਹਦੇ ਵਿੱਚੋਂ ਦੋਵਾਂ ਦੇ ਹਾਸਿਆਂ ਤੇ ਸਾਹਾਂ ਦੀ ਆਵਾਜ਼ ਸੁਣਾਈ ਦੇਣ ਲੱਗੀ, 'ਸਾਂ-ਸਾਂ.. ਹਾ ਹਾ ਹਾ' ਤੇ ਨਾ ਹੀ ਉਹਦੀ ਕੋਈ ਗੱਲ ਸਮਝ ਆਉਂਦੀ ਸੀ।

ਇੱਥੋਂ ਉਠ ਕੇ ਬਲੌਰੇ ਨੇ ਸੰਦੂਕ ਤੋਂ ਪਈ ਆਪਣੀ ਫੋਟੋ ਚੱਕ ਕੇ ਪੱਟਾਂ 'ਤੇ ਰੱਖ ਲਈ। ਕਾਗਜ਼ ਲਾਹ ਕੇ ਪਾਸੇ ਸੁੱਟ ਦਿੱਤਾ। ਉਹਦੀ ਮੁੱਛ ਵੇਖ ਕੇ ਆਪਣੀ ਮੁੱਛ ਨੂੰ ਵਟਾ ਚਾੜ੍ਹ ਲਿਆ। ਸੰਦੂਕੜੀ ਵਿੱਚੋਂ ਖੱਫਣ ਦਾ ਚਿੱਟਾ ਕੱਪੜਾ ਕੱਢ ਕੇ ਸੁਆਤ ਵਿੱਚ ਪਏ ਮੰਜੇ 'ਤੇ ਰੱਖ ਦਿੱਤਾ। ਖੰਮਣੀ ਵਿੱਚ ਵਲ੍ਹੇਟ ਕੇ ਰੱਖੇ ਲਲੇਰ ਨੂੰ ਤੇ ਰੁਮਾਲ ਦੀ ਗੰਢ ਖੋਲ੍ਹ ਕੇ ਤੋਲੇ-ਤੋਲੇ ਦੀਆਂ ਮੁਰਕੀਆਂ ਵੀ ਨਾਲ਼ ਰੱਖ ਦਿੱਤੀਆਂ।

ਪੂਰੀ ਤਿਆਰੀ ਕਰਕੇ, ਘੜੀ ਤੋਂ ਸਮਾਂ ਵੇਖ ਉਹ ਸੁਆਤ ਵਿੱਚੋਂ ਬਾਹਰ ਨਿਕਲ਼ ਕੇ ਛੱਤੜੇ ਵਿੱਚ ਪੈਰਾਂ ਭਾਰ ਮੂਧੇ ਮੰਜੇ 'ਤੇ ਬੈਠੇ ਅਜੈਬ ਕੋਲ਼ ਆ ਕੇ ਬਹਿ ਗਿਆ। ਕਿੰਨਾ ਚਿਰ ਹੀ ਬੈਠਾ ਰਿਹਾ ਤੇ ਫੇਰ ਗੀਝੇ ਵਿੱਚੋਂ ਚਾਬੀ ਕੱਢ ਕੇ ਉਹਦੇ ਗਿੱਟੇ ਨਾਲ਼ ਬੰਨ੍ਹੇ ਸੰਗਲ ਨੂੰ ਖੋਲ੍ਹ ਦਿੱਤਾ।

'ਮੈਂ ਚੱਲਿਆਂ ਬੇਬੇ ਕੋਲ਼ ਜਾ ਕਾਈ ਸਿਨਿਆ ਦੇਣਾ ਤਾਂ ਦੇਹ, ਤੇ ਨਾਲ਼ੇ ਹਾਹੋ ਘੀਚਰ ਕੇ ਘਰੋਂ ਰੋਟੀ ਦੀ ਬੁਰਕੀ ਖਾ ਲਿਆ ਕਰੀਂ, ਐਵੇਂ ਨਾ ਮੰਗਦਾ ਫਿਰੀਂ' ਵਿਹੜੇ ਵਿੱਚ ਲਾਈਆਂ ਟਾਹਲੀਆਂ ਦੇ ਪੱਤੇ ਚਾਨਣੀ ਵਿੱਚ ਲਿਸ਼ਕਦੇ ਵੇਖ ਕੇ ਕਾਫੀ ਮੋਹ ਜਿਹਾ ਆਇਆ, 'ਏਨਾਂ ਦੀ ਨਿਰਖ ਰੱਖੀਂ', ਕਿਤੇ ਕੋਈ ਪਸ਼ੂ ਮੂੰਹ ਮਾਰ ਕੇ ਮੁੱਛ ਨਾ

ਜਾਵੇ, ਖਰਾ ਕਰਨਾ ਇੰਨ੍ਹਾਂ ਨੂੰ...'

'ਹੈਂ...!' ਅਜੈਬ ਆਪਣੇ ਖ਼ੁਸ਼ਕ ਹੋਏ ਗਿੱਟੇ ਤੋਂ ਸੰਗਲ ਨਾਲ਼ ਪਏ ਨਿਸ਼ਾਨ ਨੂੰ ਨਹੁੰਆਂ ਨਾਲ਼ ਖੁਰਕ ਕਰਨ ਲੱਗ ਪਿਆ।

'ਕਰ ਲਾ ਚਾਰ ਗੱਲਾਂ, ਫੇਰ ਨਾ ਆਖੀਂ ਬਾਪੂ, ਪਤਾ ਨ੍ਹੀ ਕੇੜ੍ਹੇ ਜਰਮ 'ਚ ਮੇਲ ਹੋਣੇਂ ਆਂ' ਉਹ ਖੜ੍ਹਾ ਹੋ ਗਿਆ। ਸਿਰ ਤੋਂ ਸਾਫ਼ਾ ਲਾਹ ਕੇ ਲੱਕ ਨਾਲ਼ ਬੰਨ੍ਹ ਲਿਆ, 'ਇਸ ਜੱਗ 'ਤੇ ਮੈਨੂੰ ਤਾਂ ਕੋਈ ਟੱਕਰਿਆ ਨ੍ਹੀਂ ਬਾਪੂ, ਜੀਹਦੇ ਨਾਲ਼ ਪੰਗਾ ਲੈ ਕੇ ਮੇਰੇ ਕੰਨਾਂ ਚੋਂ ਸੇਕਾ ਨਿਕਲ਼ੇ, ਹੁਣ ਪਾਉਣਾ ਜਾ ਕੇ ਮੈਂ ਰੱਬ ਦੇ ਗਲਾਵੇ 'ਚ ਹੱਥ, ਕਰਦਾ ਕੋਈ ਧੱਕਾ ਮੁੱਕੀ, ਇਉਂ ਹੱਥ 'ਤੇ ਹੱਥ ਰੱਖਿਆਂ ਕੁਛ ਨ੍ਹੀਂ ਵੱਟਿਆ ਜਾਣਾ, ਏਨੇ ਭੈਣ ਦੀ...' ਫੇਰ ਗਾਲ੍ਹ ਕੱਢਦਾ ਹੋਇਆ ਰੁਕ ਗਿਆ, 'ਮਾਂ-ਭੈਣ ਦੀ ਗਾਲ੍ਹ ਤਾਂ ਕਾਹਨੂੰ ਕੱਢਣੀ ਐ, ਏਹ ਤਾਂ ਸਭ ਦੀਆਂ ਸਾਂਝੀਆਂ ਹੁੰਦੀਆਂ' ਆਕਾਸ਼ ਵੱਲ ਵੇਖ ਕੇ, 'ਆਉਨਾ ਏਥੇ ਤੇਰੀ ਸੰਘੀ ਤੇ ਗੋਡਣੀ ਧਰਨ ਲਈ ਭੱਜੀ ਨਾ ਕਿਤੇ, ਜੇ ਪਿਉਂ ਦਾਂ' ਕਚੀਚੀ ਲਈ ਤਾਂ ਬੱਦਲਾਂ ਨੂੰ ਤੇਜ਼ੀ ਨਾਲ਼ ਤੁਰਦਿਆਂ ਵੇਖ ਕੇ ਇਉਂ ਲੱਗਿਆ ਜਿਵੇਂ ਰੱਬ ਅੱਡੀਆਂ ਨੂੰ ਥੁੱਕ ਲਾ ਕੇ ਟਿੱਬ ਗਿਆ ਹੋਵੇ।

ਅਜੈਬ ਦੇ ਗਿੱਟੇ ਵਿੱਚੋਂ ਲਾਹ ਕੇ ਸੰਗਲ ਨੂੰ ਲਿਆ ਕੇ ਸੁਆਤ ਦੇ ਸੱਜੇ ਤਖਤੇ ਦੀ ਚੂਲ੍ਹ ਕੋਲ਼ ਰੱਖ ਦਿੱਤਾ ਤੇ ਲਾਲਟੈਣ ਬਾਲ ਕੇ ਜੰਗਲੇ ਵਿੱਚ ਰੱਖ ਦਿੱਤੀ। ਕੋਲ਼ ਹੀ, ਬੋਰੀ 'ਤੇ ਪਿਆ ਕੁੱਜਾ ਚੱਕ ਕੇ ਵੀ ਰੱਖ ਦਿੱਤਾ। ਦਾਣਿਆਂ ਵਾਲ਼ੀ ਬੋਰੀ ਵਿੱਚੋਂ ਭਰ-ਭਰ ਕੇ ਸਾਰੇ ਵਿਹੜੇ ਵਿੱਚ ਖਿਲਾਰ ਦਿੱਤੇ। ਕੋਠੇ ਦੀਆਂ ਛੱਤਾਂ 'ਤੇ ਵੀ। ਦਾਣੇ ਕੰਧ ਲੰਘ ਕੇ ਦਾਰੋ ਕੇ ਵਿਹੜੇ ਵਿੱਚ ਵੀ ਜਾ ਡਿੱਗੇ, ਜਿਨ੍ਹਾਂ ਨੂੰ ਦਾਰੋ ਚੁਗ-ਚੁਗ ਕੇ ਖਾਣ ਲੱਗੀ, ਜੋ ਤੰਦੂਰ 'ਤੇ ਬੱਠਲ ਰੱਖਣ ਆਈ ਸੀ ਮੀਂਹ ਦੀ ਵਾਛੜ ਤੋਂ ਬਚਾਅ ਕਰਨ ਲਈ।

ਉਹ ਦਾਣਿਆਂ ਦਾ ਬੁੱਕ ਭਰ ਕੇ ਹਵਾ ਵਿੱਚ ਉੱਤੇ ਉਛਾਲ ਦਿੰਦਾ ਤੇ ਫੇਰ ਮੂੰਹ ਖੋਲ੍ਹ ਕੇ ਉਪਰ ਚੱਕ ਕੇ, ਬਾਹਵਾਂ ਨੂੰ ਖਿਲਾਰ ਕੇ ਗੋਲ-ਗੋਲ ਘੁੰਮਦਾ। ਖ਼ੁਦ ਨੂੰ ਕਣੀਆਂ ਵਾਂਗ ਇਨ੍ਹਾਂ ਦਾਣਿਆਂ ਵਿੱਚ ਭਿਉਣ ਦਾ ਚਾਅ ਕਰਦਾ ਰਿਹਾ। ਨਿੱਕਾ ਹੁੰਦਾ, ਮੀਹ ਵਿੱਚ ਨਹਾਉਂਦਾ ਹੋਇਆ ਗਾਉਂਦਾ ਸੀ...।

'ਕਾਲੀਆਂ ਇੱਟਾਂ ਕਾਲੇ ਰੋੜ੍ਹ ਮੀਂਹ ਵਰਸਾਦੇ ਜ਼ੋਰੋ-ਜ਼ੋਰ...' ਪਰ ਅੱਜ ਉਹਦੇ ਦਿਲ ਨੂੰ ਚਾਂਗਰ ਮਾਰੀ, 'ਚਿੱਟੀਆਂ ਇੱਟਾਂ ਚਿੱਟੇ ਰੋੜ੍ਹ, ਦਾਣੇ ਵਰ੍ਹਾ-ਦੇ ਜ਼ੋਰੋ-ਜ਼ੋਰ' ਹਿੱਕ ਤੇ ਦਾਣੇ ਵੱਜ ਕੇ ਥੋੜ੍ਹੇ ਜਿਹੇ ਵਾਲ਼ਾਂ ਨਾਲ਼ ਖਹਿ ਕੇ ਉਛਲ ਵੀ ਜਾਂਦੇ।

ਉਹ ਅੰਦਰ ਜੰਗਲੇ ਵਿੱਚ ਪਈ ਲਾਲਟੈਣ ਨੂੰ ਚੱਕ ਕੇ ਬਾਹਰ ਲੈ ਆਇਆ ਤੇ ਮੂੰਹ ਵਿੱਚ ਫੜ੍ਹ ਕੇ ਖੜ੍ਹ ਗਿਆ। ਇਹਦੇ ਪੈਂਦੇ ਮਿੱਸੇ ਚਾਨਣ ਵਿੱਚ ਆਪਣੇ ਦੋਵੇਂ ਹੱਥਾਂ ਨੂੰ ਚੰਦ ਵੱਲ ਕਰਕੇ ਵਿਖਾਉਣ ਲੱਗ ਪਿਆ, 'ਵੇਹਣਾਂ, ਵੇਖ ਆਉਂਦੀ ਐ ਸ਼ਰਮ ਕੇ ਨਈਂ" ਕਿੰਨਾ ਚਿਰ ਹੱਥਾਂ ਨੂੰ ਉਹਦੇ ਅੱਗੇ ਪੁੱਠੇ ਸਿੱਧੇ ਕਰੀ ਗਿਆ। ਫੇਰ ਖੱਬੇ ਅੰਗੂਠੇ ਨਾਲ਼ ਸੱਜੇ ਹੱਥ ਦੇ ਅੰਗੂਠੇ ਤੇ ਉਂਗਲ ਵਿੱਚਲੇ ਮਾਸ 'ਤੇ ਦਾਬ ਦੇਣ ਲੱਗ



www.PunjabiLibrary.com

ਪਿਆ, ਜਿਵੇਂ ਆਪਣੇ ਲਹੂ ਵਿੱਚ ਕੋਈ ਸ਼ੈਅ ਭਾਲ ਕੇ, ਸੰਘੀ ਘੁੱਟ ਕੇ ਮਾਰ ਰਿਹਾ ਹੋਵੇ।

ਜਦ ਉਹਨੇ ਅੰਬਰ ਦੀ ਲਾਲੀ ਵੇਖੀ ਤਾਂ ਦਿਲ ਵਿੱਚ ਕਿਹਾ, 'ਬੜੀ ਅੱਖ ਲਾਲ ਕਰੀ ਫਿਰਦੈਂ, ਕੋਈ ਨਾ ਏਥੇ ਆ ਕੇ ਪਾਉਨਾ ਤੇਰੇ ਵੀ ਥੌਲਾ' ਫੇਰ ਕਾਹਲੀ ਨਾਲ਼ ਕੁੱਜੇ ਦੇ ਸਿਰ 'ਤੇ ਨਸਵਾਰੀ ਪੱਗ ਬੰਨ੍ਹ ਦਿੱਤੀ। ਮਿੱਟੀ ਦੀ ਡਲੀ ਨਾਲ਼ ਮੁੱਛਾਂ ਹੋਰ ਕੁੰਢੀਆਂ ਕਰ ਦਿੱਤੀਆਂ। ਗੱਲ੍ਹ ਤੇ ਚੂੰਡੀ ਭਰ ਕੇ ਚੁੰਮੀ ਲਈ, 'ਮੂੰਆਂ... ਆਪਾਂ ਤਾਂ ਗੋਪੀਏ 'ਚ ਪਾ ਕੇ ਬੰਦਾ ਚਲਾਈਦੇ' 'ਓਏ ਕੁੱਜਿਆ' ਅੱਗੋਂ ਝੁਕ ਕੇ ਥੋੜਾ ਦਬਵੇਂ ਸੁਰ ਵਿੱਚ ਬੋਲਿਆ, 'ਬੰਦੇ ਅੰਦਰ ਰੱਬ ਹੁੰਦੈ, ਸੱਚੀਂ ਹੁੰਦੈ, ਤੇ ਹੁਣ ਆਖੀ ਜਾਂਦੈ, ਇਉਂ ਨਾ ਕਰ ਸਿਆਣਾ ਬਣ, ਸਿਆਣਪ ਤੋਂ ਕੀ ਦੱਖੂ-ਦਾਣੇ ਲੈਣੇ ਆਂ, ਜੇੜ੍ਹੀ ਬੰਦੇ ਨੂੰ ਖੱਸੀ ਕਰੇ' ਫੇਰ ਜੰਗਲੇ ਵਿੱਚ ਈ ਚੰਦ ਵੱਲ ਵੇਖਿਆ, ਜੀਹਨੂੰ ਉਹ ਰੱਬ ਦੀ ਅੱਖ ਮੰਨਦਾ ਸੀ, ਪਰ ਇਹਦੇ ਵਿੱਚ ਵੀ ਥੋੜੀ ਘਾਟ ਲੱਗੀ, 'ਭਾਵੇਂ ਰੱਬ ਇਕ ਅੱਖ ਨਾਲ਼ ਵੇਖਣ ਦਾ ਢੌਂਗ ਈ ਕਰਦੈ, ਜਦੋਂ ਨੀਅਤ 'ਚ ਈ ਖੋਟ ਐ...' ਫੇਰ ਦਾੜ੍ਹੀ ਤੇ ਹੱਥ ਫੇਰਿਆ, 'ਏਥੇ ਆ ਕੇ ਕੱਢੂ ਤੇਰੀਆਂ ਰੜਕਾਂ, ਚੱਡਿਆਂ 'ਚ ਪੂਛੜ ਲੈ ਕੇ ਭੱਜੀ ਨਾ ਬੇਲੀਆ' ਲੱਕ ਨਾਲ਼ ਬੰਨ੍ਹੇ ਸਾਫੇ ਨੂੰ ਇਕ ਗੰਢ ਹੋਰ ਮਾਰ ਲਈ, 'ਆਹ ਨਾ ਕਿਤੇ ਏਥੇ ਭੁੱਲ-ਜਾਂ ਜਾਣ ਲੱਗਿਆ, ਕਾਪਾ ਚੁੱਕ ਕੇ ਵੀ ਡੱਬ ਵਿੱਚ ਤੁੰਨ ਲਿਆ।

ਕੰਧ 'ਤੇ ਕਿੱਲੀ ਗੱਡ ਕੇ ਟੰਗੇ ਰੱਬੇ ਨੂੰ ਚੱਕ ਕੇ ਮੋਡੇ ਦੇ ਗਾਤਰੇ ਪਾ ਲਿਆ। ਜੀਹਦੇ ਨਾਲ਼ ਰੱਬ ਦੀਆਂ ਮੁਸਕਾਂ ਬੰਨ੍ਹਣ ਦੀ ਸਕੀਮ ਸੀ। ਬੁੱਲ੍ਹਾਂ ਦੀਆਂ ਝੀਥਾਂ ਵਿੱਚੋਂ ਦੀ ਥੁੱਕ ਰਿਸ ਕੇ, ਬਾਹਰ ਲਾਰ ਬਣ ਕੇ ਡੁੱਲ੍ਹਣ ਲੱਗਿਆ ਤਾਂ ਉਂਗਲ ਨਾਲ਼ ਬੋਚ ਕੇ ਅੰਦਰ ਕਰ ਲਿਆ ਤੇ ਅੜਬਾਈ ਨਾਲ਼ ਕੁੱਜੇ ਵੱਲ ਵੇਖ ਕੇ ਬੋਲਿਆ, 'ਆਹ ਕੋਈ ਜ਼ਿੰਦਗੀ ਦਿੱਤੀ ਐ, ਨਿਰਾ ਦੁੱਬਰ ਐ, ਰੱਬ ਨੇ ਮੂੰਹ 'ਤੇ ਥੁੱਕਿਐ' ਬੂਹੇ ਵਿੱਚੋਂ ਦੀ ਪਿੰਡ ਦੇ ਛਿਪਦੇ ਵਾਲ਼ੇ ਪਾਸੇ ਬਿਜਲੀ ਲਿਸ਼ਕੀ ਤਾਂ ਉਹ ਮੰਜੇ ਤੋਂ ਉੱਠ ਕੇ, ਚਾਦਰੇ ਦੇ ਲੜ ਨੇਫੇ ਵਿੱਚ ਟੁੰਗਦਾ ਹੋਇਆ, ਜੰਗਲੇ ਵਿੱਚ ਪਈ ਲਾਲਟੈਣ ਨੂੰ ਚੱਕ ਕੇ ਬਾਹਰ ਵਿਹੜੇ ਵਿੱਚ ਖੜ ਗਿਆ। ਚੰਦ ਦੀ ਚਾਨਣੀ ਵਿੱਚ ਘਰ ਦੀ ਹਰ ਸ਼ੈਅ ਵਿਖਾਈ ਦਿੱਤੀ।

ਜਦ ਬਿਜਲੀ ਲਿਸ਼ਕੀ ਤਾਂ ਬਿੰਦ ਦੀ ਬਿੰਦ ਗਲ਼ੀ ਵਾਲ਼ੀ ਕੰਧ ਨੂੰ ਉਵੇਂ ਈ ਖੜਿਆ ਵੇਖ ਕੇ ਦਿਲ ਨੂੰ ਕਰਾਰ ਜਿਹਾ ਆ ਗਿਆ। ਟਾਹਲੀਆਂ ਦੇ ਪੱਤਿਆਂ ਦੇ ਟੂਸਿਆਂ 'ਤੇ ਹੱਥ ਫੇਰਦੇ ਹੋਏ ਨੇ, ਅੱਖਾਂ ਦੇ ਆਨੇ ਸੱਜੇ ਪਾਸੇ ਘੁੰਮਾ ਕੇ ਛੱਤੜੇ ਹੇਠ ਲਮ-ਲੇਟ ਪਏ ਅਜੈਬ ਵੱਲ ਵੇਖਿਆ। ਫਿਰ ਬਾਰੀ ਲੰਘਦੇ ਹੋਏ ਨੂੰ, ਤੇਜ਼ ਹੋਈ ਹਵਾ ਜੋ ਹੌਲ਼ੀ-ਹੌਲ਼ੀ ਹਨੇਰੀ ਬਣਦੀ ਜਾ ਰਹੀ ਸੀ, ਤਖਤੇ ਦੇ ਫੱਟਿਆਂ ਦੀਆਂ ਵਿਰਲਾਂ ਵਿੱਚੋਂ ਦੀ ਸੂਕ ਪਾਉਂਦੀ ਲੰਘਦੀ ਹੋਈ ਸਾਫ ਸੁਣਾਈ ਦਿੱਤੀ।

ਮੁੱਛ ਨੂੰ ਤਾਅ ਦਿੱਤੀ ਤੇ ਖੇਤ ਨੂੰ ਜਾਂਦੀ ਗਲ਼ੀ ਪੈ ਗਿਆ। ਹਨੇਰੀ ਅੱਗੇ ਨਾਲ਼ੋਂ ਤੇਜ ਹੋਣ ਕਰਕੇ ਸਾਰੇ ਪਿੰਡ ਵਿੱਚ ਬੂ-ਹਾਬਰੂ ਮੱਚ ਗਈ। ਲੋਕ ਵਿਹੜੇ ਵਿੱਚ ਪਿਆ

ਟੁੱਟਣ-ਭੱਜਣ ਵਾਲ਼ਾ ਸਮਾਨ ਚੱਕ ਕੇ ਅੰਦਰ ਰੱਖਣ ਲੱਗ ਪਏ। ਅੰਦਰੋਂ ਕੁੰਡਾ ਲਾ ਕੇ ਛਾਪਲ ਗਏ। ਕੋਠੇ ਤੋਂ ਮੰਜਾ ਲਾਹੁੰਦਾ ਹੋਇਆ ਭੰਤਾ, ਜੋ ਪੱਤੀ ਵਿੱਚ ਭਤੀਜੇ ਦੀ ਥਾਂ ਲੱਗਦਾ ਸੀ, ਰੱਬ ਨੂੰ ਕੋਸਣ ਲੱਗਿਆ, 'ਕਾਹਤੋਂ ਠਿੱਠ ਕਰਿਆ ਜਕ ਨਾਲ਼ ਸੌਣ ਵੀ ਨਹੀਂ ਦੇਣਾ, ਸਾਰੇ ਦਿਨ ਦੇ ਖਪੇ -ਖੂਨ ਹੋਏ ਆਉਨੇ ਆਂ, ਕਾਹਤੋਂ ਮੂੰਹ 'ਚੋਂ ਨੇਕੜੂ ਖੋਹਣਾ' ਇੰਨੇ ਹਨੇਰੀ ਦੀ ਪੈਂਦੀ ਸ਼ੂਕਰ ਵਿੱਚ ਉਹਦੀ ਆਵਾਜ਼ ਦੱਬੀ ਗਈ।

ਬਲੌਰੇ ਨੇ ਲਾਲਟੈਣ ਨੂੰ ਸੱਜ ਬਾਂਹ ਵਿੱਚ ਪਾ ਲਿਆ ਤੇ ਡੱਬ ਵਿੱਚ ਕਾਪਾ ਕੱਢ ਕੇ, ਉਹਦੀ ਧਾਰ 'ਤੇ ਹੱਥ ਫੇਰਦਾ, ਜਦ ਖੂਹ ਕੋਲ਼ ਦੀ ਗਲ਼ੀ ਦਾ ਮੋੜ ਮੁੜਿਆ ਤਾਂ ਉਹਦੇ ਕੰਨਾਂ ਵਿੱਚ ਆਸੇ ਪੰਡਤ ਦੀ ਵਲੇਲ ਪਈ, ਜੀਹਨੂੰ ਸਿਸਤ ਬੰਨ੍ਹ ਕੇ ਸੁਣਦੇ ਹੋਇਆਂ ਤੋਰ ਥੋੜੀ ਜਿਹੀ ਸੁਸਤ ਪੈ ਗਈ, 'ਕਾਹਤੋਂ ਘਰਾਂ ਦੀ ਛੱਤ ਖੁੰਗ ਕੇ ਸਾਨੂੰ ਅਜਾੜਨ 'ਤੇ ਲੱਕ ਬੱਧਿਆ, ਕੱਟ ਲੈਣ ਦੇ ਤੇਰੀ ਨਗਰੀ ਦੇ ਚਾਰ ਦਿਆੜੇ' ਤੇ ਫੇਰ ਮਿੰਨਤ ਕਰਨ ਦੇ ਲਹਿਜ਼ੇ ਨਾਲ਼ ਮੂੰਹ ਵਿੱਚ ਬਾਣੀ ਦੀ ਤੁਕ ਗਾਉਣ ਲੱਗ ਪਿਆ, 'ਹੇ ਅੱਲਾ..ਰਾਮ..ਵਾਖਰੂ, ਜੋ ਵੀ ਨੇੜੇ ਐ ਉਈ ਸੁਣਲੋ..' ਘਰ ਦੇ ਵਿਹੜੇ ਵਿੱਚ ਲੱਗੇ ਦਰੱਖਤ ਦੇ ਟਾਹਣੇ ਟੁੱਟਣ ਦਾ ਜਰਾਕਾ ਸੁਣ ਕੇ, ਉਹਦੀ ਆਵਾਜ਼ ਡਰ ਨਾਲ਼ ਕਾਂਬਾ ਛੇੜ ਕੇ ਹਉਕੇ ਵਿੱਚ ਗੋਤਾ ਮਾਰ ਈ।

ਉਹਦੇ ਬੋਲ ਸੰਘ ਵਿੱਚ ਕਸੀਰ ਬਣ ਕੇ ਖੁੱਬੇ ਵੇਖ ਕੇ, ਬਲੌਰੇ ਨੂੰ ਅੱਗੇ ਨਾਲ਼ੋਂ ਤੈਸ਼ ਦੀ ਘੇਰ ਚੜ੍ਹ ਗਈ, 'ਚਿੰਤਾ ਉਡੰਤਰ ਕਰ ਦੂੰ ਚਾਚਾ, ਧਰਦਾਂ ਜਾ ਕੇ ਸੰਘੀ ਤੋਂ ਗੋਡਣੀ' ਫੇਰ ਕਚੀਚੀ ਲੈ ਕੇ ਜ਼ੋਰ ਨਾਲ਼ ਗੋਢੇ 'ਤੇ ਥਾਪੀ ਮਾਰ ਕੇ, ਲਾਲਟੈਣ ਵਾਲ਼ੇ ਹੱਥ ਵਿੱਚ ਕਾਪਾ ਫੜ੍ਹ ਕੇ ਅੱਗੇ ਨਾਲ਼ੋਂ ਵੀ ਕਾਹਲਾ ਹੋ ਕੇ ਚੱਲ ਪਿਆ। ਅੱਗੋਂ ਆਉਂਦੀ ਧੂੜ ਦੇ ਗੁਬਾਰ ਨਾਲ਼ ਭਰੀ ਹਨੇਰੀ ਵਿੱਚ ਉਹਨੇ ਅੱਖਾਂ ਨਹੀਂ ਬੰਦ ਕੀਤੀਆਂ। ਕੰਨਾਂ ਦੇ ਸੰਨਾਂ ਵਿੱਚ ਦੀ ਖਹਿ ਕੇ ਲੰਘਦੀ ਹਨੇਰੀ ਸੀਟੀ ਵਜਾਉਂਦੀ ਹੋਈ ਨੇ ਰਾਹ ਵਿੱਚ ਕਿੰਨੇ ਹੀ ਰੁੱਖ ਜੜੋਂ ਪੱਟ ਕੇ ਮੂੱਧੇ-ਮੂੰਹ ਸੁੱਟ ਦਿੱਤੇ ਸੀ।

ਉਹਨੇ ਫਿਰਨੀ 'ਤੇ ਖੜ੍ਹ ਕੇ ਸਾਰੇ ਪਿੰਡ ਵੱਲ ਨਜ਼ਰ ਮਾਰੀ, ਜਿਵੇਂ ਕੋਈ ਪੂਰਾ ਜ਼ੋਰ ਲਾ ਕੇ ਇਹਨਾਂ ਘਰਾਂ ਦੀਆਂ ਛੱਤਾਂ ਨੂੰ ਪੱਟਣ ਦੀ ਕੋਸ਼ਿਸ਼ ਕਰ ਰਿਹਾ ਸੀ, ਤੇ ਫੇਰ ਇੱਥੇ ਖੜ ਕੇ ਮਿੱਥੇ ਸਮੇਂ ਤੇ ਪਹੁੰਚਣ ਲਈ ਹੋਣ ਵਾਲ਼ੀ ਦੇਰ ਤੋਂ ਡਰ ਕੇ ਤੁਰਤ ਪੈਰੀਂ ਚੱਲ ਗਿਆ। ਰਾਹ ਵਿੱਚ ਕਿੰਨੇ ਕੰਢਿਆਂ ਦੇ ਝਾਫੇ ਪੈਰਾਂ ਗਿੱਟਿਆਂ ਵਿੱਚ ਅੜਦੇ ਰਹੇ, ਉਹਨੇ ਸੀ ਵੀ ਨਹੀਂ ਕੀਤੀ ਤੇ ਖੇਤ ਦੀ ਵੱਟ 'ਤੇ ਖੜ ਕੇ, ਕਾਪੇ ਵਾਲ਼ੀ ਬਾਂਹ ਦੀ ਕਫ ਚਾੜਦੇ ਹੋਇਆਂ ਬੜ੍ਹਕ ਮਾਰੀ, 'ਬੁਰਰ...ਆ ਗਿਆਂ ?' ਤੇ ਚਾਰੇ ਪਾਸੇ ਅੱਖਾਂ 'ਤੇ ਪਲਾਕੀ ਧਰੇ ਬਿਨਾਂ ਵੇਖਿਆ, 'ਕਿੱਥੇ ਜੇ ਐ, ਆਹ ਖਾ ਹੁਣ ਢਾਹ ਮੱਥਾ' ਇੰਨੇ ਬਿਜਲੀ ਦੋ ਵਾਰ ਲਿਸ਼ਕੀ ਤਾਂ ਹਰ ਸ਼ੈਅ ਬਿੰਦ ਦੀ ਬਿੰਦ ਉਹਨੂੰ ਸਾਫ ਵਿਖਾਈ ਦਿੱਤੀ ਤੇ ਧਰਤੀ ਆਪਣਾ ਪਰਛਾਵਾਂ ਵੀ ਸ਼ੀਸ਼ੇ ਵਾਂਗ ਦੂਰ ਤੱਕ ਦਿਸ ਗਿਆ। ਬਚਨੇ ਕੇ ਪਰੇ ਲੱਗੇ ਸਫੈਦਿਆਂ ਦੀ ਦੋ ਕਿੱਲੇ ਲੰਮੀ ਲੱਗੀ ਕਤਾਰ ਵੱਲ ਵੇਖ ਕੇ ਇਉਂ ਲੱਗਿਆ, ਜਿਵੇਂ ਉਹਦੀਆਂ ਲਾਈਆਂ ਟਾਹਲੀਆਂ ਨੂੰ ਘੇਰਾ ਪਾਉਣ ਲਈ ਕਿਲ੍ਹਾ-ਬੰਦੀ ਕਰ

ਰਹੇ ਹੋਣ। ਇਹਤੋਂ ਕਚਿਆਈ ਮੰਨ ਕੇ, ਝਈ ਲਈ, 'ਬੁਰਰ... ਦਬਕੇ ਜੇ ਕਾਹਦੇ ਮਾਰ-ਦੈਂ, ਨਾ ਤੇਰੇ ਸੁਰਗ ਦਾ ਭੁੱਖ ਐ ਤੇ ਨਾ ਹੀ ਤੇਰੇ ਬਣਾਏ ਨਰਕ ਦੀ ਕੋਈ ਕਨੌੜ ਝੱਲਣੀ ਐ, ਸਿੱਧਾ ਮੱਥੇ ਟੱਕਰ, ਵੇਖਾਂ ਜੋਹ ਕੇ ਤੇਰੇ ਤਿਲਾਂ 'ਚ ਕਿੰਨਾ ਕੁ ਤੇਲ ਐ..ਬੁਰਰ...'

ਲਲਕਾਰੇ ਤੋਂ ਬਾਦ ਬਿਜਲੀ ਉਹਦੀ ਪਿੱਠ ਪਿੱਛੇ ਗੜਕੀ ਤਾਂ ਕੱਬਾ ਜਿਹਾ ਪਿੱਛੇ ਨੂੰ ਵੇਖ ਕੇ ਹੱਸਾ ਪਿਆ ਤੇ ਚੁੱਪ ਹੋ ਗਿਆ, 'ਓਏ ਆਹ ਖੜਾ ਨੀਂ ਦਿਸਦਾ, ਆ ਮੂਹਰੇ, ਨਿਬੜੀਏ ਅੱਜ' ਹੱਥ ਵਿੱਚ ਫੜੀ ਲਾਲਟੈਣ ਨੂੰ ਉੱਚਾ ਕਰਕੇ ਮੂੰਹ ਕੋਲ਼ ਕੀਤਾ ਤੇ ਕਾਪੇ ਨਾਲ਼ ਹਿੱਕ ਥਾਪੜ ਕੇ ਦੋ ਪੈਰ ਅੱਗੇ ਵੱਧ ਕੇ ਆਪਣੀ ਥਾਂ ਦੱਸੀ, 'ਆ ਖੜੌਤਾਂ' ਮੂੰਹ ਵਿੱਚ ਲਾਲਟੈਣ ਫੜ੍ਹ ਕੇ, ਗੀਝੇ ਵਿੱਚੋਂ ਦਾਣਿਆਂ ਦੀ ਲੱਪ ਭਰ ਕੇ, ਜਿੱਥੇ ਸਫੈਦਿਆਂ ਦੀ ਸੰਘਣੀ ਛਾਂ ਪੈਣ ਕਰਕੇ ਉਹਦੇ ਵਾਹਣ ਵਿੱਚ ਕੋਈ ਤਿੜ ਵੀ ਨਹੀਂ ਸੀ ਉੱਘਦੀ, ਉੱਥੇ ਕਾਪੇ ਦੀ ਚੁੰਝ ਨਾਲ਼ ਡੂੰਘੀ ਝਰੀਟ ਮਾਰ ਕੇ, ਦਾਣੇ ਬੀਜ ਦਿੱਤੇ ਤੇ ਪੱਬਾਂ ਭਾਰ ਹੋ ਕੇ ਫੇਰ ਬੜ੍ਹਕ ਮਾਰੀ, 'ਬੁਰਰਰ... ਆ ਖਾਂ ਭੁੰਜੇ ਭੰਨਾਂ ਤੇਰਾ ਤੜਿਆਟ' ਡਲਾ ਚੱਕ ਕੇ ਜ਼ੋਰ ਨਾਲ਼ ਆਕਾਸ਼ ਵੱਲ ਮਾਰਿਆ, ਜਿੱਥੋਂ ਹੁਣੇ ਹੀ ਬਿਜਲੀ ਲਿਸ਼ਕ ਕੇ ਹਟੀ ਸੀ।

ਹਵਾ ਰੁੱਕ ਗਈ, ਫੇਰ ਕਿੰਨਾ ਚਿਰ ਕੋਈ ਗੜ੍ਹਕ ਨਹੀਂ ਸੁਣਾਈ ਦਿੱਤੀ। ਜਦ ਗੜਕ ਉਹਨੂੰ ਦੂਜੇ ਪਿੰਡ ਦੀ ਜੂਹ ਤੇ ਸੁਣਾਈ ਦਿੱਤੀ ਤਾਂ ਗੋਡੇ 'ਤੇ ਥਾਪੀ ਮਾਰ ਕੇ, 'ਬੈਸ ਮਾਰਤੀ ਮੋਕ, ਏਥੋਂ ਤਾਂ ਟਿੱਬ ਗਿਐਂ ਬੱਚੂ, ਐ ਨਹੀਂ ਸੁੱਕਾ ਜਾਣ ਦਿੰਦਾ, ਤੇਰੇ ਅਰਗੇ ਰੱਬ ਨਾਲ਼ੋਂ ਤਾਂ ਉਈਂ ਚੰਗੇ, ਮੂੰਹੋ ਟੁੱਕ ਖੋਹਣ ਗਿੱਜਿਆਂ, ਇੰਨੇ ਉਹਨੂੰ ਕੰਨਾਂ ਵਿੱਚ ਸਫੈਦਿਆਂ ਦੀ ਕਤਾਰ ਵਿੱਚ ਡਾਹਣਾਂ ਟੁੱਟਣ ਦਾ ਜਰਾਕਾ ਸੁਣਿਆ ਤਾਂ ਉਹ ਛਾਲ ਮਾਰ ਕੇ ਆਪਣੀ ਥਾਂ ਤੋਂ ਦੋ ਪਲਾਘਾਂ ਪਾਸੇ ਹੋ ਗਿਆ, ਤੇ ਡਾਹਣ ਵੀ ਉਸੇ ਥਾਂ ਡਿੱਗਿਆ, ਜਿੱਥੇ ਉਹ ਅੱਖ ਦੇ ਫਰੱਕੇ ਤੋਂ ਪਹਿਲਾਂ ਖੜ੍ਹਾ ਸੀ, ਓ ਤੇਰੀ ਮੈਂ ਵੱਡੇ ਗਾਠ ਦੀ' ਦੋਏ ਹੱਥਾਂ ਵਿੱਚ ਕਾਪਾ ਫੜ੍ਹ ਕੇ ਪੂਰੇ ਤਾਣ ਨਾਲ਼ ਇਸ ਡਾਹਣੇ ਦੇ ਵੱਡਕੇ ਦੋ ਟੋਟੇ ਕਰ ਦਿੱਤੇ, 'ਪਚਰੇ ਅਢਾ-ਦੂੰ ਪਰਚਾਂਡੇ ਵੱਡੇ ਨਗੋਗੀ ਦੇ, ਲੈ ਪਿੱਠ 'ਤੇ ਈ ਵਾਰ ਕਰਨ ਜਾਣਦੈਂ, ਮੱਥੇ ਲੱਗ, ਸਿੱਧਾ ਵੱਜ ਹਿੱਕ 'ਚ ਮੰਵੀਂ ਦੋਵਾਂ ਵਿੱਚੋਂ ਅੱਜ ਇਕ ਦੀ ਮੌਤ ਮਿੱਥ ਕੇ ਘਰੋਂ ਤੁਰਿਆਂ...'

ਕਿੰਨਾ ਚਿਰ ਉੱਥੇ ਪੂਰੀ ਤਿਆਰੀ ਨਾਲ਼ ਰੱਬ ਦੇ ਅਗਲੇ ਵਾਰ ਕਰਨ ਦੀ ਉਡੀਕ ਵਿਚ ਖੜ੍ਹਾ ਰਿਹਾ। ਵਾੜ ਤੋਂ ਉੱਡ ਕੇ ਆਏ ਮਲ੍ਹੇ ਦੇ ਝਾਫੇ ਨੂੰ ਲੱਤ ਮਾਰ ਕੇ ਪਾਸੇ ਕੀਤਾ ਤਾਂ ਸੂਲ੍ਹਾਂ ਨਾਲ਼ ਪਿੰਜਣੀ ਵਿੰਨੀ ਗਈ। ਪਿੱਛੇ ਹਟਦੇ ਤੋਂ ਖੱਬਲ ਵਿੱਚ ਬਿਜਲੀ ਤੋਂ ਡਰ ਕੇ ਛਾਪਲਿਆ ਸੱਪ ਉਹਦਾ ਅੱਗਾ ਵਲ ਕੇ ਖੜ ਗਿਆ, ਜੀਹਦੇ ਵੱਲ ਬਲੌਰੇ ਦਾ ਉੱਕਾ ਵੀ ਧਿਆਨ ਨਹੀਂ ਗਿਆ। ਸੱਪ ਨੇ ਮਣਕਿਆਂ ਦਾ ਪੂਰਾ ਤਾਣ ਲਗਾ ਕੇ ਉਹਦੀ ਪਿੰਜਣੀ ਦੀ ਜੜ ਵਿੱਚ ਡੰਗ ਮਾਰ ਦਿੱਤਾ, ਤਾਂ ਉਹਨੇ ਪੂਰੇ ਹਰਖ ਨਾਲ਼, ਲਾਲਟੈਣ ਦੇ ਮਿੱਸੇ ਚਾਨਣ ਵਿੱਚ ਡੰਗ ਵਾਲ਼ੀ ਥਾਂ ਤੋਂ ਕਾਪੇ ਦੇ ਤਿਰਛੇ

ਵਾਰ ਨਾਲ਼ ਮਾਸ ਦੀ ਛੋਤ ਲਾਹ ਦਿੱਤੀ, 'ਲੈ ਹੁਣ ਇਹਦੇ 'ਚ ਲੁਕਿਆ ਫਿਰਦੈਂ' ਏਨਾ ਕਹਿੰਦੇ ਸਾਰ ਉਹਨੇ ਕਾਪੇ ਦੂਜੇ ਵਾਰ ਨਾਲ਼ ਸੱਪ ਦਾ ਗਾਟਾ ਲਾਹ ਦਿੱਤਾ। ਜੀਹਦੇ ਲਹੂ ਤਿਮਕੇ ਉਹ ਦੀ ਛਾਤੀ 'ਤੇ ਪਏ। ਸੱਪ ਥੋੜ੍ਹੀ ਜਿਹੀ ਦੂਰ ਭੱਜਿਆ ਤੇ ਖੱਬਲ ਦੀਆਂ ਤਿੜ੍ਹਾਂ ਵਿੱਚ ਪੁੱਠਾ ਹੋ ਗਿਆ। ਬਿਜਲੀ ਦੀ ਲਿਸ਼ਕ ਵੱਲ ਕੱਬਾ ਵੇਖ ਕੇ, ਮੁਸਕਾ ਪਿਆ ਤੇ ਬੜਕ ਮਾਰੀ, 'ਆਪ ਵੀ ਟੱਕਰੇਂ ਤਾਂ ਜਾਣਾਂ, ਕਾਹਤੋਂ ਬਦੋਸ਼ਿਆਂ ਨੂੰ ਮੇਰੇ ਹੱਥੋਂ ਮਰੌਣ ਦੀ ਵਿੱਡ ਬਣਾਈ ਐ' ਤੇ ਸੱਪ ਦੇ ਤੜਫ ਰਹੇ ਗਾਟੇ 'ਤੇ ਪੈਰ ਰੱਖ ਕੇ, ਨੀਵੀਂ ਪਾਏ ਬਿਨਾਂ ਹੀ ਮੂਕੇ ਨਾਲ਼ ਖੁੱਚ ਕੋਲ਼ੋਂ ਲੱਤ ਘੁੱਟ ਕੇ ਬੰਨ੍ਹ ਲਈ ਤੇ ਫੇਰ ਉਵੇਂ ਹੀ ਹੱਥ ਵਿੱਚ ਲਹੂ ਨਾਲ਼ ਭਿੱਜੇ ਕਾਪੇ ਨੂੰ ਫੜ ਕੇ, ਛਾਤੀ ਤਾਣ ਕੇ ਰੱਬ ਦੇ ਅਗਲੇ ਵਾਰ ਦੀ ਉਡੀਕ ਵਿੱਚ ਖੜ੍ਹ ਗਿਆ। ਦਾਣਿਆਂ ਦੀ ਇਕ ਹੋਰ ਲੱਪ ਗੀਝੇ ਵਿੱਚ ਭਰ ਕੇ, ਸਿਰ ਉਤੋਂ ਦੀ ਆਕਾਸ਼ ਵੱਲ ਖਿਲ੍ਹਾਰ ਦਿੱਤੀ।

***    ***    ***

ਅਜੈਵ ਅਜੇ ਵੀ ਖੁਰਲੀ ਵਿੱਚ ਸੁੱਤਾ ਪਿਆ ਸੀ। ਕਾਵਾਂ-ਰੌਲ਼ੀ ਸੁਣ ਕੇ ਖੜਾ ਹੋਇਆ ਤੇ ਕੁੜਤੇ ਤੋਂ ਤੂੜੀ ਦੇ ਕਣ ਝਾੜੇ ਤਾਂ ਕੀੜਿਆਂ ਦੇ ਲੱਗੇ ਭੌਣ ਵੱਲ ਵੇਖਿਆ, ਜੋ ਵੱਢੀ ਹੋਈ ਕਿੱਕਰ ਦੀਆਂ ਜੜ੍ਹਾਂ ਵਿੱਚ ਸੀ। ਕੀੜਿਆਂ ਦੀਆਂ ਦੋ ਤਿੰਨ ਲੰਬੀਆਂ ਕਤਾਰਾਂ ਸੀ, ਜਿਨ੍ਹਾਂ ਦੇ ਮੂੰਹਾਂ ਵਿੱਚ ਇੱਕ-ਇੱਕ ਕਣਕ ਦਾ ਦਾਣਾ ਸੀ।

ਕੀੜਿਆਂ ਦੀ ਇਸ ਕਤਾਰ ਪਿੱਛੇ ਉਹ ਨੀਵੀਂ ਪਾ ਕੇ ਤੁਰਦਾ ਹੋਇਆ ਬਲੌਰੇ ਦੀ ਸੁਆਤ ਵਿੱਚ ਵੜ੍ਹ ਕੇ, ਕਿੰਨਾ ਚਿਰ ਚਾਰ-ਚੁਫੇਰੇ ਕੰਧਾਂ ਵੱਲ ਕਾਣ-ਬੀਣਾ ਹੋ ਕੇ ਵੇਖਦਾ ਰਿਹਾ ਤੇ ਫਿਰ ਖੂੰਜ ਵਿੱਚ ਅੱਧੀ ਖ਼ਾਲੀ ਕੀਤੀ ਬੋਗੀ ਤੇ ਪਏ ਕੂੱਜੇ ਨੂੰ ਚੱਕ ਕੇ, ਕੱਛ ਵਿੱਚ ਅੜਾ ਲਿਆ ਤੇ ਦੂਜੇ ਹੱਥ ਨਾਲ਼ ਤਖਤੇ ਦੀ ਚੂਲ ਕੋਲ਼ ਪਿਆ ਸੰਗਲ ਚੱਕ ਕੇ ਬਾਹਰ ਆ ਗਿਆ। ਇਸ ਸੰਗਲ ਨੂੰ ਸਾੜ ਕੇ ਸੁਆਹ ਕਰਨ ਲਈ ਵਿਹੜੇ ਵਿੱਚ ਡੂੰਘਾ ਟੋਆ ਪੱਟ ਕੇ ਪਾਈ ਕੱਲ੍ਹ ਦੀ ਧੁਖਦੀ ਧੂਣੀ ਵਿੱਚ ਲਿਆ ਕੇ ਸੁੱਟ ਦਿੱਤਾ, ਤੇ ਸੱਜੇ ਹੱਥ ਦੀ ਫੂਕਣੀ ਬਣਾ ਕੇ, ਫੂਕ ਮਾਰਨ ਲਈ ਬੁੱਲ੍ਹਾਂ ਨਾਲ਼ ਲਗਾ ਕੇ, ਸਾਹ ਹੀ ਅੰਦਰ ਖਿੱਚਿਆ ਸੀ ਕਿ ਧੂਣੀ ਦਾ ਭਾਂਬੜ ਮੱਚ ਗਿਆ। ਉਹਨੇ ਕੂੱਜੇ ਵੱਲ ਵੇਖਿਆ ਤਾਂ ਜਿਵੇਂ ਉਹਦੀ ਹੂੰਗਰ ਸੁਣਾਈ ਦਿੱਤੀ, 'ਲੱਗਦੈ ਹੁਣ ਰੱਬ ਦੀਆਂ ਗਿੱਚੀ ਤੋਂ ਮਿੱਟੀ ਝਾੜਣੀ ਹੀ ਪੈਣੀ ਐ'

ਉਹ ਧੌਣ ਉੱਚੀ ਕਰਕੇ, ਧੂਣੀ ਦੇ ਚਿੱਟੇ ਧੂੰਏਂ ਵਿੱਚ ਦੀ ਬਚਨ ਕੇ ਕੋਠੇ 'ਤੇ ਬਣਾਏ ਬਾਜ ਵੱਲ ਘੂਰੀ ਵੱਟ ਕੇ, ਪੂਰੇ ਹਰਖ ਨਾਲ਼ ਵੇਖਣ ਲੱਗ ਪਿਆ। ਉਹਦੀਆਂ ਅੱਖਾਂ ਦੇ ਚਿੱਟੇ ਆਕਾਸ਼ ਵਿੱਚ ਪਹੁ ਫੁਟਾਲੇ ਤੋਂ ਪਹਿਲਾਂ ਵਾਲ਼ੀ ਰੱਤੀ ਭਾਅ ਠਾਠਾਂ ਮਾਰਨ ਲੱਗ ਪਈ, ਜੋ ਬਿੰਦ ਦੀ ਬਿੰਦ ਘੁਲ-ਘੁਲ ਕੇ ਗਾੜ੍ਹੀ ਹੋਈ ਜਾਂਦੀ ਸੀ।

ਇੰਨੇ ਉਹਨੂੰ ਹਨੇਰੀ ਨਾਲ਼, ਬਾਰਲੇ ਬੂਹੇ ਨੂੰ ਲਾਈ ਹੋਈ, ਪੱਟੀ ਚੀਪਟ ਦੇ ਹੱਥ ਭਰ ਬਣੇ ਮੋਘਰੇ ਵਿੱਚੋਂ ਦੀ, ਗਲ਼ੀ ਵਿੱਚ ਤੁਰੇ ਆਉਂਦੇ ਧੱਤੂ ਦੇ ਪੈਰਾਂ ਵਿੱਚ ਪਾਈਆਂ ਚੱਪਲਾਂ ਦੀ 'ਖੜੈਂ ਖੜੈਂ' ਸੁਣਾਈ ਦੇਣ ਲੱਗੀ।

ਸਕੂਲ ਨੂੰ ਜਾਂਦੇ ਧੱਤੂ ਦੇ ਪੈਰ ਆਪ-ਮੁਹਾਰੇ ਹੀ ਬਲੌਰੇ ਕੇ ਘਰ ਵੱਲ ਮੁੜ ਪਏ ਸੀ ਤੇ ਉਹ ਹੱਥ ਵਿੱਚ ਫੜ੍ਹੀ, ਫੱਟੀ ਗਾਚੀ ਨਾਲ਼ ਪੋਚੀ ਫੱਟੀ ਨੂੰ, ਪੂਰੀ ਸ਼ਾਹ ਨਾਲ਼ ਹਿਲੋਰੇ ਮਾਰ-ਮਾਰ ਕੇ, ਹਵਾ ਨਾਲ਼ ਸੁਕਾਉਂਦਾ ਹੋਇਆ, ਬੂਹੇ ਅੱਗੇ ਆ ਖੜੋਤਾ। ਅੰਦਰ ਆਉਣ ਦੀ ਬਜਾਏ ਉਹਨੇ ਧੌਣ ਟੇਢੀ ਕਰਕੇ, ਵਿਰਲਾਂ ਵਿੱਚੋਂ ਵੇਖਿਆ, ਅੰਦਰ ਅਜੈਬ ਪਥੱਲਾ ਮਾਰ ਕੇ ਬੈਠਾ ਹੋਇਆ ਟਾਹਲੀ ਨਾਲ਼ ਗੱਲਾਂ ਕਰੀ ਜਾਂਦਾ ਸੀ। ਧੱਤੂ ਜਦੋਂ ਪੁੱਠਾ ਮੁੜਣ ਲੱਗਿਆ ਤਾਂ ਪਿੱਛੋਂ ਕਿਸੇ ਨੇ ਰੋੜੀ ਮਾਰੀ ਹੁੰਦੀ ਹੈ, ਇਹ ਸਮਝ ਕੇ ਰੁਕ ਗਿਆ ਤੇ ਨਿੱਕਰ ਨੂੰ ਲੱਕ 'ਤੇ ਚਾੜ੍ਹਦੇ ਹੋਇਆਂ ਝਾਕਿਆ ਤਾਂ ਇਕ ਠਿਆਨੀ ਥੱਲੇ ਪਈ ਚਿਲਕਾਰੇ ਮਾਰੀ ਜਾਂਦੀ ਦਿਸ ਗਈ।

ਧੱਤੂ ਨੇ ਰੇਤੇ ਸਣੇ ਈ ਮੁੱਠੀ ਭਰ ਕੇ ਠਿਆਨੀ ਚੱਕ ਲਈ ਤਾਂ ਇਉਂ ਲੱਗਿਆ ਜਿਵੇਂ ਰੇਤਾ ਵੀ ਹੱਥ ਦੀਆਂ ਲਕੀਰਾਂ ਵਿੱਚ ਰੜਕਿਆ। ਉਹਨੇ ਮੁੱਠੀ ਜ਼ੋਰ ਨਾਲ਼ ਘੁੱਟੀ ਤਾਂ ਕੱਲਾ ਰੇਤਾ ਉਂਗਲਾਂ ਦੀਆਂ ਵਿਰਲਾਂ ਵਿੱਚੋਂ ਦੀ ਭੂਰ-ਭੂਰ ਕੇ ਨਿਕਲ਼ ਗਿਆ ਤੇ ਬਸ ਇਕੱਠੀ ਠਿਆਨੀ ਹੀ ਰਹਿ ਗਈ। ਜੀਹਨੂੰ ਝੱਗੇ ਦੀ ਉਤਲੀ ਜੇਬ ਵਿੱਚ ਪਾ ਲਿਆ। ਤੇ ਅੱਧ-ਸੁੱਕੀ ਫੱਟੀ ਨੂੰ ਉੱਤੇ ਚੱਕ ਵੇਖਿਆ, ਜੀਹਦੇ ਤੋਂ ਉਹਨੇ ਚੀਚੀ ਦੇ ਨਹੁੰ ਨਾਲ਼ ਲਕੀਰਾਂ ਮਾਰ ਕੇ, ਆਪਣੇ ਚਾਚੇ ਬਲੌਰੇ ਦੀ ਮੂਰਤ ਬਣਾਈ ਸੀ। ਇਸ ਵੱਲ ਵੇਖ ਕੇ ਉਹ ਬਲੌਰੇ ਦੀ ਰੀਸ ਕਰਕੇ, ਹਿੱਕ ਚੌੜ੍ਹੀ ਕਰ ਤੁਰਦਾ ਹੋਇਆ ਸਕੂਲ ਵੱਲ ਆ ਗਿਆ।

ਉਹਦੀ ਤੋਰ ਵਿੱਚ ਬਲੌਰੇ ਦਾ ਭਖਾ ਵੇਖ ਕੇ ਕੋਈ ਰੁੱਤ ਨਸ਼ਿਆ ਗਈ।

ਜਦੋਂ ਅੰਗਰੇਜ ਘਰ ਦੇ ਸਾਰੇ ਕੰਮ ਧੰਦੇ ਨਬੇੜ ਕੇ, ਹਨੇਰੀ ਦੇ ਖੇਤ ਕੀਤੇ ਹੋਏ ਉਜਾੜ ਦੀ ਨਿਰਖ ਕਰਨ ਲਈ ਬਾਹਰ ਆਇਆ ਤਾਂ ਗਹੀਰਿਆਂ ਕੋਲ਼ ਦੀ ਕਾਰਡ ਵੰਡਦਾ ਹੋਇਆ ਪੀਰੂ ਟੱਕਰ ਪਿਆ। ਭੁੱਕੀ ਤੇ ਚਾਹ ਦੀ ਲੱਗੀ ਤਲਬ ਉਹਦੇ ਹੱਡਾਂ ਦੇ ਜੋੜਾਂ ਨੂੰ ਖੋਲਾ ਕਰਦੀ ਪਈ ਸੀ। ਉਹਨੂੰ ਹੱਥੀ ਕਾਰਡ ਫੜ੍ਹਾ ਕੇ ਪੀਰੂ ਨੇ ਆਖਿਆ, 'ਬਈ ਸਾਰੇ ਟੱਬਰ ਨੂੰ ਕਿਐ ਆਉਣ ਲਈ ਬਲੌਰ ਸਿਆਂ ਨੇ, ਤੇ ਰੋਟੀ-ਟੁੱਕ ਵੀ ਅੱਜ ਤੋਂ ਉਨ੍ਹਾਂ ਦੇ ਘਰੋਂ ਈ ਆਊ...'

'ਹਏਂ..' ਅੰਗਰੇਜ ਦੇ ਪੈਰ ਧਰਤੀ ਧੱਸ ਗਏ ਤੇ ਉਹਨੇ ਕਾਅਲੀ ਨਾਲ਼ ਕਾਰਡ ਖੋਲ੍ਹ ਕੇ ਪੜ੍ਹਿਆ ਤੇ ਫੇਰ ਟੋਟੇ-ਟੋਟੇ ਕਰਕੇ ਇੰਨੀ ਏਨੀ ਜ਼ੋਰ ਨਾਲ਼ ਉਹਦੇ ਮੂੰਹ 'ਤੇ ਮਾਰੇ ਕਿ ਪੀਰੂ ਦੇ ਪੀੜ ਹੋਈ, 'ਮੰਵੀਂ ਆਖਾਂ ਏਨੂੰ ਕੀਹਨੇ ਢੋਲੇ ਦੇ ਤੇ...'

ਤੇ ਉਹਦੀ ਕਰੀ ਏਸ ਕੁੱਤੇ-ਖਾਣੀ ਕਰਕੇ ਪੀਰੂ ਤੁਰੇ ਜਾਂਦੇ ਦੀ ਪਿੱਠ ਵੱਲ ਕਚਿਆਈ ਨਾਲ਼, ਹੇਠਲਾ ਬੁੱਲ੍ਹ ਦੰਦਾਂ ਨਾਲ਼ ਦੱਬ ਕੇ, ਉਨਾ ਚਿਰ ਵੇਖੀ ਗਿਆ, ਜਿੰਨਾ ਚਿਰ ਉਹਨੇ ਬਲੌਰੇ ਕੇ ਘਰ ਨੂੰ ਜਾਂਦੀ ਗਲ਼ੀ ਮੁੜਦੇ ਹੋਇਆਂ, ਪਿੱਛੇ ਭਉਂ ਕੇ ਵੱਲ ਕੌੜ੍ਹਾ ਨਹੀਂ ਸੀ ਵੇਖਿਆ। ਫੇਰ ਸਾਇਕਲ ਦੇ ਪੁਰਾਣੇ ਟਾਇਰ ਨੂੰ ਡੰਡੇ ਨਾਲ਼ ਭਜਾ ਕੇ ਕੋਲ਼ ਦੀ ਲੰਘਦੇ ਨਿਆਣੇ ਨੂੰ ਹੱਥ ਕਰਕੇ ਰੋਕ ਲਿਆ, 'ਓਏ ਸ਼ੇਰਾ ਕੇਰਾਂ ਸ਼ੇਰ-ਬੱਗਾ ਬਣ ਕੇ ਇਹਦੇ ਚਾਰ ਅੱਖਰ ਤਾਂ ਠਾਈਂ...'

ਟਾਇਰ ਨੂੰ ਨਿਆਣੇ ਨੇ ਲੱਕ ਦੀ ਓਟ ਨਾਲ਼ ਟੇਢਾ ਕਰਕੇ ਲਾ ਲਿਆ ਤੇ ਡੰਡੇ ਨੂੰ ਨਿੱਕਰ ਦੇ ਨੇਫੇ ਵਿੱਚ ਤੁੰਨ ਕੇ, ਸੱਜੇ ਗੁੱਟ ਨਾਲ਼ ਨੱਕ ਪੂੰਜ ਕੇ, ਹੌਲ਼ੀ ਹੌਲ਼ੀ ਅੱਖਰ ਜੋੜ-ਜੋੜ ਕੇ ਕਾਰਡ ਦੀ ਪਹਿਲੀ ਸਤਰ ਪੜ੍ਹੀ, ਤਾਂ ਪੀਰੂ ਦੇ ਅਸਾਉਣ ਦੀ ਮਾਰੇ ਗਏ। ਇਹਦੇ ਵਿੱਚ ਤਾਂ ਭੋਗ ਦਾ ਸੱਦਾ ਸੀ। ਉਹਨੇ ਤੱਤੇ ਘਾਹ ਈ ਕਿਹਾ, 'ਨਈਂ ਓ ਰੀਸਾਂ ਬਈ ਬਲੌਰ ਸਿਆਂ, ਤੇਰੀ ਰੀਸ ਤਾਂ ਰੱਬ ਕੋਲ਼ੋਂ ਵੀ ਨਹੀਂ ਹੋਣੀ, ਕਿਆ ਕੱਬਾ ਕੌਤਕ ਰਚਿਆ ਤੇਰੀ ਲੀਲਾ ਤੂੰਹੀ ਜਾਣੇ' ਫੇਰ ਕਿੰਨਾ ਚਿਰ ਕਿਸੇ ਮਸਤੀ ਬੋਤੇ ਵਾਂਗ ਧੌਣ ਹਿਲਾਈ ਗਿਆ।

ਚਾਦਰੇ ਦੇ ਦੋਵੇਂ ਲੜ ਚੱਕ ਕੇ ਅੰਗਰੇਜ ਨੇ ਢਾਕਾਂ 'ਤੇ ਧਰ ਲਏ ਤੇ ਬੂਹੇ ਵਿੱਚ ਖੜ੍ਹ ਕੇ ਲੰਬੀ ਧੌਣ ਕਰਕੇ ਵਿਹੜੇ ਵਿੱਚ ਲੱਗੀਆਂ ਟਾਹਲੀਆਂ ਵੇਖ ਕੇ ਇਕੇਰਾਂ ਤਾਂ ਭਮੰਤਰ ਗਿਆ। ਕਿੰਨਾ ਚਿਰ ਚੌਂਧੀ ਲੱਗੇ ਜਵਾਕ ਵਾਂਗ ਇੰਨ੍ਹਾ ਟੋਇਆਂ ਵੱਲ ਵੇਖੀ ਗਿਆ, ਜਿੰਨ੍ਹਾਂ ਵਿੱਚ ਦਾਣੇ ਖਿੱਲਰੇ ਪਏ ਸੀ। ਘਰ ਕੋਈ ਜਾਣਾ ਵੀ ਨਹੀਂ ਸੀ ਦਿਸ ਰਿਹਾ। ਹਨੇਰੀ ਨੇ ਛੱਪਰੀ ਦੀ ਕਾਨਿਆਂ ਨਾਲ਼ ਉਣੀ ਛੱਤ ਪੱਟ ਕੇ ਦੂਰ ਸੁੱਟ ਦਿੱਤੀ, ਬੱਸ ਚਾਰ ਤਲੈਬੜ ਗੱਡੇ ਰਹਿ ਗਏ। ਦਾਣਿਆਂ ਵੱਲ ਵੇਖ ਕੇ, ਭੁਲੇਖਾ ਪਿਆ ਜਿਵੇਂ ਇਨ੍ਹਾਂ ਦੇ ਘਰ ਵਿੱਚ ਦਾਣਿਆਂ ਦਾ ਮੀਂਹ ਪਿਆ ਹੋਵੇ।

ਫੇਰ ਥੋੜ੍ਹੇ ਜਿਹੇ ਹੇਠਾਂ ਨਿਵੇਂ ਮੋਢਿਆਂ ਨੂੰ ਰੋਅਬ ਪਾਉਣ ਲਈ ਤਣ ਲਿਆ, 'ਓਏ ਬਲੌਰੀ, ਓਹੇ ਬੋਲਿਆ ਕਿੱਧਰ ਰਿਛਕ ਗਿਐ ?' ਹਾਕ ਮਾਰੀ ਪਰ ਅੱਗੋਂ ਕੋਈ ਵੀ ਸੁਰ-ਜਵਾਬ ਨਾ ਮਿਲਿਆ ਵੇਖ ਕੇ, ਚੇੜ੍ਹ ਮੰਨ ਗਿਆ। ਫੇਰ ਅੱਗੇ ਨਾਲ਼ੋ ਹੋਰ ਉਚੀ ਹਾਕ ਮਾਰਦਾ ਹੋਇਆ, ਅੱਗੇ ਈ ਤੁਰਿਆ ਗਿਆ ਤੇ ਸੁਆਤ ਦੀ ਚੁਗਾਠ ਕੋਲ਼ ਜਾ ਖੜਿਆ। ਮੰਜੇ ਦੇ ਪਾਵਿਆਂ 'ਤੇ ਇੱਕ-ਇੱਕ ਠਿਆਨੀ ਰੱਖੀ ਪਈ ਸੀ। ਮੰਜੇ 'ਤੇ ਖਿੱਲਰੇ ਦਾਣਿਆਂ ਨੂੰ ਗੋਲੇ ਕਬੂਤਰ ਚੁਗਦੇ ਪਏ ਸੀ। ਵਿਹੜੇ ਵਿੱਚ ਜਨੌਰਾਂ ਦਾ ਇੱਜੜ ਬੈਠਾ ਚੋਗਾ ਚੁਗਦਾ ਰਿਹਾ, ਜੋ ਉਹਦੇ ਪੈਰਾਂ ਦੀ ਧਮਕਾਰ ਸੁਣ ਕੇ ਵੀ ਨਹੀਂ ਸੀ ਉੱਡਿਆ। ਇੰਨੇ ਜਨੌਰ ਉਹਨੇ ਕਦੇ ਵੀ ਜਿਉਂ ਜੰਮਿਆਂ ਸੀ ਇਕੱਠੇ ਨਹੀਂ ਸੀ ਵੇਖੇ। ਟਰੰਕ ਨਾਲ਼ ਖੜੀ ਕੀਤੀ ਬਲੌਰੇ ਦੀ ਫੋਟੋ, ਜੋ ਜੰਗਲੇ ਵਿੱਚ ਪਏ ਕੁੱਜੇ ਵੱਲ ਵੇਖੀ ਜਾਂਦੀ ਸੀ, ਜੀਹਦੇ ਨਾਲ਼ ਉਹਦੀ ਅੱਖ ਰਲਾ ਲੈਣ ਦੀ ਵੀ ਹਿੰਮਤ ਨਹੀਂ ਸੀਂ ਪਈ।

ਪਰ ਫਿਰ ਵੀ ਕਾਣੀ ਜਿਹੀ ਅੱਖ ਮਿਲਾ ਕੇ ਗੁੱਸੇ ਦਾ ਅਜਿਹਾ ਗੁਬਾਰ ਚੜ੍ਹ ਗਿਆ, ਇਉਂ ਤਾਂ ਕਦੇ ਉਹਨੇ ਆਪਣੇ ਵੱਲ ਕਿਸੇ ਨਗੌਰੀ ਨੂੰ ਵੀ ਨਹੀਂ ਸੀ ਵੇਖਣ ਦਿੱਤਾ, ਪਰ ਉਹ ਦੀਆਂ ਮੁੱਛਾਂ ਦੇ ਕੁੰਢਲ ਵੇਖ ਕੇ ਦਿਲ ਵਿੱਚ ਹੈਕੜੀਂ ਭੰਨ੍ਹੀ, 'ਸਾਲੇ ਦੀ ਧੌਣ ਦਾ ਕਿੱਲਾ ਨਈਂ ਗਿਆ ਥੂ..!' ਇੱਥੇ ਅੱਖਾਂ ਦੇ ਦੋ ਹੋਰ ਝੱਪਕੇ ਵੀ ਨਹੀਂ ਖੜਿਆ ਗਿਆ।

ਉਹ ਘਰ ਨੂੰ ਆਉਣ ਲਈ ਪੈਰਾਂ ਤੇ ਪਿੱਛੇ ਨੂੰ ਮੁੜਿਆ ਹੀ ਸੀ ਕਿ ਅਜੈਬ ਅੱਗੋਂ ਅੱਗਾ ਵਲ ਕੇ ਖੜ੍ਹ ਗਿਆ। ਅੱਖਾਂ ਵਿੱਚ ਕਸੂਤਾ ਵੇਖਿਆ ਤਾਂ ਉਹਦੇ ਸਾਹ

ਵੀ, ਡਰ ਦੀ ਔੜ ਨਾਲ਼ ਸੋਕੇ ਗਏ। ਤੇ ਫੇਰ ਅਜੈਬ ਨੇ ਉਸਦੇ ਥੁੱਕ ਨੂੰ ਚੂੰਡੀ ਨਾਲ਼ ਚੱਕ ਕੇ ਉਹਦੀ ਸੱਜੇ ਹੱਥ ਦੀ ਤਲੀ ਤੇ ਧਰ ਕੇ ਮੁੱਠੀ ਬੰਦ ਕਰ ਦਿੱਤੀ, 'ਹੂੰਅ! ਆ ਲੈਜਾ..'

'ਤੇ ਦੂਜੇ ਪਾਸੇ ਬਲੌਰਾ ਅਜੇ ਵੀ ਖੇਤ ਵਿੱਚ ਪੱਬਾਂ ਭਾਰ ਓਸੇ ਹੀ ਤਾੜੇ ਵਿੱਚ ਖੜੋਤਾ ਸੀ। ਪਿੰਜਣੀ ਦੇ ਫੱਟ ਵਿੱਚੋਂ ਲਹੂ ਸਿੰਮ ਕੇ ਜੰਮ ਗਿਆ, ਪਰ ਫੇਰ ਵੀ ਜੁੱਤੀ ਵਿੱਚ ਤੈਸ਼ ਨਾਲ਼ ਲਹੂ ਦੀ ਪੂਰੀ ਚਰਗਲ ਵੱਜੀ ਪਈ ਸੀ। ਨਰੋਈ ਲੱਤ ਲਹੂ ਖੜਣ ਕਰਕੇ ਭੂਕ ਕਾਲ਼ੀ ਹੋ ਕੇ ਵਾਲ਼ਾਂ ਨਾਲ਼ ਮੇਲ ਖਾਣ ਲੱਗ ਪਈ। ਉਹ ਅਜੇ ਅਕਾਸ਼ ਦੀ ਗਾਚੀ ਨੂੰ ਉਸੇ ਥਾਉਂ ਘੂਰਦਾ ਪਿਆ ਸੀ, ਜਿੱਥੋਂ ਨੇ ਆਖ਼ਰੀ ਵਾਰ ਲਿਸ਼ਕ ਕੇ ਪੂਰੀ ਬੜ੍ਹਕ ਮਾਰੀ ਸੀ। ਉਹਦੀ ਅੱਖ ਵਿੱਚ ਆਟੇ ਦੀ ਤੌਣ ਵਾਂਗ ਬਿੰਦ-ਦੀ ਬਿੰਦ ਚੀੜ੍ਹੀ ਹੁੰਦੀ ਲਾਲੀ ਵੀ ਜਿਵੇਂ ਅਕਾਸ਼ ਦੀ ਸੰਘੀ ਨੂੰ ਚੜਣ ਲੱਗ ਪਈ।

ਇਸ ਲਾਲੀ ਵਿੱਚੋਂ ਹੀ ਸੂਰਜ ਦਾ ਭਖਾ, ਹੌਲ਼ੀ-ਹੌਲ਼ੀ ਬੱਦਲਾਂ ਦੀ ਹਿੱਕ ਪਾੜ ਕੇ ਹੱਥੀਂ ਲਾਈ ਟਾਹਲੀ ਦੀਆਂ ਕਰੂੰਬਲਾਂ ਦੇ ਵਿੱਚੋਂ ਦੀ ਉੱਚਾ ਹੋਣ ਲੱਗ ਪਿਆ। ਉਹਨੂੰ ਆਪਣੀ ਹਿੱਕ ਦੇ ਵਾਲ਼ ਵੇਖ ਕੇ ਇਉਂ ਜਾਪਿਆ, ਜਿਵੇਂ ਉਹਨੇ ਢਿੱਡ ਦੀ ਪੀੜ੍ਹ ਠੱਲ੍ਹਣ ਲਈ ਹੁਣ ਤੱਕ ਟਾਹਲੀ ਦੀਆਂ ਜੋ ਜੜ੍ਹਾਂ ਉਬਾਲ ਕੇ ਪੀਤੀਆਂ ਸੀ, ਉਹ ਉੱਗਰ ਪਈਆਂ ਹੋਣ। ਉਹਨੇ ਚਾਅ ਨਾਲ਼ ਬੜਕ ਮਾਰ ਕੇ, ਗੱਲ ਰੜਕਾਈ, 'ਏਥੋਂ ਤਾਂ ਥੁੱਕ-ਮੁੱਠੀਆਂ ਹੋ ਭੱਜ ਗਿਐਂ, ਮੈਦਾਨ ਰੜਾ ਕਰਕੇ, ਪਰ ਸੁੱਕਾ ਜੀ ਜਾਣ ਦੇਣਾ, ਜਿੰਨ੍ਹਾਂ ਵਿੱਚ ਦੀ ਵੜ ਕੇ ਤੂੰ ਭੂਸਰਿਆਂ ਫਿਰਦੈ ਨਾ, ਸਾਡੇ ਢਿੱਡ ਨਾਲ਼ ਢੁੱਡ ਲਾਉਨਾ, ਹੁਣ ਉਨ੍ਹਾਂ ਦੀ ਗਿੱਚੀ ਤੋਂ ਤੇਰੀ ਭਾਣ ਵੱਟੂ..!'

ਤੇ ਲੱਤ ਨਾਲ਼ ਘੁੱਟ ਕੇ ਬੰਨ੍ਹੇ ਡੱਬੀਦਾਰ ਸਾਫ਼ੇ ਨੂੰ ਖੋਲ੍ਹ ਕੇ, ਸਿਰ ਤੇ ਲੜ ਛੱਡ ਕੇ ਬੰਨ੍ਹ ਲਿਆ, ਤਾਂ ਲੱਤ ਵਿੱਚ ਫਿਰ ਜਾਨ ਪੈਣ ਲੱਗ ਪਈ, ਜੀਹਦੇ ਪੈਰ ਦੀ ਪੱਬੀ ਥੱਲੇ ਸੱਪ ਦੀ ਵੱਢੀ ਸਿਰੀ ਨੱਪੀ ਹੋਈ ਸੀ। ਫੇਰ ਕਾਪੇ ਵਾਲ਼ੇ ਹੱਥ ਵਿੱਚ ਲਾਲਟੈਣ ਫੜ੍ਹ ਕੇ, ਪੱਕੇ ਦੁੱਧ ਪਈ ਕਣਕ ਦੀਆਂ ਬੱਲੀਆਂ ਦੇ ਕਸੀਰਾਂ ਨੂੰ ਪਲੋਸਦਾ ਹੋਇਆ ਕਦੇ-ਕਦੇ ਮੁੱਛ ਨੂੰ ਤਾਅ ਦਿੰਦਾ, ਪਿੰਡ ਵਾਲ਼ੇ ਰਾਹ ਪੈ ਗਿਆ..!

2 ਜੂਨ 2007

*** *** ***



www.PunjabiLibrary.com



ਗੁਰਪ੍ਰੀਤ ਸਹਿਜੀ

ਪ੍ਰੋਫ਼ੈਸਰ ਪੂਰਨ ਸਿੰਘ ਨੇ ਕਦੇ ਪੰਜਾਬੀਆਂ ਬਾਰੇ ਲਿਖਿਆ ਸੀ।

'ਇਹ ਟੈਂ ਨਾ ਮੰਨਣ ਕਿਸੇ ਦੀ, ਮਖ਼ੌਲਾਂ ਕਰਨ ਮੌਤ ਨੂੰ।'

ਅਸਲ ਵਿੱਚ ਬਲੌਰੇ ਜਿਹੇ ਪਾਤਰਾਂ ਬਾਰੇ ਹੀ ਕਿਹਾ ਹੋ ਸਕਦਾ ਹੈ।

ਜੋ ਅੰਗਿਆਰਾਂ ਵਾਂਗ ਦਘਦਾ ਹੈ। ਇਸ ਨਾਵਲ ਰਾਹੀਂ ਬਲੌਰੇ ਨੂੰ ਮਿਲਣਾ, ਕਿਸੇ ਰੂਹਾਨੀ ਰਿਵਾਇਤ ਨੂੰ ਮਿਲਣਾ ਹੈ; ਜਿੱਥੇ 'ਸੰਮਸ਼ ਤਬਰੇਜ਼' ਆਪਣੇ ਹੱਥਾਂ ਨਾਲ਼ ਪੁੱਠੀ ਖੱਲ ਉਤਾਰ ਲੈਂਦਾ ਹੈ ਅਤੇ ਮਾਸ ਦੀ ਬੋਟੀ ਭੁੰਨਣ ਲਈ ਸੂਰਜ ਨੂੰ ਥੱਲੇ ਖਿੱਚ ਲੈਂਦਾ ਹੈ।ਅਜਿਹਾ ਹੀ ਹੈ ਸਹਿਜੀ ਦਾ ਬਲੌਰਾ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਨਾਵਲ਼ ਵਿੱਚ ਬਲੌਰੇ ਦੀ ਕਿਰਦਾਰਕਸ਼ੀ, ਰਿਵਾਇਤੀ ਨਹੀਂ ਹੈ।ਉਸਦੇ ਸੁਭਾਅ, ਖਲਸਤਾਂ, ਸੋਚਾਂ ਅਤੇ ਵਰਤਾਰੇ ਨੂੰ ਕਿਸੇ ਰਿਵਾਇਤੀ ਕਾਵਿ-ਸ਼ਾਸ਼ਤ੍ਰ ਵਿੱਚ ਪਰਿਭਾਸ਼ਿਤ ਕਰਨਾ ਮੁਸ਼ਕਿਲ ਹੈ।

— ਉਹ ਆਪਣੀ ਕਿਸਮਤ ਦਾ ਫੈਸਲਾ ਖ਼ੁਦ ਲਿਖਦਾ ਹੈ।

— ਉਹ ਦੀਆਂ ਨਾੜਾਂ ਵਿੱਚ ਲਹੂ ਦੀ ਥਾਂ ਗੁੱਸਾ, ਅਕ੍ਰੋਸ਼ ਅਤੇ ਰੱਬ ਨਾਲ ਆਢ੍ਹਾ ਲੈਣ ਦਾ ਜੇਰਾ ਦੌੜਦਾ ਹੈ।

— ਉਹ ਰੱਬ ਨੂੰ ਸਿੱਧਾ ਟੱਕਰਦਾ ਹੈ।ਤੇਰੀ ਔਕਾਤ ਕੀ ਐ ਓਏ ਮੇਰੀ ਇੱਛਾ ਪੂਰੀ ਕਰਨ ਦੀ।

— ਉਹ ਜਾਣਦਾ ਹੈ, ਰੱਬ ਮਿਹਨਤੀਆਂ ਦੇ ਹੱਥਾਂ ਤੇ ਪਏ ਅੱਟਣ ਨਹੀਂ ਦੇਖ ਸਕਦਾ।

— ਕੁਦਰਤ ਦੀ ਮਿੱਥ ਨੂੰ ਤੋੜਦਾ, ਆਪਣੀ ਹੋਣੀ ਦੀ ਥਾਂ ਅਤੇ ਸਮਾਂ ਖ਼ੁਦ ਚੁਣਦਾ ਹੈ।

— ਉਹਨੂੰ ਅਜਿਹਾ ਸਵਰਗ ਸਤਿਕਾਰ ਨਹੀਂ ਜੋ ਰੱਬ ਦੇ ਪੈਰਾਂ ਵਿੱਚ ਬੈਠ ਕੇ ਮਿਲੇ।

— ਉਹ ਭੈਣ ਦੇ ਪ੍ਰੇਮੀ ਨੂੰ ਸਿੱਧਾ ਪੁੱਛਦਾ ਹੈ।ਹੈ ਹਿੰਮਤ ਫੇਰੇ ਲੈਣ ਦੀ ?

ਅਜਿਹਾ ਹੈ ਗੁਰਪ੍ਰੀਤ ਸਹਿਜੀ ਦਾ ਬਲੌਰਾ, ਜੋ ਰੱਬ ਨਾਲ਼ ਸੰਵਾਦ ਰਚਾਉਂਣ ਲਈ ਦੂਰ ਨਹੀਂ ਜਾਂਦਾ। ਕੁੱਜੇ ਨਾਲ਼ ਸਾਖਸ਼ਾਤ ਮਿਹਣੇ ਭਿੜਦਾ ਇੱਕ ਵੱਖਰੀ ਤਰ੍ਹਾਂ ਦੀ ਮਿੱਥ ਸਿਰਜ ਕੇ ਨਾਵਲ਼-ਨਿਗਾਰੀ ਵਿੱਚ ਨਾਇਕ ਦੀ ਪਰਿਭਾਸ਼ਾ ਹੀ ਬਦਲ ਦਿੰਦਾ ਹੈ।

ਇੱਥੇ ਹੀ ਬਸ ਨਹੀਂ ਹੈ। ਬਲੌਰੇ ਦੀ ਭੈਣ ਦੀਸਾਂ ਦੀ ਜਵਾਨੀ ਅਤੇ ਦਲ਼ੇਰੀ ਪਾਠਕ ਮਨ ਅੰਦਰ ਵਾਢ ਪਾਉਂਦੀ ਚਲੀ ਜਾਂਦੀ ਹੈ, ਜਦੋਂ ਉਹ ਭਰਾ ਨੂੰ ਜਵਾਨੀ ਦੇ ਕਰਾਮਾਤੀ ਤਲਿੱਸਮ ਬਾਰੇ ਦੱਸਦੀ ਨਿਸੰਗ ਆਖਦੀ ਹੈ।

'ਜਵਾਨੀ ਕਾਹਦੀ ਜਵਾਨੀ ਐ ਵੀਰੇ! ਜੇ ਬੰਦਾ ਟਟਿਆਹਣੇ ਨਾਲ਼ ਭਾਂਬੜ ਨਾ ਬਾਲ਼ ਦੇਵੇ।'

ਇੰਜ ਗੁਰਪ੍ਰੀਤ ਸਹਿਜੀ ਦਾ ਇਹ ਨਾਵਲ ਕਿਸੇ ਵੀ ਪੱਖੋਂ ਰਿਵਾਇਤੀ ਨਹੀਂ।

-ਕਿਰਪਾਲ ਕਜ਼ਾਕ (ਪ੍ਰੋ.)

www.PunjabiLibrary.com